੧ ੴ ਸਤਿਗੁਰਪ੍ਰਸਾਦਿ ॥

ਗੁਰਦਵਾਰਾ ਕਾਨੂੰਨ

ਅਰਥਾਤ, ਐਕਟ ਨੰ: ੮ ਸੰ: ੧੯੨੫

ਜਿਸਨੂੰ

ਪ੍ਰੋਵਿਨਸ਼ਲ ਸਿੱਖ ਸੁਧਾਰ ਕਮੇਟੀ

ਸ੍ਰੀ ਅੰਮ੍ਰਿਤਸਰ ਨੇ

ਖਾਲਸਾ ਪੰਥ ਦੇ ਲਾਭ ਲਈ

ਪ੍ਰਕਾਸ਼ਤ ਕੀਤਾ

ਅਕਤੂਬਰ ੧੯੨੫

ਕਾਪੀ ੧੦੦੦੦ ਭੇਟਾ ਮੁਫ਼ਤ

"ਯੂਨੀਅਨ ਪ੍ਰੈਸ" ਸ੍ਰੀ ਅੰਮ੍ਰਿਤਸਰ ਜੀ ਵਿਚ
ਮਿ: ਜੀ. ਆਰ. ਸੇਠੀ ਦੇ ਪ੍ਰਬੰਧ ਨਾਲ ਛਪਿਆ।

ਸੂਚਨਾ

(ਲੇਖਕ ਵਲੋਂ).

ਪਿਆਰੇ ਖਾਲਸਾ ਜੀ! ਗੁਰਦਵਾਰਾ ਸੁਧਾਰ ਦੇ ਲਈ ਸਾਡੀ ਕੌਮ ਨੇ ਪਿਛਲੇ ਪੰਜ ਵਰਿਹਾਂ ਵਿਚ ਜੇਹੜੀਆਂ ਕੁਰਬਾਨੀਆਂ ਕੀਤੀਆਂ ਹਨ ਉਸ ਨੇ ਸ਼ਾਬਤ ਕਰ ਦਿਤਾ ਹੈ ਕਿ ਸਿਖ ਕੌਮ ਆਪਨੇ ਪਿਆਰੇ ਤੇ ਸਚੇ ਧਰਮ ਦੀ ਖਾਤਰ ਹਰ ਵਕਤ ਤਨ ਮਨ ਧਨ ਕੁਰਬਾਨ ਕਰਨ ਲਈ ਕਮਰ ਕਸੇ ਕਰੀ ਬੈਠੀ ਹੈ। ਕੋਈ ਕੁਰਬਾਨੀ ਜੇਹੜੀ ਸਚੇ ਦਿਲੋਂ ਕੀਤੀ ਜਾਵੇ ਏਹ ਨਹੀ ਹੋ ਸਕਦਾ ਜੋ ਉਸ ਦਾ ਚੰਗਾ ਫੱਲ ਕੁਰਬਾਨੀ ਕਰਨ ਵਾਲੀ ਕੌਮ ਨੂੰ ਇਸ ਦੁਨੀਆਂ ਵਿਚ ਨਾ ਮਿਲੇ। ਅਗੋਂ ਉਸ ਕੌਮ ਦੇ ਵਸ ਹੈ ਜੋ ਉਸ ਫਲ ਜਾਂ ਚੰਗੇ ਨਤੀਜੇ ਦੀ ਕਦਰ ਕਰੇ ਜਾਂ ਨਾਂ ਕਰੇ। ਤੇ ਉਸ ਤੋਂ ਫੈਦਾ ਉਠਾਵੇ ਜਾਂ ਨਾਂ। ਜੋ ਕੌਮ ਵਕਤ ਤੇ ਜ਼ਮਾਨੇ ਦੀ ਚਾਲ ਤੋਂ ਕੰਮ ਲੈਕੇ ਏਹ ਸਮਝ ਲਵੇ ਕਿ ਜਿਸ ਗਲ ਨੂੰ ਦੁਨੀਆਂ ਸਾਡੀ ਕੋਸ਼ਸ਼ਾਂ ਤੇ ਸਾਡੀ ਕੁਰਬਾਨੀਆਂ ਦਾ ਫਲ ਦਸ ਰਹੀ ਹੈ। ਅਸਲ ਵਿਚ ਇਹੀ ਫਲ ਇਹੀ ਨਤੀਜਾ ਤੇ ਏਹੀ ਭਾਵ ਹੈ ਜਿਸ ਦੀ ਖਾਤਰ ਅਸਾਂ ਐਡੀਆਂ ਮੁਸੀਬਤਾਂ ਤੇ ਤਕਲੀਫਾਂ ਝਲੀਆਂ ਤੇ ਉਹ ਉਸ ਵਕਤ ਨੂੰ ਚੰਗਾ ਸਮਝ ਕੇ ਉਸ ਭਾਵ ਤੇ ਉਸ ਫਲ ਨੂੰ ਆਪਨੇ ਵਸ ਕਰਨ ਲਈ ਤੇ ਉਸ ਨੂੰ ਹਮੇਸ਼ਾਂ ਲਈ ਆਪਨੇ ਵਸ ਰਖਨ ਦੇ ਆਹਰ ਵਿਚ ਜੁੜ ਜਾਂਦੀ ਹੈ। ਜੋ ਕੌਮ ਐਸ ਵੇਲੇ ਜ਼ਮਾਨੇ ਦੀ ਚਾਲ ਤੋਂ ਡਿਗ ਗਈ ਸਮਝੋ ਜੋ ਉਹ ਆਪਨੀਆਂ ਕੁਰਬਾਨੀਆਂ ਦੇ ਫਲ ਤੋਂ ਹਮੇਸ਼ਾਂ ਲਈ ਵਾਂਜੀ ਰਹ ਗਈ। ਸਾਡਾ ਪੰਜਾਬੀ ਦਾ ਅਖਾਣ ਹੈ:—

ਘੜੀ ਦਾ ਘੁਥਾ ਸੌ ਕੋਹਾਂ ਤੇ ਜਾ ਪੈਂਦਾ ਹੈ

ਏਹ ਅਖਾਣ ਕਿਸੇ ਸਿਆਣੇ ਨੇ ਐਵੇਂ ਨਹੀ ਕਿਹਾ। ਸਚੀ ਗਲ ਤਾਂ ਇਹ ਹੈ ਜੋ ਕਾਮਯਾਬੀ (ਦੀ ਸਚੀ ਘੜੀ ਨੂੰ) ਨਾਂ ਪਛਾਨਣ ਵਾਲਾ ਸੈਂਕੜੇ ਵਰਿਆਂ ਤਕ ਤੋਂ ਵਾਂਜਾ ਰਹ ਜਾਂਦਾ ਹੈ ਤੇ ਫੇਰ ਛੇਤੀ ਹੀ ਉਸ ਨੂੰ ਜਦ ਆਪਨੀ ਗਲਤੀ ਪਰਤੀਤ ਹੋ ਜਾਂਦੀ ਹੈ ਤਾਂ ਨਾਂ ਤੇ ਉਹ ਭਾਵ ਹਥ ਲਗਦਾ ਹੈ ਤੇ ਨਾਂ ਹੀ ਪੇਹਲੀ ਹਿੰਮਤ ਤੇ ਕੁਰਬਾਨੀ ਦਾ ਚਾ ਬਾਕੀ ਰੇਹ ਜਾਂਦਾ ਹੈ। ਏਹ ਅਖਾਣ ਸਾਡੇ ਹੀ ਨਹੀ ਸਾਰੀ ਦੁਨੀਆਂ ਦੇ ਲੋਕਾਂ ਦੀ ਏਹੀ ਹਾਲਤ ਹੈ। ਸਾਰੀ ਦੁਨੀਆਂ ਦੇ ਵਡੇ ੨ ਸਿਆਣਿਆਂ ਨੇ ਇਸ ਗਲ ਨੂੰ ਮੰਨ ਲਿਆ ਹੈ। ਫਾਰਸੀ ਜਬਾਨ ਦੇ ਕਿਸੇ ਕਵੀ ਨੇ ਠੀਕ ਏਸ ਅਖਾਨ ਨੂੰ ਆਪਨੀ ਬੋਲੀ ਵਿਚ ਇਸ ਤਰਾਂ ਦਸਿਆ ਹੈ।

ਰਫਤਮ ਕਿ ਖਾਰ ਅਜ਼ ਪਾਕਸ਼ਮ ਮਹਮਲ ਨਹਾਂ ਸ਼ੁਦ ਅਜ਼ ਨਜ਼ਰ,
ਯਕ ਲੈਹਜ਼ਾ ਗਾਫਲ ਗਸ਼ਤਮ ਵ ਸਦ ਸਾਲਾ ਰਾਹਮ ਦੂਰ ਸ਼ੁਦ।

ਉਸ ਸਾਥ ਨਾਲ ਟੁਰਦੇ ੨ ਦੇ (ਜਿਸ ਵਿਚ ਪਜਾਰਾ ਵੀ ਜਾ ਰਿਹਾ ਸੀ) ਇਕ ਕੰਡਾ ਪੈਰ ਨੂੰ ਚੁਭ ਗਿਆ ਤੇ ਉਸ ਦੇ ਕਢਨ ਲਈ ਇਕ ਮਿੰਟ ਲਈ ਮੈਂ ਅਸਲੀ ਰਸਤੇ ਤੋਂ ਵਖਰਾ ਹੋ ਗਿਆ। ਮਹਮਲ (ਪਜਾਰੇ ਦਾ ਕਚਾਵਾ) ਤੋਂ ਨਜ਼ਰ ਹਟਾ ਕਰ ਕੰਡਾ ਕਢਨ ਵਲ ਧਿਆਨ ਦੇਨਾ ਸੀ ਜੋ ਮਹਮਲ (ਪਜਾਰੇ ਦਾ ਕਚਾਵਾ) ਹਮੇਸ਼ਾਂ ਲਈ ਅਖੀਉਂ ਉਹਲੇ ਹੋ ਗਿਆ ਪਤਾ ਹੀ ਨਾਂ ਲਗ ਸਕਿਆ ਜੋ ਕਿਧਰੋਂ ਆ ਰਿਹਾ ਸੀ ਤੇ ਅਗੋਂ ਕਿਧਰ ਚਲਾ ਗਿਆ। ਕਵੀ ਦਸਦਾ ਹੈ ਜੋ ਮੈਂ ਇਕ ਮਿੰਟ ਲਈ ਅਵੇਸਲਾ ਹੋਯਾ ਤੇ ਹੁਣ ਰਾਹ ਸੌ ਸਾਲ ਪਿਛੇ ਜਾ ਪਿਆ।

ਠੀਕ ਏਹੀ ਹਾਲ ਹੁਣ ਸਾਡੀ ਕੌਮ ਦਾ ਹੈ ਸੌ ਕੁਰਬਾਨੀਆਂ ਕਰਕੇ ਲਖਾਂ ਮੁਸੀਬਤਾਂ ਝਲਕੇ ਆਪਨੇ ਪਿਆਰੇ ਧਰਮ ਅਸਥਾਨਾਂ ਦੇ ਇੰਤਜਾਮ ਮਹੰਤਾਂ ਤੋਂ ਲੈਕੇ ਗੁਰੂ ਪੰਥ ਦੇ ਹਥ ਵਿਚ ਲਿਆਵਨ ਲਈ ਅਸਾਂ ਗੁਰਦਵਾਰਾ ਕਾਨੂਨ ਪਾਸ ਕਰਾਇਆ ਤੇ ਜਿਸ ਮੇਹਨਤ ਨਾਲ ਪਾਸ ਕਰਾਇਆ ਉਹ ਦੁਨੀਆਂ ਜਾਨਦੀਹੈ। ਹੁਣ ਇਸ ਕਾਨੂਨਦੇ ਪਾਸ ਹੋ ਜਾਨ ਮਗਰੋਂ ਅਸਾਂ ਆਪਸ ਵਿਚ ਫੁਟ (ਘਰੋਗੀ ਲੜਾਈ) ਪਾਣੀ ਸ਼ੁਰੂ ਕਰ ਦਿਤੀ ਹੈ ਤੇ ਇਹ ਫੁਟ (ਘਰੋਗੀ ਲੜਾਈ) ਜਿਨਹਾਂ ਗਲਾਂ ਤੇ ਸ਼ੁਰੂ ਕੀਤੀ ਹੈ ਉਨਾਂ ਨੂੰ ਵੇਖਕੇ ਨਾਂ ਕੇਵਲ ਹਿੰਦੁਸਤਾਨ ਬਲਕੇ ਸਾਰੀ ਦੁਨੀਆਂ ਹਸ ਰਹੀ ਹੈ।

ਹੋ ਸਕਦਾ ਹੈ ਜੋ ਪਾਸ ਕੀਤੇ ਕਾਨੂਨ ਵਿਚ ਕੁਝ ਭੁਲਾਂ ਰਹ ਗਈਆਂ ਹੋਣ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਕੁਝ ਗਲਾਂ (ਤਰਮੀਮਾਂ) ਨਹੀ ਮੰਨੀਆਂ ਗਈਆਂ ਪਰ ਅਜ ਤਕ ਕਦੀ ਵੀ ਇਕ ਛਾਲ ਨਾਲ ਸਮੁੰਦਰ ਨਹੀਂ ਟਪਿਆ ਗਿਆ! ਦੁਨੀਆਂ ਦਾ ਕੇਹੜਾ ਕਾਨੂਨ ਹੈ ਜਿਸਨੂੰ ਆਦਮੀਆਂ ਨੇ ਬਨਾਯਾ ਹੋਵੇ ਤੇ ਉਸ ਵਿਚ ਭੁਲਾਂ ਨਾ ਹੋਵਨ। ਭਾਵੇਂ ਯੂਰਪ ਦੇ ਕਿਸੇ ਸਿਆਣੇ ਤੋਂ ਸਿਆਣੇ ਮੁਲਕ ਦਾ ਕਿਉਂ ਨਾ ਹੋਵੇ ਜਿਸ ਵਿਚ ਅਦਲਾ ਬਦਲੀ ਦੀ ਲੋੜ ਨਾਂ ਪੈਂਦੀ ਹੋਵੇ। ਕਾਨੂਨ ਗੁਰਦਵਾਰਾ ਆਪਦੇ ਸਾਹਮਣੇ ਹੈ ਲੜਨ ਝਗ-ੜਨ ਤੋਂ ਪੈਹਲਾਂ ਇਸਨੂੰ ਇਕ ਵਾਰੀ ਪੂਰੇ ਧਿਆਨ ਨਾਲ ਪੜਨ ਦੀ ਖੇਚਲ ਕਰੋ ਇਸ ਦੀਆਂ ੧੪੯ ਦਫਾ ਹਨ ਇਨਾਂ ਨੂੰ ਧਿਆਨ ਨਾਲ ਪੜੋ ਤੇ ਸੋਚ ਕੇ ਦਸੋ! ਜੋ ਇਹ ਸਿਖ ਕੌਮ ਨੂੰ ਕੁਝ ਦੇਂਦੀਆਂ ਹਨ ਜਾਂ ਲੈਂਦੀਆਂ ਹਨ। ਮਹਾਤਮਾਂ ਗਾਂਧੀ ਲਾਲਾ ਲਾਜਪਤ ਰਾਏ ਤੇ ਹੋਰ ਵਡੇ ੨ ਹਿੰਦੂ ਮੁਸਲਮਾਨ ਲੀਡਰ ਕਹ ਰਹੇ ਹਨ ਜੋ ਕਾਨੂਨ ਗੁਰਦਵਾਰਾ ਨੇ ਸਿਖਾਂ ਨੂੰ ਇਕ ਤਰਾਂ ਦੀ ਬਾਕੈਦਾ ਮਜਹਬੀ ਹਕੂਮਤ ਦੇ ਦਿਤੀ ਹੈ। ੨੪੧ ਗੁਰਦਵਾਰੇ ਜਿਨਹਾਂ ਦੀ ਵਰਹੇ ਦੀ ਆਮਦਨੀ ਪੰਝਤਰ ਲਖ ਆਖੀ ਜਾਂਦੀ ਹੈ ਹਮੇਸ਼ਾਂ ਲਈ ਪੰਥ ਦੇ ਹਥ ਆ ਗਏ ਹਨ ਤੇ ਅਜੇ ਕਈ ਐਸੇ

ਹੋਣਗੇ ਜੇਹੜੇ ਕਾਨੂਨ ਅਨੁਸਾਰ (ਜੇ ਉਸ ਨੂੰ ਵਰਤੋਂ ਵਿਚ ਲਿਆਂਦਾ ਜਾਵੇ) ਇਕ ਵਰਹੇ ਦੇ ਅੰਦਰ ੨· ਸਿਖਾਂ ਦੇ ਹਥ ਵਿਚ ਆ ਸਕਦੇ ਹਨ। ਗੁਰਦਵਾਰਿਆਂ ਦੇ ਝਗੜਿਆਂ ਮੁਕਦਮਿਆਂ ਦੇ ਲਈ ਪੰਥ ਦੇ ਐਸੇ ਚੁਣੇ ਹੋਏ ਮੁਨਸਫਾਂ ਜਜਾਂ ਦੀ ਅਦਾਲਤ ਬਣਾਈ ਜਾਏਗੀ ਉਸ ਅਦਾਲਤ ਦੀ ਜਬਾਨ ਵੀ ਜੇਕਰ ਆਖਨ ਤਾਂ ਪੰਜਾਬੀ ਗੁਰਮੁਖੀ ਹੋਵੇਗੀ। ਹੋਰ ਕਿਸੇਤਰਾਂ ਦੇ ਝਗੜੇ ਅਗੋਂ ਸਰਕਾਰੀ ਕਚੈਹਰੀ-ਆਂ ਵਿਚ ਨਹੀ ਜਾਣਗੇ। ਬਲਕੇ ਸਿਖਾਂ ਦੀ ਇਸ ਆਪਨੀ ਕਚੈਹਰੀ ਵਿਚ ਫੈਸਲੇ ਹੋਇਆ ਕਰਨ ਗੇ। ਗੁਰਦਵਾਰਿਆਂ ਦੀ ਸਾਰੀ ਆਮਦਨੀ ਸਭ ਤੋਂ ਪੈਹਲੇ ਗੁਰਦਵਾਰਿਆਂ ਤੇ ਖਰਚ ਹੋਵੇਗੀ ਜੇਹੜਾ ਰੁਪਯਾ ਬਚੇਗਾ (ਜਿਸ ਨੂੰ ਸਾਰੀ ਦੁਨੀਆਂ ਜਾਣਦੀ ਹੈ ਕਿ ਲਖਾਂ ਦੀ ਗਿਣਤੀ ਵਿਚ ਹੋਵੇਗਾ) ਉਹ ਇਸ ਕਾਨੂਨ ਅਨੁਸਾਰ ਸਿਖ ਕੌਮ ਦੇ ਵਿਦਜਕ ਖਰੈਤੀ ਕੰਮਾਂ ਤੇ ਖਰਚ ਹੋਵੇਗਾ ਅਜ ਇਸ ਕੌਮ ਨੂੰ ਹਰ ਕਿਸਮ ਦੀ ਵਿਵਹਾਰਕ ਵਿਦਜਾ ਲਈ ਲਖਾਂ ਰੁਪੈ ਸਾਲਾਨਾ ਮੁਫਤ ਹਥ ਆ ਜਾਣਗੇ ਉਹ ਕਲ ਤਕ ਦੁਨੀਆਂ ਦੀਆਂ ਅਖਾਂ ਸਾਹਮਣੇ ਜੋ ਨਕਸ਼ਾ ਤਰਕੀ ਪੇਸ਼ ਕਰ ਸਕਦੀ ਹੈ, ਅਫਸੋਸ ਹੈ ! ਜੋ ਸਾਡੀ ਕੌਮ ਉਸ ਤੋਂ ਭੁਲੀ ਹੋਈ ਮਾਲੂਮ ਹੋਂਦੀ ਹੈ।

ਕਾਨੂਨ ਗੁਰਦਵਾਰਾ ਵਰਤੋਂ ਵਿਚ ਲਿਆਵਨ ਦੇ ਉਲਟ ਸਭ ਤੋਂ ਵਡਾ ਉਜਰ ਏਹ ਹੈ ਜੋ ਸਰਕਾਰ ਸਾਡੇ ਸਿਖ ਕੈਦੀਆਂ ਨੂੰ ਨਹੀ ਛਡਦੀ। ਇਸ ਵਿਚ ਕੋਈ ਸ਼ਕ ਨਹੀ ਕੇ ਏਹ ਵਡਾ ਜਰੂਰੀ ਸਵਾਲ ਹੈ ਕਿ ਕੌਮ ਦਾ ਕੋਈ ਐਸਾ ਆਦਮੀ ਨਹੀ ਹੋਵੇਗਾ ਜੋ ਇਹ ਨਾਂ ਚਾਹੁੰਦਾ ਹੋਵੇ ਜੋ ਸਾਡੇ ਉਹ ਬਹਾਦਰ ਵੀਰ ਜਿਨਾਂ ਨੇ ਧਰਮ ਔਰ ਪੰਥ ਦੀ ਖਾਤਰ ਦੁਨੀਆਂ ਦੇ ਮਾਲ ਜਾਨ ਦੀ ਪਰਵਾਹ ਨਾਂ ਕਰਦੇ ਹੋਏ ਜੇਲਖਾਨਿਆਂ ਵਿਚ ਜਾਣਾ ਕਬੂਲ ਕੀਤਾ, ਛੇਤੀ ਤੋਂ ਛੇਤੀ ਨਾਂ ਛਡੇ ਜਾਨ। ਪਰ ਏਹ ਤਾਂ ਸਾਡਾ ਖਿਆਲ ਤੇ ਸਾਡੇ ਮਨ ਦੀ ਮੁਰਾਦ ਹੈ। ਵੇਖਣਾ ਏਹ ਹੈ ਜੋ ਦੂਜਾ ਪਾਸਾ (ਹਕੂਮਤ) ਇਸ ਗਲ ਨੂੰ ਕੇਹੜੀ ਨਜਰ ਨਾਲ ਵੇਖਦਾ ਹੈ ਤੇ ਉਹ ਇਸ ਗਲ ਵਿਚ ਇਸ ਮੁਆਮਲੇ ਤੇ ਕੀ ਕੁਝ ਕਰਨ ਲਈ ਤਿਆਰ ਹੋ ਸਕਦਾਹੈ। ਕਾਨੂਨ ਗੁਰਦਵਾਰਾ ਦੇ ਪਾਸ ਹੋਣ ਦੇ ਪਿਛੋਂ ਸਰਕਾਰ ਦਾ ਆਪਣਾ ਫੈਦਾ ਇਸ ਗਲ ਵਿਚ ਹੈ ਜੋ ਸਿਖਾਂ ਦੇ ਨਾਲ ਉਹੀ ਪੁਰਾਨੇ ਦੋਸਤਾਨਾ ਤਅਲਕ ਕੈਮ ਕੀਤੇ ਜਾਨ। ਦੋਹਾਂ ਵਿਚ ਕਿਸੇ ਕਿਸਮ ਦਾ ਗੁੱਸਾ ਨਾ ਰਹੇ। ਸਾਰੇ ਪੰਜਾਬ ਵਿਚ ਅਮਨ ਕੈਮ ਹੋ ਜਾਵੇ ਇਸ ਗਲ ਨੂੰ ਅਖਾਂ ਅਗੇ ਰਖਕੇ ਇਕ ਘੜੀ ਲਈ ਭੀ ਏਹ ਨਹੀ ਚਾਹ ਸਕਦੀ ਜੋ ਐਵੇਂ ਹੀ ਸਿਖ ਕੈਦੀਆਂ ਨੂੰ ਜੇਲਖਾਨਿਆਂ ਵਿਚ ਰਖਕੇ ਖਾਹ ਮਖਾਹ ਸਿਖਾਂ ਜੈਸੀ ਕੌਮ ਨੂੰ ਸ਼ਕੈਤ ਕਰਨ ਦਾ ਮੌਕਾ ਦੇਵੇ। ਜੇ ਕਾਨੂਨ ਗੁਰਦਵਾਰਾ ਨੂੰ ਵਰਤੋਂ ਵਿਚ ਲਿਆਂਦਾ ਜਾਏ ਤਾਂ ਕੈਦੀ ਹਰ ਹਾਲਤ ਵਿਚ

ਛੁਟਨਗੇ। ਹੁਣ ਵੇਖਣਾ ਏਹ ਹੈ ਜੋ ਇਕ ਛੋਟੀ ਜੇਹੀ ਗਲ ਬਦਲੇ ਆਪਨੀ ਸਾਰੀ "ਜਿਤ" ਨੂੰ ਅਖਾਂ ਉਹਲੇ ਕਰ ਦੇਣਾ ਚਾਹੀਏ ?

ਸਾਡੇ ਪਿਆਰੇ ਲਾਹੌਰ ਜੇਹਲ ਦੇ ਕੈਦੀ (ਜ੍ਹਿਨਾਂ ਵਿਚ ਸਾਡੇ ਵਡੇ ੨ ਆਗੂ ਵੀ ਹਨ) ਕਾਨੂਨ ਗੁਰਦਵਾਰਾ ਨੂੰ ਪੜਕੇ ਤੇ ਸਿਖ ਕੌਮ ਦੀ ਜਿਤ ਨੂੰ ਅਖਾਂ ਅਗੇ ਰਖਕੇ ਏਹੀ ਸਲਾਹ ਦੇ ਚੁਕੇ ਹਨ ਜੋ ਕਾਨੂਨ ਗੁਰਦਵਾਰਾ ਨੂੰ ਜਰੂਰ ਮੰਨ ਲੋ। ਇਸ ਨੂੰ ਵਰਤੋਂ ਵਿਚ ਲਿਆਉ। ਸ਼ਰਤਾਂ ਵਾਲੀ (ਰਿਹਾਈ ਵਾਲੀ) ਛੋਟੀ ਜੇਹੀ ਗਲ ਬਦਲੇ ਕੌਮ ਦੀਆਂ ਸਾਰੀਆਂ ਕੁਰਬਾਨੀਆਂ ਦਾ ਫਲ ਐਵੇਂ ਸੁਟ ਛਡਨਾ ਅਕਲਮੰਦੀ ਨਹੀ। ਸਰਦਾਰ ਜੋਧ ਸਿੰਘ ਜੀ ਨੇ ਹੁਣੇ ਹੀ ਇਸ ਗਲ ਨੂੰ ਦਸਦਿਆਂ ਹੋਇਆਂ ਸਾਰੇ ਪੰਥ ਨੂੰ ਜੋ ਸਲਾਹ ਦਿਤੀ ਹੈ, ਅਸੀ ਚਾਹੁੰਦੇ ਹਾਂ ਜੋ ਸਾਰੀ ਕੌਮ ਨੂੰ ਦਸਨ ਲਈ ਏਥੇ ਲਿਖ ਦੇਈਏ। ਅਫਸੋਸ ਹੈ! ਜੋ ਕਲ ਤਾਂਈ ਸ: ਜੋਧ ਸਿੰਘ ਜੈਸੇ ਲੀਡਰ ਦੀ ਹਰ ਗਲ ਮਨ ਰਹੇ ਸੀ ਤੇ ਅਜ ਉਨਾਂ ਦੀ ਵਡਮੁਲੀ ਰਾਏ ਨੂੰ ਪਿਛੇ ਸੁਟਕੇ ਅੰਧਾ ਧੁੰਧ ਕਾਰਵਾਈ ਕਰਨ ਵਲ ਝੁਕ ਗਏ ਹਾਂ।

ਸ: ਜੀ ਦਸਦੇ ਹਨ ਕਿ:—

"ਐਕਟ ਇਕ ਖਾਸ ਹਦ ਤਕ ਇਨਾਂ ਮੰਗਾਂ ਨੂੰ ਪੂਰਾ ਕਰਦਾ ਹੈ। ਜਿਨਾਂ ਦੇ ਪੂਰਾ ਕਰਾਨ ਲਈ ਗੁਰਦ੍ਵਾਰਾ ਲੈਹਰ ਸ਼ੁਰੂ ਕੀਤੀ ਗਈ ਸੀ। ਲਾਹੌਰ ਕਿਲੇ ਵਿਚ ਡਕੇ ਲੀਡਰਾਂ ਨੇ ਕਮੇਟੀ ਨੂੰ ਇਹ ਸਲਾਹ ਦਿਤੀ ਹੈ ਕਿ ਉਨਾਂ ਦੀ ਰਿਹਾਈ ਦੀ ਨਾਂ ਪਰਵਾਹ ਕਰਦੇ ਹੋਏ ਭੀ ਗੁਰਦਵਾਰਾ ਐਕਟ ਵਰਤੋਂ ਵਿਚ ਲਿਆਂਦਾ ਜਾਏ। ਜੈਤੋ ਦਾ ਮਾਮਲਾ ਪੰਥ ਦੀ ਮਰਜੀ ਅਨੁਸਾਰ ਸਿਰੇ ਚੜ ਚੁਕਾ ਹੈ। ਕਮੇਟੀ ਦੇ ਰਾਹ ਵਿਚ ਹੁਣ ਇਕ ਹੀ ਰੋਕ ਹੈ। ਉਹ ਏਹ ਕੇ ਜਦ ਤਕ ਸਾਰੇ ਕੈਦੀ ਜੋ ਇਸ ਲੈਹਰ ਵਿਚ ਹਿਸਾ ਲੈਨ ਬਦਲੇ ਜੇਹਲਖਾਨਿਆਂ ਵਿਚ ਹਨ ਛਡੇ ਨਾਂ ਜਾਣ। ਉਹ ਸਾਂਤ ਵਾਯੂ ਮੰਡਲ ਪੈਦਾ ਨਹੀ ਹੋ ਸਕਦੀ। ਜਿਸ ਤੋਂ ਐਕਟ ਵਰਤੋਂ ਵਿਚ ਆ ਸਕੇ। ਸਭ ਨੂੰ ਮਾਲੂਮ ਹੋ ਚੁਕਾ ਹੈ ਜੋ ਕੈਦੀ (ਜੋ ਸ਼ਰਤ ਸਰਕਾਰ ਨੇ ਪੇਸ਼ ਕੀਤੀ ਹੈ ਤੇ ਦਸਖਤ ਕਰਕੇ) ਬਾਹਰ ਆਵਨ ਨੂੰ ਤਿਆਰ ਹਨ। ਇਸ ਝਮੇਲੇ ਵਿਚ ਕੀ ਕਰਨਾ ਚਾਹੀਦਾ ਹੈ। ਏਹ ਸਵਾਲ ਪੰਥ ਦੇ ਸਾਹਮਣੇ ਹੈ। ਮੇਰੇ ਕਈ ਭਰਾਵਾਂ ਨੇ ਆਪਣੀ ੨ ਰਾਏ ਪ੍ਰਗਟ ਕੀਤੀ ਹੈ। ਕੋਈ ਆਖਦੇ ਹਨ ਕੇ ਜਦ ਤਾਂਈ ਸਾਰੇ ਕੈਦੀ ਨਾਂ ਛਡੇ ਜਾਨ ਬਿਲ ਨੂੰ ਪਰੇ ਸੁਟ ਦੇਣਾ ਚਾਹੀਦਾ ਹੈ। ਜਿਸ਼ ਦਾ ਮਤਲਬ ਏਹ ਹੈ ਕੇ ਜੇਕਰ ਅਸੀ ਕਿਸੇ ਮੁਲਕ ਨੂੰ ਆਪਨੇ ਤੈਹਤ ਵਿਚ ਲੈਣਾ ਚਾਹੁੰਦੇ ਹਾਂ ਤਾਂ ਉਸ ਮੁਲਕ ਦਾ ਬਹੁਤ ਸਾਰਾ ਹਿਸਾ ਜਿਤ ਲਿਆ ਜਾਵੇ। ਤੇ ਇਕ ਕੋਠਾ ਬਾਕੀ ਰੈਹ ਜਾਵੇ। ਉਸਦੀ ਖਾਤਰ ਆਪਣੀ ਸਾਰੀ ਜਿਤ ਛਡਕੇ ਨਵਿਉਂ ਸਿਰਓਂ ਜੰਗ ਕਰਨਾ ਸ਼ੁਰੂ ਕੀਤਾ ਜਾਵੇ। ਮੈਂ ਇਸ ਲੜਾਈ ਦੀ ਤਮਸੀਲ ਇਸ ਲਈ

ਦਿਤੀ ਹੈ ਕਿ ਉਨਾਂ ਭਰਾਵਾਂ ਨੂੰ ਬਗੈਰ ਮੇਰੀ ਹੋਰ ਦਲੀਲ ਦਸੇ ਦੇ ਆਪਣੀ ਫੋਕੀ ਰਾਏ ਦਾ ਪਤਾ ਲਗ ਜਾਵੇ। ਕੇਮ ਤਾਂ ਸਾਡੇ ਸਾਹਮਣੇ (ਇਕ ਅੰਗਰੇਜ਼ ਦੇ ਆਖੇ ਅਨੁਸਾਰ) ਇਕ ਮੱਛਰ ਨੂੰ ਮਾਰਨਾ ਹੈ ਤਾਂ ਇਸ ਲਈ ਅਸੀ ਇਕ ਵਡਾ ਹਥੌੜਾ ਵਰਤੀਏ। ਦੂਸਰੇ ਭਰਾ ਇਸ ਹੱਦ ਤਕ ਨਹੀ ਜਾਂਦੇ।ਉਹ ਆਖਦੇ ਹਨ ਜੋ 'ਸੈਂਟਰਲ ਬੋਰਡ', ਦੇ ਚੁਨਨ ਵਿਚ ਜਰੂਰ ਹਿਸਾ ਲਿਆ ਜਾਏ। ਪਿਛੋਂ ਜਿਸਤਰਾਂ ਸਵਰਾਜ ਪਾਰਟੀ ਨੇ ਕੌਂਸਲਾਂ ਵਿਚ ਜਾਕੇ ਗੜਬੜ ਮਚਾ ਦਿਤੀ ਸੀ। ਇਸੇ ਤਰਾਂ ਅਸੀ ਵੀ ਕਰੀਏ।

ਕਾਸ਼ ! ਕੇ ਉਹ ਗੁਰਦਵਾਰਾ ਕਾਨੂਨ ਨੂੰ ਚੰਗੀ ਤਰਾਂ ਪੜ੍ਹਦੇ, ਕੌਂਸਲਾਂ ਵਿਚ ਤਾਂ ਸਵਰਾਜ ਪਾਰਟੀ ਦੀ ਪਾਲਸੀ ਇਸ ਲਈ ਚਲਦੀ ਹੈ ਜੋ ਦੂਜੇ ਪਾਸੇ ਇਕ ਗੈਰ ਜਿਮੇਵਾਰ ਇੰਤਜ਼ਾਮ ਕਰਨ ਵਾਲੀ ਸਰਕਾਰ ਹੈ। ਜਿਸ ਨੂੰ ਉਹ ਤੰਗ ਕਰ ਸਕਦੇ ਹਨ। ਗੁਰਦਵਾਰਾ ਬਿਲ ਵਿਚ ਕਿਸੇ ਹਦ ਤਕ ਸਿਖਾਂ ਨੂੰ ਸਵਰਾਜ ਪਰਾਪਤ ਹੋ ਗਿਆ ਹੈ। ਇਥੋਂ ਤਾਂਈ ਜੋ ਉਨਹਾਂ ਦਾ ਕੋਈ ਗੁਰਦਵਾਰਾ ਸੰਬੰਧੀ ਮਜਹਬੀ ਝਗੜਾ ਸਵਾਏ ਉਸ ਅਦਾਲਤ ਦੇ (ਜਿਸ ਦੇ ਦੋ ਜਜ ਸੈਂਟਰਲ ਬੋਰਡ ਦੀ ਮਰਜੀ ਅਨੁਸਾਰ ਹੋਣਗੇ) ਹੋਰ ਕਿਸੇ ਅਦਾਲਤ ਵਿਚ ਨਹੀ ਜਾਵੇਗਾ। ਇੰਤਜ਼ਾਮ ਖੁਦ ਪੰਥ ਦੀ ਮਰਜੀ ਮੁਤਾਬਕ ਹੋਵੇਗਾ।ਇਸ ਲਈ ਰੁਕਾਵਟ ਦੀ ਪਾਲਸੀ ਉਹ ਕਿਸ ਦੇ ਬਰਖਲਾਫ ਅਖਤਿਆਰ ਕਰਨਗੇ ?

ਇਸ ਝਮੇਲੇ ਦਾ ਸਭ ਤੋਂ ਸਸਤਾ ਤੇ ਪੂਰਾ ੨ ਠੀਕ ਇਲਾਜ ਏਹੀ ਹੈ ਜੇਹੜਾ ਸਾਡੇ ਜੇਹਲੀਂ ਡਕੇ ਆਗੂਆਂ ਨੇ ਦਸਿਆ ਹੈ। ਜਿਤਨ ਲਈ ਹਰ ਵੇਲੇ ਲੜਾਈ ਦੀ ਲੋੜ ਨਹੀ ਹੋਂਦੀ। ਕਈ ਵੇਰ ਰਜਾਨਾਮੇ ਦੀ ਮੇਜ਼ ਤੇ ਹੀ ਕਈ ਇਲਾਕੇ ਹਥ ਆ ਜਾਂਦੇ ਹਨ ਤੇ ਕਈ ਨਿਕਲ ਜਾਂਦੇ ਹਨ।ਜੇ ਕਰ ਕਮੇਟੀ ਜੇਹਲੀਂ ਡਕੇ ਆਗੂਆਂ ਦੀ ਮਰਜੀ ਅਨੁਸਾਰ ਬਿਲ ਨੂੰ ਵਰਤੋਂ ਵਿਚ ਲਿਆਵਨਾਂ ਸ਼ੁਰੂ ਕਰਦੇਵੇ ਤਾਂ ਮੈਂ ਪੂਰੇ ਯਕੀਨ ਨਾਲ ਆਖ ਸਕਦਾ ਹਾਂ ਕਿ ਉਨਾਂ ਨੂੰ ਬਗੈਰ ਸ਼ਰਤ ਛਡ ਦੇਣਾ ਸ਼ੁਰੂ ਹੋ ਜਾਵੇਗਾ। ਜਦੋਂ ਬਿਲ ਵਰਤੋਂ ਵਿਚ ਲਿਆਂਦਾ ਗਿਆ। ਤਾਂ ਸਰਕਾਰ ਕੇਹੜੀ ਗਲ ਬਦਲੇ ਉਨਾਂ ਨੂੰ ਜੇਹਲਾਂ ਵਿਚ ਡਕੀ ਰਖੇਗੀ? ਕਮੇਟੀ ਦਾ ਆਪਣੇ ਲੀਡਰਾਂ ਦੀ ਰਾਏ ਤੇ ਚਲਣਾ ਤੇ ਉਸ ਨੂੰ ਵਰਤੋਂ ਵਿਚ ਲਿਆ ਕੇ ਦਸਣਾਂ ਸਾਡੇ ਕੈਦੀ ਭਰਾਵਾਂ ਦਾ ਬਾਹਰ ਆਵਣ ਦਾ ਸਬਬ ਹੋਵੇਗਾ। ਜਦ ਤਕ ਸੈਂਟਰਲ ਬੋਰਡ ਜਾਂ ਲੋਕਲ ਕਮੇਟੀਆਂ ਦੀ ਚੋਣ ਹੋਕੇ ਅਸਲੀ ਇੰਤਜ਼ਾਮ ਦਾ ਵੇਲਾ ਆਵਨਾ ਹੈ। ਉਹ ਲੀਡਰ ਬਾਹਰ ਆ ਕਰ ਇਸ ਇੰਤਜਾਮ ਨੂੰ ਠੀਕ ਠੀਕ ਰਾਹ ਤੇ ਚਲਾਣਗੇ ! ਜਿਸ ਲਈ ਉਨਾਂ ਨੇ ਐਡੀਆਂ ਮੁਸੀਬਤਾਂ ਝਲੀਆਂ ਹਨ। ਨਵੇਂ ਸਿਰਿਓਂ ਦੂਜੀ ਵੇਰ ਲੜਾਈ ਸ਼ੁਰੂ ਕਰ ਦੇਣੀ ਸ਼ਰਤੀਆ ਜਿਤ ਦਾ ਸਬਬ

ਹੋਵੇ ਜਾਂ ਨਾਂ ਹੋਵੇ। ਪਰ ਬਿਲ ਨੂੰ ਵਰਤੋਂ ਵਿਚ ਲਿਆਵਨ ਦੀ ਰਾਏ ਜਾਹਰ ਕਰਨੀ ਮੇਰੇ ਖਿਆਲ ਵਿਚ ਸ਼ਰਤੀ ਇਸ ਔਕੜ ਨੂੰ ਦੂਰ ਕਰ ਦੇਵੇਗੀ ਜੋ ਇਸ ਵੇਲੇ ਕਮੇਟੀ ਦੇ ਅਗੇ ਹੈ।"

ਸ੍ਰ: ਜੋਧ ਸਿੰਘ ਜੀ ਦੀ ਇਸ ਲਿਖਤ ਤੇ ਹੋਰ ਕਿਸੇ ਵਿਚਾਰ ਕਰਨ ਦੀ ਲੋੜ ਨਹੀ। ਉਸ ਦਾ ਵਿਸਥਾਰ ਏਹ ਆਪ ਹੈ।

ਅਗਰ ਅਸਾਂ ਆਪਣੇ ਬਜ਼ੁਰਗ ਜੇਹਲੀਂ ਬੈਠੇ ਆਗੂਆਂ ਦਾ ਕਿਹਾ ਨਾਂ ਮਨਿਆ ਤਾਂ ਥੋੜੇ ਦਿਨਾਂ ਮਗਰੋਂ ਸਾਨੂੰ ਬੜਾ ਪਸਚਾਤਾਪ ਕਰਨਾ ਪਵੇਗਾ ਤੇ ਹਥ ਮਲਕੇ ਏਹ ਆਖਨਾ ਪਵੇਗਾ—

ਕਿਸਮਤ ਕੋ ਦੇਖੀਏ ਕਹਾਂ ਟੂਟੀ ਹੈ ਜਾ ਕਮੰਦ
ਦੋ ਚਾਰ ਹਾਥ ਜਬ ਕੇ ਲਬੇ ਬਾਮ ਰੈਹ ਗਿਆ।

ਅਸੀ ਕੌਮ ਦੀ ਸਭ ਤੋਂ ਵਡੀ ਸੇਵਾ ਏਹ ਕਰ ਸਕਦੇ ਹਾਂ। ਜੋ ਕਾਨੂਨ ਗੁਰਦਵਾਰਾ ਜਿਸ ਤਰਾਂ ਪਾਸ ਹੋਇਆ ਹੈ। ਉਹ ਸਾਰੇ ਦਾ ਸਾਰਾ ਪੰਥ ਦੇ ਸਾਹਮਣੇ ਰਖਕੇ ਬੇਨਤੀ ਕਰੀਏ ਕੇ ਆਪ ਦੂਜਿਆਂ ਦੇ ਖਿਆਲਾਂ ਨੂੰ ਛਡਕੇ ਖੁਦ ਪੜ੍ਹੋ ਤੇ ਹਰ ਇਕ ਦਫਾ ਤੇ ਫਿਕਰੇ ਬਲਕੇ ਹਰਇਕ ਅਖਰ ਅਖਰਨੂੰ ਸੋਚੋ ਤੇ ਸੋਚ ਕੇ ਦਸੋ ਕਿ ਇਸ ਨੂੰ ਵਰਤੋਂ ਵਿਚ ਲਿਆਵਨਾ ਸਿਖ ਪੰਥਦੀ ਜਿਤਹੈ ਜਾਂ ਹਾਰ !

੧ ਓ ਸਤਿਗੁਰਪ੍ਰਸਾਦਿ ॥

ਗੁਰਦਵਾਰਾ ਐਕਟ

ਕਾਨੂਨ ਪੰਜਾਬ ਨੰ: ੮ ਸੰ: ੧੯੨੫

ਸੂਚਨੀ ਪਤ੍ਰ

ਭਾਗ ਪੈਹਲਾ

ਪ੍ਰਾਰੰਭਕ

੧੧. ਦਫਾ ੭ ਦੇ ਹੇਠ ਪ੍ਰਕਾਸ਼ਤ ਕਿਸੇ ਗੁਰਦੁਆਰਾ ਦੇ ਮੌਰੂਸੀ ਅਹੁਦੇਦਾਰ ਜਾਂ ਉਸ ਦੇ ਫਰਜੀ, ਜਾਨਸ਼ੀਨ ਦੀ ਤਰਫੋਂ ਮੁਆਵਜ਼ੇ ਦਾ ਦਾਵਾ।

ਕਾਂਡ ੩

ਅਦਾਲਤ ਖਾਸ ਦਾ ਅਸਥਾਪਣ ਅਤੇ ਉਸ ਦੀ ਕਾਰਵਾਈ।

੧੨. ਏਸ ਏਕਟ (ਕਾਨੂਨ) ਦੀ ਕਾਰਵਾਈ ਵਾਸਤੇ ਖਾਸ ਅਦਾਲਤਾਂ ਦਾ ਬਨੌਣਾ ਅਤੇ ਉਨਾਂ ਦਾ ਕੰਮ ਕਰਨ ਦਾ ਢੰਗ।

੧੩. ਰਾਵਾਂ ਦੇ ਭਿੰਨ ਭਿੰਨ ਹੋਣ ਪਰ ਕੰਮ ਕਰਨ ਦਾ ਤਰੀਕਾ

੧੪. ਦਫਾ ੫-੬-੮-੧੦ ਅਤੇ ੧੧ ਦਾ ਫੈਸਲਾ ਅਦਾਲਤ ਕਰੇਗੀ।

੧੫. ਤਰਫੈਨ ਵਿਚ ਸ਼ਾਮਲ ਕਰਨ ਅਤੇ ਖਰਚ ਦੁਆਉਨ ਦੇ ਸਬੰਧੀ ਖਾਸ ਅਦਾਲਤ ਨੂੰ ਅਧਿਕਾਰ।

੧੬. ਇਸ ਗਲ ਦਾ ਸਭ ਤੋਂ ਪੈਹਲਾਂ ਫੈਸਲਾ ਕੀਤਾ ਜਾਵੇਗਾ ਕਿ ਆਯਾ ਕੋਈ ਅਸਥਾਨ ਸਿਖ ਗੁਰਦਵਾਰਾ ਹੈ ਅਤੇ ਏਸ ਗਲ ਦਾ ਕਿਸਤਰਾਂ ਫੈਸਲਾ ਕੀਤਾ ਜਾਊਗਾ।

੧੭. ਖਾਸ ਅਦਾਲਤ ਦੇ ਫੈਸਲੇ ਪਰ ਸਿਖ ਗੁਰਦਵਾਰੇ ਦਾ ਐਲਾਨ।

੧੮. ਜਦ ਕਿਸੇ ਅਹੁਦੇਦਾਰ ਦੀ ਤਰਫੋਂ ਜਾਇਦਾਦ ਦਾ ਦਾਹਵਾ ਕੀਤਾ ਜਾਵੇ ਤਾਂ ਬਾਜ਼ ਗਲਾਂ ਦਾ ਸਬੂਤ ਲੈਕੇ ਸਿਖ ਗੁਰਦ੍ਵਾਰੇ ਦੇ ਹਕ ਵਿਚ ਕਯਾਸ।

੧੯. ਕਿਸ ਅਹੁਦੇਦਾਰ ਅਤੇ ਓਹਨਾਂ ਸ਼ਖਸਾਂ ਦੇ ਦਰਮਿਆਨ ਜੇਹੜੇ ਗੁਰਦਵਾਰੇ ਦੀ ਤਰਫੋਂ ਕੰਮ ਕਰਦੇ ਹੋਵਨ ਐਹਦਨਾਮਾ ਹੋਵਣ ਦੀ ਸੂਰਤ ਵਿਚ ਖਾਸ ਅਦਾਲਤ ਦਾ ਫੈਸਲਾ।

੨੦. ਅਸਤੀਫਾ ਦਿਤੇ ਹੋਏ ਜਾਂ ਮੌਕੂਫ ਕੀਤੇ ਗਏ ਮੌਰੂਸੀ ਅਹੁਦੇਦਾਰ ਦੀ ਤਰਫੋਂ ਮੁਆਵਜ਼ੇ ਦਾ ਦਾਹਵਾ।

੨੧. ਉਸ ਸ਼ਖਸ ਦੀ ਤਰਫੋਂ ਦਾਵਾ ਮੁਆਵਜ਼ੇ ਦਾ ਜੋ ਕਿਸੇ ਪ੍ਰਕਾਸ਼ਤ ਕੀਤੇ ਗਏ ਗੁਰਦਵਾਰੇ ਦਾ ਅਹੁਦੇਦਾਰ ਅਸਥਾਪਣ ਦਾ ਹਕ ਜ਼ਾਹਰ ਕਰੇ।

੨੨. ਉਹ ਗਲਾਂ ਜਿਨਾਂ ਉਪਰ ਮੁਆਵਜ਼ਾ ਦੁਆਉਣ ਦੀ ਵਲ ਧਿਆਨ ਦਿਤਾ ਜਾਊਗਾ।

੨੩. ਗੁਰਦੁਆਰੇ ਦੀ ਆਮਦਣੀ ਵਿਚੋਂ ਮੁਆਵਜ਼ੇ ਦਾ ਸਾਲਾਨਾ ਅਦਾ ਕੀਤਾ ਜਾਣਾ।

੨੪. ਮੁਆਵਜ਼ਾ ਮਿਲੇ ਹੋਏ ਆਦਮੀ ਦੇ ਵਾਰਸ ਨੂੰ ਅਦਾਇਗੀ।

੨੫. ਓਹ ਢੰਗ ਜਿਸਦੇ ਨਾਲ ਮੁਆਵਜ਼ਾ ਅਦਾ ਕੀਤਾ ਜਾਊਗਾ ਅਤੇ ਕਾਨੂੰਨ

ਅਨੁਸਾਰ ਅਦਾ ਨ ਹੋਣ ਦੀ ਸੂਰਤ ਵਿਚ ਵਸੂਲ ਕੀਤਾ ਜਾਊਗਾ।

੨੬. ਮਾਲ ਦੇ ਕਾਗਜ਼ਾਂ ਵਿਚ ਗੁਰਦਵਾਰੇ ਦੀ ਮਲਕੀਅਤ ਦਾ ਦਰਜ ਹੋਣਾ।

੨੭. ਉਸ ਜਾਇਦਾਦ ਦਾ ਇੰਤਜ਼ਾਮ ਜੋ ਕਿਸੇ ਪ੍ਰਕਾਸ਼ਤ ਸਿਖ ਗੁਰਦੁਆਰੇ ਦੇ ਨਾਉਂ ਲਗੀ ਹੋਵੇ, ਪਰ ਜੇਹੜੀ ਅਮਾਨਤਦਾਰਾਂ ਦੇ ਮਤੈਹਤ ਹੋਵੇ।

੨੮. ਕਿਸੇ ਪ੍ਰਕਾਸ਼ਤ ਸਿਖ ਗੁਰਦਵਾਰੇ ਦੀ ਤਰਫੋਂ ਬਗੈਰ ਝਗੜੇ ਵਾਲੀ ਜਾਇਦਾਦ ਦੇ ਕਬਜ਼ੇ ਲਈ ਨਾਲਿਸ਼।

੨੯. ਅਦਾਲਤਾਂ ਦੇ ਮੁਕਦਮੇ ਮੁੜਨ ਦੇ ਅਖਤਿਆਰ ਦਾ ਹਟਾਯਾ ਜਾਣਾ।

੩੦. ਬਾਜ਼ ਦਾਵਿਯਾਂ ਦੇ ਸੰਬੰਧੀ ਬਾਜ਼ ਹਾਲਤਾਂ ਵਿਚ ਅਦਾਲਤਾਂ ਦੇ ਫੈਸਲੇ।

੩੧. ਇਸ ਗਲ ਦਾ ਫੈਸਲਾ ਹੋਨ ਤਕ ਕਿ ਕੋਈ ਅਸਥਾਨ ਸਿਖ ਗੁਰਦੁਆਰਾ ਹੈ ਯਾ ਨਹੀਂ ਅਦਾਲਤਾਂ ਬਾਜੀਆਂ ਕਾਰਵਾਈਆਂ ਨੂੰ ਜਾਰੀ ਨਹੀਂ ਰਖਣਗੀਆਂ।

੩੨. ਅਦਾਲਤਾਂ ਵਿਚ ਚਲ ਰਹੇ ਮੁਕਦਮਿਆਂ ਦੀ ਤਬਦੀਲੀ।

੩੩. ਇਸ ਕਾਨੂਨ ਦੇ ਆਰੰਭ ਹੋਣ ਦੇ ਇਕ ਸਾਲ ਪਿਛੋਂ ਅਹੁਦੇਦਾਰਾਂ ਦੇ ਹਕਾਂ ਸਬੰਧੀ ਝਗੜੇ।

੩੪. ਅਦਾਲਤ ਖਾਸ ਦੇ ਹੁਕਮ ਦੇ ਬਰਖਿਲਾਫ ਅਪੀਲ।

੩੫. ਕੋਰਟ ਫੀਸ

੩੬. ਕੋਈ ਅਦਾਲਤ ਅਜੇਹੇ ਢੰਗ ਦਾ ਅਦਾਲਤੀ ਨੋਟਿਸ ਨਹੀਂ ਲਊਗੀ ਜਿਸ ਦੇ ਵਿਚ ਲੋਕਲ ਗੌਰਮਿੰਟ ਯਾ ਖਾਸ ਅਦਾਲਤ ਆਪਣੇ ਅਖਤਿਆਰ ਨੂੰ ਏਸ ਕਾਨੂਨ ਤੇ ਵਰਤੇਗੀ।

੩੭. ਅਦਾਲਤਾਂ ਨੂੰ ਡਿਗਰੀ ਦੇਣ ਦਾ ਜਾਂ ਓਹਦੀ ਇਜਰਾ ਕਰਨ ਦਾ ਕੋਈ ਅਧਿਕਾਰ ਨਹੀਂ ਜੇਹੜੀ ਕਿ ਖਾਸ ਅਦਾਲਤ ਦੇ ਫੈਸਲੇ ਨੂੰ ਉਲੰਘਨ ਕਰੇ।

ਭਾਗ ਦੂਸਰਾ

ਕਾਂਡ ੪

ਅਦਾਲਤ ਖਾਸ ਤੋਂ ਬਿਨਾਂ ਹੋਰਨਾਂ ਅਦਾਲਤਾਂ ਦੇ ਰਾਹੀਂ ਇਸ ਐਕਟ ਮੂਜਬ ਸਾਬਤ ਹੋਏ ਸਿਖ ਗੁਰਦਵਾਰਿਆਂ ਅਤੇ ਮੰਦਰਾਂ ਉਤੇ ਭਾਗ ਦੇ ਨੇਮਾਂ ਦਾ ਲਗਣਾ।

੩੮. ਉਹਨਾਂ ਹਾਲਤਾਂ ਜਿਨਾਂ ਵਿਚ ਕਿ ਪੈਹਲੇ ਹਿਸੇ ਦੇ ਮੁਤਾਬਿਕ ਕਾਰਵਾਈ ਨ ਕੀਤੀ ਗਈ ਹੋਵੇ ਤੀਸਰੇ ਹਿਸੇ ਦੇ ਹੁਕਮਾਂ ਨੂੰ ਕਿਸੇ ਗੁਰਦਵਾਰੇ ਪਰ ਲਗਾਨੇ ਦੇ ਸੰਬੰਧੀ ਮਾਮੂਲੀ ਅਦਾਲਤਾਂ ਵਿਚ ਚਾਰਾ ਜੋਈ।

ਭਾਗ ਤੀਸਰਾ

ਕਾਂਡ ੫

ਸਿਖ ਗੁਰਦਵਾਰਿਆਂ ਦਾ ਪ੍ਰਬੰਧ

ਕਾਂਡ ੬

ਬੋਰਡ

ਕਾਂਡ ੭

ਮੁਨਸਫੀ ਕਮੀਸ਼ਨ

ਕਾਂਡ ੮

ਗੁਰਦੁਆਰਿਆਂ ਦੀਆਂ ਕਮੇਟੀਆਂ

ਕਾਂਡ ੯

ਮਾਲੀਆਤ

ਕਾਂਡ ੧੦

ਬੋਰਡ ਦੇ ਅਧਿਕਾਰ ਤੇ ਫਰਜ਼

ਕਾਂਡ ੧੧

ਕਮੇਟੀਆਂ ਦੇ ਵਸੀਕਾਰ ਅਤੇ ਫਰਜ਼

ਕਾਂਡ ੧੨

ਫੁਟਕਲ

੧੪੬. ਚੋਣ ਦੀ ਕਾਰਵਾਈ ਵਿਚ ਤੈਹਕੀਕਾਤ ਕਰਨ ਦੇ ਲਈ ਮੁਕਰਰ ਹੋਏ ਹੋਏ ਅਫ਼ਸਰਾਂ ਨੂੰ ਅਦਾਲਤੀ ਅਖਤਿਆਰ ਦੇਣ ਦੇ ਵਾਸਤੇ ਸਥਾਨਕ ਸਰਕਾਰ ਦਾ ਅਖਤਿਆਰ।

੧੪੭. ਨਿਯਮ ਬਨੌਣ ਦੇ ਵਾਸਤੇ ਸਰਕਾਰ ਦਾ ਅਖਤਿਆਰ।

੧੪੮. ਕਮੀਸ਼ਨ ਦੀ ਬੋਲੀ।

ਫਰਦਾਂ:—

(੧) ਸਿਖ ਗੁਰਦਵਾਰੇ।

(੨) ਅਜੇਹੇ ਅਸਥਾਨ ਜਿਨ੍ਹਾਂ ਦੇ ਮੁਤੱਅਲਕ ਦਫਾ ੭ ਹੇਠਾਂ ਦਰਖਾਸਤ ਨਹੀਂ ਕੀਤੀ ਜਾ ਸਕਦੀ।

(੩) ਰਸੂਮ ਅਦਾਲਤ ਕੋਰਟ ਫੀਸ ਦਾ ਅੰਦਾਜ਼ਾ।

(੪) ਬੋਰਡ ਦੇ ਮੈਂਬਰਾਂ ਦੀ ਚੋਣ ਦੇ ਹਲਕੇ।

ਐਕਟ ਨੰਬਰ ੮ (ਮਸਦਰਾ) ੧੯੨੫

ਸਿਖ ਗੁਰਦੁਆਰਿਆਂ ਅਤੇ ਮੰਦਰਾਂ ਦੇ ਚੰਗੇਰੇ ਪ੍ਰਬੰਧ ਅਤੇ ਉਨ੍ਹਾਂ ਸਬੰਧੀ ਖੋਜ ਪੜਤਾਲ ਲਈ ਕਾਨੂਨ ਬਨੌਣ ਲਈ ਐਕਟ।

ਮੁਖ ਬੰਦ — ਚੂੰਕਿ ਇਸ ਗਲ ਦਾ ਬਾਨੂਨੂ ਬੰਨ੍ਹਣਾ ਜ਼ਰੂਰੀ ਹੈ ਕਿ ਸਿਖ ਗੁਰ-ਦਵਾਰਿਆਂ ਅਤੇ ਮੰਦਰਾਂ ਦਾ ਵਧੇਰੇ ਚੰਗਾ ਪ੍ਰਬੰਧ ਕੀਤਾ ਜਾਏ, ਉਨ੍ਹਾਂ ਸਬੰਧੀ ਮਾਮਲਿਆਂ ਦੀ ਖੋਜ ਪੜਤਾਲ ਕੀਤੀ ਜਾਏ ਅਤੇ ਝਗੜੇ ਨਬੇੜੇ ਜਾਣ, ਅਤੇ ਚੂੰਕਿ ਇਸ ਐਕਟ ਦੇ ਪਾਸ ਕਰਨ ਲਈ ਹਜ਼ੂਰ ਗਵਰਨਰ ਜਨਰਲ ਦੀ ਆਗਿਆ ਪਹਿਲਾਂ ਪ੍ਰਾਪਤ ਕੀਤੀ ਗਈ ਹੈ, ਇਸ ਲਈ ਹੇਠ ਲਿਖਿਆ ਐਕਟ ਪਾਸ ਕੀਤਾ ਜਾਂਦਾ ਹੈ:—

ਭਾਗ ੧

ਕਾਂਡ ੧

ਪ੍ਰਾਰੰਭਕ

੧. **ਛੋਟਾ ਸਿਰਨਾਵਾਂ ਵਰਤੋਂ ਦੀ ਹਦ ਅਤੇ ਆਰੰਭ** — (੧) ਇਸ ਐਕਟ ਦਾ ਨਾਂ "੧੯੨੫ ਵਾਲਾ ਸਿਖ ਗੁਰਦਵਾਰਾ ਤੇ ਮੰਦਰ ਐਕਟ" ਹੋਵੇਗਾ।

(੨) ਏਹ ਐਕਟ ਪੰਜਾਬ ਵਿਚ ਵਰਤਮਾਨ ਹੋਵੇਗਾ।

(੩) ਇਸ ਐਕਟ ਦੇ ਨਾਲ ੧੯੨੨ ਵਾਲਾ ਸਿਖ ਗੁਰਦਵਾਰਾ ਤੇ ਮੰਦਰ ਐਕਟ ਮਨਸੂਖ ਕੀਤਾ ਜਾਂਦਾ ਹੈ।

(੪) ਇਹ ਐਕਟ ਉਸ ਤਰੀਕ ਤੋਂ ਜਾਰੀ ਹੋਵੇਗਾ ਜੇਹੜੀ ਕਿ ਸਥਾਨਕ ਸ੍ਰਕਾਰ

ਇਸ ਸੰਬੰਧ ਵਿਚ ਐਲਾਨ ਦੁਆਰਾ ਮੁਕਰਰ ਕਰੇ।

੨.

ਵਿਸ਼ੇਸ਼ ਪਦਾਂ ਦੇ ਭਾਵ

ਇਸ ਐਕਟ ਵਿਚ, ਬਿਨਾਂ ਉਨ੍ਹਾਂ ਥਾਵਾਂ ਦੇ ਜਿਥੇ ਕੋਈ ਗਲ ਭਾਵ ਜਾਂ ਪ੍ਰਕਰਣ ਦੇ ਅਨਕੂਲ ਨ ਹੋਵੇ:–

(੧) "ਬੋਰਡ" ਤੋਂ ਭਾਵ ਉਹ ਸੈਂਟਰਲ ਬੋਰਡ ਹੈ ਜੋ ਭਾਗ ੩ ਵਿਚ ਦਿਤੇ ਨੇਮਾਂ ਅਨੁਸਾਰ ਬਨਿਆ ਹੋਵੇਗਾ।

(੨) "ਕਮੀਸ਼ਨ" ਤੋਂ ਭਾਵ ਉਹ ਮੁਨਸਫੀ ਕਮੀਸ਼ਨ ਹੈ ਜੋ ਭਾਗ ੩ ਵਿਚ ਦਿਤੇ ਨੇਮਾਂ ਅਨੁਸਾਰ ਬਣੀ ਹੋਵੇਗੀ।

(੩) "ਕਮੇਟੀ" ਤੋਂ ਭਾਵ ਓਹ ਪ੍ਰਬੰਧਕ ਕਮੇਟੀ ਹੈ ਜੋ ਭਾਗ ੩ ਵਿਚ ਦਿਤੇ ਨੇਮਾਂ ਅਨੁਸਾਰ ਬਣੀ ਹੋਵੇਗੀ।

(੪) "ਸੇਵਾਦਾਰ" ਤੋਂ ਭਾਵ ਓਹ ਮਨੁਖ ਹੋਵੇਗਾ ਜਿਸਦੇ ਸਪੁਰਦ ਕਿਸੇ ਗੁਰ-ਦਵਾਰੇ ਜਾਂ ਮੰਦਰ ਦਾ ਪ੍ਰਬੰਧ ਜਾਂ ਉਹਦੇ ਵਿਚ ਵਰਤੀਂਦੀ ਰਹੁਰੀਤ ਅਤੇ ਪੂਜਾ ਪਾਠ ਦਾ ਜਾਰੀ ਰਖਣਾ ਹੋਵੇ, ਭਾਵੇਂ ਉਹ ਮਹੰਤ, ਪੁਜਾਰੀ, ਗਰੰਥੀ, ਸੇਵਕ, ਸੰਤ, ਭਾਈ ਜਾਂ ਕਿਸੇ ਹੋਰ ਨਾਮ ਨਾਲ ਸਦੀਂਦਾ ਹੋਵੇ।

(੫) (ੳ) "ਅਹੁਦਾ" ਤੋਂ ਭਾਵ ਕੋਈ ਪਦਵੀ ਹੈ ਜਿਸਦਾ ਸਬੰਧ ਕਿਸੇ ਪੰਚਾਇਤੀ ਧਾਰਮਕ ਪੂਜਾ ਅਸਥਾਨ ਨਾਲ ਹੋਵੇ, ਜਾਂ ਕੋਈ ਹੋਰ ਪਦਵੀ ਜਿਹਦੇ ਕਾਰਨ ਉਸ ਅਹੁਦੇ ਦੇ ਧਾਰਣ ਵਾਲਾ ਉਕਤ ਅਸਥਾਨ ਦੇ ਪ੍ਰਬੰਧ ਵਿਚ ਹਿਸਾ ਲੈਂਦਾ ਹੋਵੇ, ਜਾਂ ਉਸਦੇ ਸੰਬੰਧ ਵਿਚ ਕੋਈ ਧਾਰਮਕ ਫਰਜ਼ ਅਦਾ ਕਰਦਾ ਹੋਵੇ।

"ਅਹੁਦੇਦਾਰ" ਤੋਂ ਭਾਵ ਅਜਿਹੀ ਪਦਵੀ ਧਾਰਨ ਕਰਨ ਵਾਲਾ ਹੈ।

(ਅ) "ਮੌਜੂਦਾ ਅਹੁਦੇਦਾਰ" ਤੋਂ ਭਾਵ ਉਹ ਆਦਮੀ ਹੈ ਜੋ ਇਸ ਐਕਟ ਦੇ ਜਾਰੀ ਕਰਨ ਵੇਲੇ ਕਿਸੇ ਅਹੁਦੇ ਉਤੇ ਹੋਵੇ।

(ੲ) ਪਿਛਲਾ ਅਹੁਦੇ ਦਾਰ ਤੋਂ ਭਾਵ ਉਹ ਅਹੁਦੇ ਦਾਰ ਆਦਮੀ ਹੈ ਜੋ ਅਹੁਦੇ ਦਾਰ ਰਹਿ ਚੁਕਾ ਹੋਵੇ ਪਰ ਇਸ ਐਕਟ ਦੇ ਜਾਰੀ ਹੋਣ ਤੋਂ ਪਹਿਲਾਂ ਅਪਣੇ ਅਹੁਦੇ ਤੋਂ ਹਟ ਗਿਆ ਹੋਵੇ।

(ਸ) "ਮੌਰੂਸੀ ਅਹੁਦੇਦਾਰ" ਉਹ ਅਹੁਦਾ ਹੈ ਜੋ ਇਕ ਜਨਵਰੀ ੧੯੨੦ ਤੋਂ ਪਹਿਲਾਂ ਮੌਰੂਸੀ ਹਕ ਵਜੋਂ ਜਾਂ ਸਮੇ ਦੇ ਅਹੁਦੇਦਾਰ ਦੇ ਨਾਮਜ਼ਦ ਕਰਨ ਤੇ ਪਿਛਲੇ ਰਿਵਾਜ ਦੇ ਅਨੁਸਾਰ ਜਾਂ ਉਸ ਅਹੁਦੇ ਦੀ ਬੁਨਿਆਦੀ ਸਕੀਮ ਅਨੁਸਾਰ ਜਾਂ ਕਿਸੇ ਦੀਵਾਨੀ ਅਦਾਲਤ ਦੇ ਹੁਕਮ ਅਨੁਸਾਰ ਮਿਲਿਆ

ਹੋਵੇ। ਇਹੋ ਜਿਹਾ ਅਹੁਦਾ ਰਖਣ ਵਾਲੇ ਨੂੰ "ਮੌਰੂਸੀ ਅਹੁਦੇਦਾਰ" ਕਿਹਾ ਗਿਆ ਹੈ।

(ਹ) "ਮੌਜੂਦਾ ਮੌਰੂਸੀ ਅਹੁਦੇਦਾਰ" ਤੋਂ ਭਾਵ ਉਹ ਆਦਮੀ ਹੈ ਜੋ ਇਸ ਐਕਟ ਦੇ ਜਾਰੀ ਹੋਣ ਸਮੇਂ ਮੌਰੂਸੀ ਅਹੁਦੇ ਦਾਰ ਹੋਵੇਗਾ।

(ਕ) "ਪਿਛਲਾ ਮੌਰੂਸੀ ਅਹੁਦੇ ਦਾਰ" ਤੋਂ ਭਾਵ ਉਹ ਆਦਮੀ ਹੈ ਜੋ ਮੌਰੂਸੀ ਅਹੁਦੇ ਦਾਰ ਰਹਿ ਚੁਕਾ ਹੋਵੇ।

(੫) "ਥਾਣੇ ਦਾ ਹਲਕਾ" ਉਹ ਸਥਾਨਕ ਹਲਕਾ ਹੈ ਜਿਸਦੀ ਹਦ ਬੰਦੀ ਸਥਾਨਕ ਸਰਕਾਰ ੧੮੯੮ ਦੇ ਜ਼ਾਬਤਾ ਫੌਜਦਾਰੀ ਦੇ ਅੰਕ ੪ ਦੇ ਲਘੂ ਅੰਕ ੧ ਪੈਰਾ ਨੰ: ਐਸ ਦੇ ਨੇਮ ਅਨੁਸਾਰ ਕਰੇ।

(੬) "ਨੀਯਤ ਕਰਨ ਤੋਂ" ਭਾਵ ਸਥਾਨਕ ਸਰਕਾਰ ਦਾ ਇਸ ਐਕਟ ਦੇ ਹੇਠਾਂ ਬਣਾਏ ਹੋਏ ਨੇਮਾਂ ਅਨੁਸਾਰ ਕਿਸੇ ਗਲ ਦਾ ਨੀਯਤ ਕਰਨਾ ਹੈ॥

(੭) ਜੇਕਰ ਅਹੁਦੇ ਦੀ ਜਾਨਸ਼ੀਨੀ ਮੌਰੂਸੀ ਹਕ ਦੇ ਮੁਤਾਬਕ ਵਰਤੋਂ ਵਿਚ ਆਵੇ, ਤਾਂ ਫਰਜ਼ੀ ਜਾਨਸ਼ੀਨ ਤੋਂ ਭਾਵ ਉਹ ਆਦਮੀ ਹੈ ਜੇਹੜਾ ਕਿਸੇ ਮੌਰੂਸੀ ਅਹੁਦੇ ਦੇ ਪਹਿਲਾਂ ਜਾਨਸ਼ੀਨ ਹੋਵੇ ਜਾਂ ਜੇਕਰ ਅਹੁਦੇ ਦੀ ਜਾਨਸ਼ੀਨੀ ਮੌਜੂਦਾ ਮੌਰੂਸੀ ਅਹੁਦੇਦਾਰ ਦੀ ਵਲੋਂ ਥਾਪੀ ਜਾਵੇ ਤਾਂ ਉਸ ਆਦਮੀ ਤੋਂ ਭਾਵ ਉਹ ਚੇਲਾ ਹੈ ਜਿਸ ਨੂੰ ਇਸ ਤਰੀਕੇ ਨਾਲ ੧ ਦਸੰਬਰ ੧੯੨੪ ਤੋਂ ਪਹਿਲਾਂ ਪਹਿਲਾਂ ਮੁਕਰਰ ਕੀਤਾ ਗਿਆ ਹੋਵੇ।

(੮) ਕਿਸੇ ਥਾਂ ਦੇ "ਵਸਨੀਕ" ਹੋਣ ਤੋਂ ਭਾਵ ਹੈ ਕਿਸੇ ਥਾਂ ਵਿਚ ਪੱਕੀ ਰਿਹਾਇਸ਼ ਰਖਣਾ ਜਾਂ ਉਸ ਥਾਂ ਵਿਚ ਜਿਮੀ ਦਾ ਮਾਲਕ ਹੋਣਾ ਜਾਂ ਵਾਹੀ ਕਰਨਾ ਜਾਂ ਕੋਈ ਹੋਰ ਕਾਰ ਵਿਹਾਰ ਕਰਨਾ।

(੯) "ਸਿਖ" ਤੋਂ ਭਾਵ ਉਹ ਪੁਰਸ਼ ਹੈ ਜੋ ਸਿਖ ਧਰਮ ਨੂੰ ਮੰਨਦਾ ਹੋਵੇ। ਜੇਕਰ ਇਹ ਸਵਾਲ ਉਠੇ ਕੇ ਅਮਕਾ ਆਦਮੀ ਸਿਖ ਹੈ ਜਾਂ ਨਹੀਂ, ਤਾਂ ਇਸ ਦਾ ਫੈਸਲਾ ਇਉਂ ਕੀਤਾ ਜਾਊਗਾ ਕਿ ਜੇ ਉਹ ਆਦਮੀ ਸੂਬਿਕ ਸਰਕਾਰ ਦੇ ਨੀਯਤ ਕੀਤੇ ਤਰੀਕੇ ਅਨੁਸਾਰ ਹੇਠ ਲਿਖੀ ਸੌਂਹ ਖਾਏ ਤਾਂ ਉਹ ਸਿਖ ਸਮਝਿਆ ਜਾਇਗਾ, ਨਹੀਂ ਤਾਂ ਨਹੀਂ:—

ਮੈ ਹਲਫੀਆ ਤੌਰ ਤੇ ਕਹਿੰਦਾ ਹਾਂ ਕਿ ਮੈਂ ਸਿਖ ਹਾਂ,
ਅਤੇ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਉਤੇ ਨਿਸਚਾ ਰਖਦਾ ਹਾਂ,
ਅਤੇ ਮੈਂ ਦਸਾਂ ਗੁਰੂ ਸਾਹਿਬਾਂ ਨੂੰ ਮੰਨਦਾ ਹਾਂ, ਅਤੇ ਮੇਰਾ ਕੋਈ ਹੋਰ ਮਜ਼ਹਬ ਨਹੀਂ ਹੈ।

(੧੦) "ਮੁਸ਼ਤਹਰ ਸਿਖ ਗੁਰਦੁਆਰੇ" ਤੋਂ ਭਾਵ ਕੋਈ ਗੁਰਦੁਆਰਾ ਹੈ ਜਿਸ ਨੂੰ

ਸਥਾਨਕ ਸਰਕਾਰ ਨੇ ਇਸ ਐਕਟ ਦੇ ਨੇਮਾਂ ਅਨੁਸਾਰ ਸਿਖ ਗੁਰਦੁਆਰਾ ਕਰਕੇ ਮਿਥਿਆ ਹੋਵੇ।

(੧੧) "ਖਜ਼ਾਨਾ" ਤੋਂ ਭਾਵ ਕੋਈ ਸਰਕਾਰੀ ਖਜ਼ਾਨਾ ਯਾ ਛੋਟਾ ਖਜ਼ਾਨਾ ਹੈ ਅਤੇ ਇਸਦੇ ਵਿਚ ਕੋਈ ਅਜੇਹਾ ਬੇਂਕ ਸ਼ਾਮਲ ਹੈ ਜਿਸਨੂੰ ਸਰਕਾਰੀ ਖਜ਼ਾਨੇ ਦਾ ਕੰਮ ਸੰਭਾਲਿਆ ਗਿਆ ਹੋਵੇ।

(੧੨) "ਅਦਾਲਤ ਖਾਸ" ਤੋਂ ਭਾਵ ਉਸ ਅਦਾਲਤ ਤੋਂ ਹੈ ਜੋ ਅੰਕ ੧੨ ਅਨੁਸਾਰ ਬਣੀ ਹੋਵੇ।

ਕਾਂਡ ੨

ਗੁਰਦੁਆਰਿਆਂ ਅਤੇ ਮੰਦਰਾਂ ਸੰਬੰਧੀ ਸੂਬਿਕ ਸਰਕਾਰ ਪਾਸ ਦਰਖਾਸਤਾਂ

ਦਫ਼ਾ ੩-(੧) ਫਰਦ ਨੰ: ੧ ਵਿਚ ਦਿਤੇ ਕਿਸੇ ਗੁਰਦੁਆਰੇ ਜਾਂ ਮੰਦਰ ਦਾ ਮੌਜੂਦਾ ਅਹੁਦੇਦਾਰ ਜਾਂ ਕੋਈ ਸਿਖ ਜਿਨੂੰ ਉਸ ਅਸਥਾਨ ਨਾਲ ਵਾਹ ਪੈਂਦਾ ਹੋਵੇ, ਇਸ ਐਕਟ ਦੇ ਜਾਰੀ ਹੋਣ ਤੋਂ ੯੦ ਦਿਨ ਦੇ ਅੰਦਰ ੨ ਸਥਾਨਕ ਸਰਕਾਰ ਪਾਸ ਹੋਮ ਡੀਪਾਰਟਮੈਂਟ ਦੇ ਸਕੱਤਰ ਦੇ ਰਾਹੀਂ ਇਕ ਫੈਰਿਸਤ ਅਪਣੇ ਦਸਖਤਾਂ ਹੇਠ ਅਤੇ ਅਪਣੀ ਤਸਦੀਕ ਕੀਤੀ ਹੋਈ ਭੇਜ ਸਕਦਾ ਹੈ ਜਿਸ ਵਿਚ ਉਸ ਅਸਥਾਨ ਦੀ ਸਾਰੀ ਗੈਰਮਨਕੂਲਾ ਜਾਇਦਾਦ ਜੋ ਪੰਜਾਬ ਵਿਚ ਹੈ ਹੇਠ ਲਿਖੇ ਵੇਰਵੇ ਅਨੁਸਾਰ ਦਰਜ ਹੋਵੇ:—ਉਹ ਪੂਜਾ ਅਸਥਾਨ ਖੁਦ, ਓਹਦੇ ਨਾਲ ਲਗੀਆਂ ਸਾਰੀਆਂ ਇਮਾਰਤਾਂ, ਉਸਦੀ ਗੈਰਮਨਕੂਲਾ ਜਾਇਦਾਦ ਸੰਬੰਧੀ ਸਾਰੇ ਹਕ ਅਤੇ ਨਕਦ ਫੰਡ ਜਿਨਾਂ ਤੋਂ ਲਗਾਤਾਰ ਆਮਦਨ ਜਾਂ ਨਫ਼ਾ ਪੰਜਾਬ ਵਿਚ ਪ੍ਰਾਪਤ ਕੀਤਾ ਜਾਂਦਾ ਹੋਵੇ। ਇਹ ਫਰਿਸਤ ਅਜੇਹੀ ਸ਼ਕਲ ਵਿਚ ਹੋਵੇਗੀ ਕਿ ਜਿਸ ਤੋਂ ਸਥਾਨਕ ਸਰਕਾਰ ਉਸ ਜਾਇਦਾਦ ਦੀ ਪਕੀ ਪਛਾਨ ਕਰ ਸਕੇ ਜੋ ਉਕਤ ਗੁਰਦੁਆਰੇ ਜਾਂ ਮੰਦਰ ਦੀ ਦਸੀ ਜਾਂਦੀ ਹੈ, ਅਤੇ ਇਸ ਵਿਚ ਹੋਰਨਾਂ ਗਲਾਂ ਦਾ ਭੀ ਵੇਰਵਾ ਹੋਵੇਗਾ ਜਿਨਾਂ ਦਾ ਪੁਛਣਾ ਸਰਕਾਰ ਨੀਯਤ ਕਰੇਗੀ।

ਫਰਦ ਵਾਲੇ ਗੁਰਦੁਆਰੇ ਜਾਂ ਮੰਦਰ ਦਾ ਸਿਖ ਗੁਰਦੁਆਰਾ ਜਾਂ ਮੰਦਰ ਪ੍ਰਗਟ ਕੀਤਾ ਜਾਣਾ। ਉਸ ਦੀ ਜਾਇਦਾਦ ਦੀ ਫੈਰਿਸਤ ਦਾ ਪ੍ਰਕਾਸ਼ਤ ਹੋਣਾ

(੨) ਉਪਰਲੇ ਲਘੂ ਅੰਕ (੧) ਵਿਚ ਦਿਤੇ ਨੇਮ ਅਨੁਕੂਲ ਤਿਆਰ ਹੋਈ ੨ ਫੈਰਿਸਤ ਪਹੁੰਚਣ ਤੇ ਸਥਾਨਕ ਸਰਕਾਰ ਜਿਤਨੀ ਛੇਤੀ ਹੋ ਸਕੇ ਐਲਾਨ ਦੁਆਰਾ ਪ੍ਰਗਟ ਕਰੇਗੀ ਕਿ ਉਹ ਗੁਰਦੁਆਰਾ ਜਾਂ ਮੰਦਰ ਸਿਖ ਗੁਰਦੁਆਰਾ ਜਾਂ ਮੰਦਰ ਹੈ। ਅਤੇ ਇਕ ਇਹੋ ਜਹੇ ਐਲਾਨ ਦੁਆਰਾ ਉਸ ਫੈਰਿਸਤ ਨੂੰ ਪ੍ਰਕਾਸ਼ਤ ਕਰੇਗੀ ਅਤੇ ਨਾਲ ਹੀ ਨੀਯਤ ਕੀਤੇ ਤਰੀਕੇ ਨਾਲ ਉਸ ਫੈਰਿਸਤ ਨੂੰ ਉਸ ਜ਼ਿਲੇ ਤਸੀਲ ਅਤੇ ਮਾਲੀ ਤੁਅਲਕੇ ਵਿਚ ਪ੍ਰਕਾਸ਼ਤ

ਕਰਾਵ੍ਹੇਗੀ ਜਿਸ ਵਿਚ ਉਹ ਗੁਰਦੁਵਾਰਾ ਜਾਂ ਮੰਦਰ ਅਸਥਾਪਨ ਹੈ ਅਤੇ ਜਿਸ ਵਿਚ ਉਸ ਅਸਥਾਂਨ ਸਬੰਧੀ ਫੈਰਿਸਤ ਵਿਚ ਦਿਤੀ ਕੋਈ ਜਾਇਦਾਦ ਵਾਕਿਆ ਹੈ ਇਸਤੋਂ ਛੁਟ ਇਸਸਬੰਧੀ ਨੀਯਤਕੀਤੀ ਲੋੜਅਨੁਸਾਰ ਹੋਰ ਇਤਲਾਹ ਭੀ ਦੇਵੇਗੀ

ਪੂਰੀ ਫੈਰਿਸਤ ਵਿਚ ਦਰਜ ਹੋਏ ਹੋਏ ਦਾਵ੍ਹਿਆਂ ਦੇ ਨੋਟਿਸ ਉਨ੍ਹਾਂ ਆਦਮੀਆਂ ਨੂੰ ਭੇਜੇ ਜਾਣਗੇ ਜਿਨ੍ਹਾਂ ਦੇ ਕਬਜ਼ੇ ਵਿਚ ਉਹ ਜਾਇਦਾਦ ਦਸੀ ਗਈ ਹੈ

ਸਥਾਨਕ ਸਰਕਾਰ ਜਿਤਨੀ ਛੇਤੀ ਹੋ ਸਕੇ ਇਕ ਰਜਿਸਟਰੀ ਕੀਤਾ ਹੋਯਾ ਨੋਟਿਸ ਉਸ ਹੱਕ, ਦਾਵ੍ਹੇ ਜਾਂ ਮੁਫਾਦ ਦੇ ਇਸਤਹਕਾਕ ਦੀ ਨਿਸਬਤ ਜੇਹੜੀ ਕਿ ਮੁਕਮਲ ਫੈਰਿਸਤਵਿਚ ਦਰਜ ਹੋਵੇ ਉਨ੍ਹਾਂ ਵਿਚੋਂ ਹਰੇਕ ਆਦਮੀ ਨੂੰ ਡਾਕ ਦੀ ਰਾਹੀਂ ਭੇਜੇਗੀ ਜਿਸਦਾ ਨਾਂ ਉਸ ਫੈਰਿਸਤ ਵਿਚ ਜਾਂ ਉਹਦੇ ਆਪਣੇ ਵਲੋਂ ਜਾਂ ਕਿਸੇ ਪਾਗਲ ਜਾਂ ਨਾਬਾਲਗ ਵਲੋਂ ਜਾਂ ਗੁਰਦੁਆਰੇ ਵਲੋਂ ਅਜਿਹੇ ਹਕ ਦਾਵੇ ਜਾਂ ਮੁਫਾਦ ਦੇ ਹਾਮਲ ਦੇ ਢੰਗ ਤੇ ਦਰਜ ਹੋਵੇ, ਪਰੰਤੂ ਸ਼ਰਤ ਏਹ ਹੈ ਕਿ ਅਜਿਹਾ ਕੋਈ ਨੋਟਿਸ ਨਹੀਂ ਭੇਜਣਾ ਚਾਹੀਦਾ ਜੇਕਰ ਉਹ ਮਨੁਖ ਜਿਸਦਾ ਨਾਮ ਕਾਬਿਜ਼ ਦੇ ਤੌਰ ਤੇ ਦਰਜ ਹੋਵੇ ਓਹੀ ਮਨੁਖ ਹੈ ਜਿਹਨੇ ਉਹ ਫੈਰਿਸਤਭੇਜੀ ਸੀ ਜਿਸਦੇ ਹੱਕਦਾਵ੍ਹੇਜਾਂਮੁਫਾਦਦਾਇਸਤਕਾਕ ਜ਼ਾਹਰਕੀਤਾ ਗਿਆਸੀ

੪ ਲਘੂ ਅੰਕ ੨ ਅਨੁਸਾਰ ਕੀਤੇ ਐਲਾਨ ਦਾ ਅਸਰ

ਲਘੂ ਅੰਕ(੨) ਦੇ ਹੁਕਮਾਂ ਦੇ ਅਨੁਸਾਰ ਜੇਹੜਾ ਬਿਆਨ ਅਤੇ ਫੈਰਿਸਤ ਪ੍ਰਕਾਸ਼ਤ ਕੀਤੀ ਜਾਵੇ, ਉਹ ਇਸ ਬਾਤ ਦਾ ਪਕਾ ਸਬੂਤ ਹੋਊਗੀ ਕਿ ਲਘੂ ਅੰਕ (੧) (੨) ਅਤੇ (੩) ਦੇ ਵਿਚ ਦਰਜ ਹੋਏ ੨ ਹੁਕਮਾਂ ਨੂੰ ਪੂਰਾ ਕੀਤਾ ਗਿਆ ਹੈ ਅਤੇ ਇਹ ਕਿ ਗੁਰਦੁਆਰਾ ਇਕ ਸਿਖ ਗੁਰ-ਦੁਆਰਾ ਹੈ, ਅਤੇ ਏਹ ਕਿ ਭਾਗ ੩ ਦੇ ਹੁਕਮ ਅਜਿਹੇ ਗੁਰਦੁਆਰੇ ਪਰ ਉਸ ਤਰੀਕ ਤੋਂ ਲਗਣਗੇ ਜਿਸ ਤਰੀਕ ਤੋਂ ਓਹ ਇਸ਼ਤਿਹਾਰ ਪ੍ਰਕਾਸ਼ਤ ਹੋਇਆ ਹੈ, ਜਿਹਦੇ ਵਿਚ ਓਹਨੂੰ ਗੁਰਦਵਾਰਾ ਥਾਪਿਆ ਗਿਆ ਹੈ।

ਦਫ਼ਾ—੪ ਜੇਕਰ ਫਰਦ ਨੰਃ ੧ ਵਿਚ ਦਿਤੇ ਹੋਏ ਕਿਸੇ ਗੁਰਦੁਆਰੇ ਜਾਂ ਮੰਦਰ

ਅੰਕ ੩ ਵਾਲੀ ਫ਼ੈਰਿਸਤ ਨ ਭੇਜਣ ਦਾ ਅਸਰ

ਸੰਬੰਧੀ ਅੰਕ ੩ ਦੇ ਲਘੂ ਅੰਕ ੧ ਅਨੁਸਾਰ ਕੋਈ ਫੈਰਿਸਤ ਨ ਭੇਜੀ ਗਈ ਤਾਂ ਸਥਾਨਕ ਸਰਕਾਰ ਇਸ ਐਕਟ ਦੇ ਜਾਰੀ ਹੋਣ ਤੋਂ ਪਿਛੋਂ ੯੦ ਦਿਨ ਉਡੀਕ ਕੇ ਐਲਾਨ ਦੁਆਰਾ ਪ੍ਰਗਟ ਕਰ ਦੇਵੇਗੀ ਕਿ ਗੁਰਦਵਾਰਾ ਜਾਂ ਮੰਦਰ ਫਰਦ ਨੰ: ੧ ਵਿਚੋਂ ਕਢਿਆ ਗਿਆ ਹੈ।

ਕਿਸੇ ਪੂਰੀ ਫੈਰਿਸਤ ਵਿਚ ਸ਼ਾਮਲ ਕੀਤੀ ਗਈ ਜਾਇਦਾਦ ਪਰ ਦਾਵ੍ਹਾ ਕਰਨ ਦੀ ਦਰਖਾਸਤਾਂ

ਦਫਾ ੫ (੧) ਅੰਕ ੩ ਦੇ ਲਘੂ ਅੰਕ (੨) ਅਨੁਸਾਰ ਕੀਤੇ ਐਲਾਨ ਦੇ ਪ੍ਰਕਾਸ਼ਤ ਹੋਣ ਉਪ੍ਰੰਤ ੯੦ ਦਿਨ ਦੇ ਅੰਦਰ ੨ ਕੋਈ ਆਦਮੀ ਸਥਾਨਕ ਸਰਕਾਰ ਪਾਸ ਹੋਮਡੀਪਾਰਟਮੈਂਟ ਦੇ ਸਕੱਤ੍ਰ ਸਾਹਿਬ ਦੇ ਰਾਹੀਂ ਦਰਖਾਸਤ ਕਰ ਸਕਦਾ ਹੈ ਕਿ ਮੈਨੂੰ

ਅੰਕ ੩ ਦੇ ਲਘੁ ਅੰਕ (੧) ਅਨੁਸਾਰ ਤਿਆਰ ਕੀਤੀ ਫੈਰਿਸਤ ਦੀ ਜਾਇਦਾਦ ਦੇ ਮੁਤਲਕ ਕਿਸੇ ਹਕ, ਦਾਵ੍ਹੇ ਜਾਂ ਮਫਾਦ ਦੇ ਉਲਟ ਉਜ਼ਰ ਹੈ ਪਰ ਉਹ ਖਾਸ ਗੁਰਦਵਾਰੇ ਵਿਚ ਕਿਸੇ ਹਕ ਦਾਵ੍ਹੇ ਜਾਂ ਮੁਫਾਦ ਦਾ ਦਾਵ੍ਹੇਦਾਰ ਨਹੀ ਹੋ ਸਕਦਾ।

ਲਘੁ ਅੰਕ (੧) ਦੇ ਹੇਠ ਦਰਖਾਸਤਾਂ ਪਰ ਦਸਖਤ ਕਰਨਾ ਅਤੇ ਉਨਾਂ ਦੀ ਤਸਦੀਕ ਕਰਨਾ

(੨) ਉਤਲੇ ਲਘੁ ਅੰਕ (੧) ਅਨੁਸਾਰ ਕੀਤੀ ਹੋਈ ਦਰਖਾਸਤ ਉਤੇ ਦਰਖਾਸਤ ਕਰਨ ਵਾਲੇ ਦੇ ਦਸਖਤ ਅਤੇ ਜਾਤੀ ਤਸਦੀਕ ਏਸੇ ਤਰਾਂ ਜਰੂਰੀ ਹੈ ਜਿਸ ਤਰਾਂ ਮਜਮੂਆ ਜਾਬਤਾ ਦੀਵਾਨੀ ੧੯੦੮ ਵਿਚ ਅਰਜ਼ੀ ਦਾਹਵਿਆਂ ਪਰ ਦਸਖਤ ਤਸਦੀਕ ਦੇ ਬਾਰੇ ਵਿਚ ਹੁਕਮ ਦਰਜ ਹਨ। ਅਤੇ ਉਸ ਨੂੰ ਇਹ ਦਸਣਾ ਜ਼ਰੂਰੀ ਹੋਵੇਗਾ ਕਿ ਉਜ਼ਰ ਦੀ ਕੀ ਬੁਨਿਆਦ ਹੈ ਅਤੇ ਕਿਸ ਕਿਸਮ ਦਾ ਹਕ, ਨਾਵਾਂ ਜਾਂ ਵਾਹ ਪੈਂਦਾ ਹੈ। ਅਤੇ ਦਾਹਵੇ ਦੇ ਕਾਰਣ ਬਿਆਨ ਕਰੇ।

ਅਜੇਹੀ ਜਾਇਦਾਦ ਦੇ ਮੁਤਲਕ ਇਸ਼ਤਹਾਰ ਜਿਸ ਦੇ ਬਾਰੇ ਵਿਚ ਲਘੁ ਅੰਕ (੧) ਹੇਠ ਦਾਹਵਾ ਨ ਕੀਤਾ ਗਿਆ ਹੋਵੇ ਅਤੇ ਅਜੇਹੇ ਇਸ਼ਤਹਾਰ ਦਾ ਅਸਰ

(੩) ਲਘੁ ਅੰਕ (੧) ਦੇ ਹੁਕਮਾ ਦੇ ਹੇਠ ਦਾਹਵਾ ਕਰਨ ਦੀ ਮਿਆਦ ਦੇ ਟਪ ਜਾਣ ਤੋਂ ਬਾਦ ਜਿਤਨੀ ਛੇਤੀ ਹੋਸਕੇ ਸਥਾਨਕ ਸਰਕਾਰ ਇਕ ਇਸ਼ਤਹਾਰ ਪ੍ਰਕਾਸ਼ਤ ਕਰੇਗੀ। ਜਿਸ ਦੇ ਵਿਚ ਅਜੇਹੀ ਜਾਇਦਾਦਾਂ ਦੇ ਸੰਬੰਧੀ ਹਕਾਂ ਦਾਹਵਿਆਂ ਅਤੇ ਮੁਫਾਦ ਦਾ ਨਿਰਨਾ ਕੀਤਾ ਜਾਵੇਗਾ। ਜਿਨਹਾਂ ਦੇ ਬਾਰੇ ਵਿਚ ਕੋਈ ਅਜਿਹਾ ਦਾਹਵਾ ਨਹੀ ਕੀਤਾ ਗਿਆ। ਅਤੇ ਅਜਿਹੇ ਇਸ਼ਤਹਾਰ ਦਾ ਪ੍ਰਕਾਸ਼ਤ ਹੋਣਾ ਇਸ ਗਲ ਦਾ ਪਕਾ ਸਬੂਤ ਹੋਵੇਗਾ। ਕਿ ਕਿਸੇ ਅਜੇਹੇ ਹਕ ਦਾਹਵੇ ਜਾਂ ਮੁਫਾਦ ਦੀ ਨਿਸਬਤ ਕੋਈ ਦਾਹਵਾ ਨਹੀ ਕੀਤਾ ਗਿਆ ਜਿਸ ਦਾ ਇਸ਼ਤਹਾਰ ਦੇ ਵਿਚ ਨਿਰਨਾ ਕੀਤਾ ਗਿਆ ਹੈ।

ਕਿਸੇ ਪ੍ਰਕਾਸ਼ਤ ਸਿਖ ਗੁਰਦਵਾਰੇ ਦੇ ਮੌਰੂਸੀ ਅਹੁਦੇਦਾਰ ਜਾਂ ਉਸ ਦੇ ਫਰਜ਼ੀ ਜਾ ਨਸ਼ੀਨ ਦੀ ਤਰਫੋਂ ਮੁਆਵਜੇ ਲਈ ਦਾਹਵਾ

ਦਫਾ ੬, ਕਿਸੇ ਗੁਰਦਵਾਰੇ ਦਾ ਪਿਛਲਾ ਜਾਂ ਮੌਜੂਦਾ ਅਹੁਦਾਦਾਰ ਜਿਸ ਦੇ ਮੁਤੱਲਕ ਅੰਕ (੩) ਦੇ ਲਘੁ ਅੰਕ ੨ ਦੇ ਹੁਕਮਾਂ ਦੇ ਬਮੂਜਬ ਕੋਈ ਇਸ਼ਤਹਾਰ ਪ੍ਰਕਾਸ਼ਤ ਹੋਯਾ ਹੋਵੇ ਜਿਸ ਵਿਚ ਦਸਿਆ ਗਿਆ ਗੁਰਦਵਾਰਾ ਸਿਖ ਗੁਰਦਵਾਰਾ ਕਰਾਰ ਦਿਤਾ ਗਿਆ ਹੋਵੇ। ਜਾਂ ਅਜਿਹੇ ਅਹੁਦੇਦਾਰ ਦਾ ਫਰਜ਼ੀ ਜਾਨਸ਼ੀਨ ਹੋਮ ਡੀਪਾਰਟਮੈਂਟ ਦੇ ਸਕੱਤ੍ਰ ਸਾਹਿਬ ਦੇ ਰਾਹੀਂ ਦਰਖਾਸਤ ਕਰ ਸਕਦਾ ਹੈ ਜੇਹੜੀ ਕਿ ਜ਼ਿਕਰ ਕੀਤੇ ਗਏ ਸਕਤ੍ਰ ਸਾਹਿਬ ਨੂੰ ਅਜਿਹੇ ਇਸ਼ਤਹਾਰ ਦੇ ਪ੍ਰਕਾਸ਼ਤ ਹੋਣ ਤੋਂ ੯੦ ਨਵੇ ਦਿਨ ਦੇ ਅੰਦਰ ੨ ਪਹੁੰਚ ਜਾਣੀ ਚਾਹੀ ਦੀ ਹੈ ਕਿ ਉਸ ਨੂੰ ਇਸ ਗਲ ਉਤੇ ਮੁਆਵਜ਼ਾ ਦੁਆਯਾ ਜਾਵੇ। ਕਿ ਅਜਿਹੇ ਆਦਮੀ ਨੂੰ ੧ ਜਨਵਰੀ ੧੯੨੦ ਦੇ ਪਿਛੇ ਅਤੇ ਜ਼ਿਕਰ ਕੀਤੇ ਗਏ ਇਸ਼ਤਹਾਰ ਦੇ ਪ੍ਰਕਾਸ਼ਤ ਹੋਣ ਦੀ

ਤਰੀਕ ਤੋਂ ਪਹਿਲਾਂ ਉਸ ਨੂੰ ਕਾਨੂਨ ਦੇ ਵਿਰੁਧ ਤਰੀਕੇ ਨਾਲ ਅਪਣੇ ਅਹੁਦੇ ਤੋਂ ਹਟਾਇਆ ਗਿਆ ਹੈ। ਅਤੇ ਕਿ ਉਸ ਅਹੁਦਾਦਾਰ ਜਾਂ ਉਸ ਦੇ ਫਰਜ਼ੀ ਜਾਨ-ਸ਼ੀਨ ਨੂੰ ਜ਼ਿਕਰ ਕੀਤੇ ਗਏ ਗੁਰਦੁਆਰੇ ਦੇ ਸਿਖ ਗੁਰਦਵਾਰਾ ਕਰਾਰ ਦਿਤੇ ਜਾਣ ਨਾਲ ਮਾਲੀ ਨੁਕਸਾਨ ਪਹੁੰਚਿਆ ਹੈ ਜਾਂ ਪਹੁੰਚੇਗਾ।

ਲਘੁ ਅੰਕ ੧ ਦੇ ਹੇਠ ਭੇਜੀਆਂ ਹੋਈਆਂ ਦਰਖਾਸ-ਤਾਂ ਤੇ ਦਸਖਤ ਕਰਨਾ ਤੇ ਉਨਾ ਦੀ ਤਸਦੀਕ

(੨) ਲਘੁ ਅੰਕ (੧) ਦੇ ਹੇਠ ਜੇਹੜੀ ਦਰਖਾਸਤ ਕੀਤੀ ਜਾਵੇ ਉਹਦੇ ਉਤੇ ਭੇਜਣ ਵਾਲਾ ਉਸੇ ਤਰੀਕੇ ਨਾਲ ਦਸਖਤ ਕਰੂਗਾ ਜਿਸ ਤਰਾਂ ਮਜਮੂਆ ਜ਼ਾਬਤਾ ਦੀਵਾਨੀ ੧੯੦੮ ਦੇ ਅਰਜ਼ੀ ਦਾਹਵਿਆਂ ਪਰ ਦਸਖਤ ਕਰਨ ਤੇ ਉਨਾਂ ਦੀ ਤਸਦੀਕ ਕਰਨ ਦੇ ਬਾਰੇ ਵਿਚ ਹੁਕਮ ਦਰਜ ਹਨ।

ਕਿਸੇ ਗੁਰਦਵਾਰੇ ਨੂੰ ਸਿਖ ਗੁਰਦੁਆਰਾ ਕਰਾਰ ਦਿਤੇ ਜਾਣ ਲਈ ਦਰਖਾਸਤ

ਦਫਾ ੭ (੧) ਕਿਸੇ ਗੁਰਦੁਆਰੇ ਦੇ ਪੰਜਾਹ ਜਾਂ ਜਿਆਦਾ ਪੂਜਾ ਕਰਨ ਵਾਲੇ ਸਿਖ ਜਿਨਾਂ ਵਿਚੋਂ ਹਰ ਏਕ ਦੀ ਉਮਰ ਇਸ ਐਕਟ ਦੇ ਜਾਰੀ ਕਰਨ ਵੇਲੇ ੨੧ ਸਾਲ ਤੋਂ ਵਧੀਕ ਹੋਵੇ ਅਤੇ ਉਹ ਉਸ ਥਾਣੇ ਦੇ ਹਲਕੇ ਦਾ ਵਸਨੀਕ ਹੋਵੇ ਜਿਹਦੇ ਵਿੱਚ ਅਜਿਹਾ ਗੁਰਦਵਾਰਾ ਵਾਕਿਆ ਹੋਵੇ। ਇਸ ਗਲ ਦੇ ਹਕਦਾਰ ਹੋਣਗੇ। ਕਿ ਉਹ ਹੋਮ ਡੀਪਾਰਟਮੈਂਟ ਦੇ ਸਕੱਤਰ ਸਾਹਿਬ ਦੀ ਰਾਹੀਂ ਸਥਾਨਕ ਸਰਕਾਰ ਦੀ ਸੇਵਾ ਵਿਚ ਏਸ ਗਲ ਦੀ ਇਕ ਚਿਠੀ ਕਿ ਉਸ ਗੁਰਦਵਾਰੇ ਨੂੰ ਸਿਖ ਗੁਰਦਵਾਰਾ ਕਰਾਰ ਦਿਤਾ ਜਾਵੇ ਭੇਜ ਸਕਦੇ ਹਨ, ਜੇਹੜੀ ਕਿ ਸਕਤ੍ਰ ਸਾਹਿਬ ਦੇ ਪਾਸ ਇਸ ਐਕਟ ਦੇ ਆਰੰਭ ਤੋਂ ਇਕ ਸਾਲ ਜਾਂ ਅਜਿਹੇ ਜਾਦੇ ਚਿਰ ਦੇ ਅੰਦਰ ਪਹੁੰਚ ਜਾਣੀ ਚਾਹੀਦੀ ਹੈ ਜਿਸ ਨੂੰ ਸਥਾਨਕ ਸਰਕਾਰ ਇਸ਼ਤਹਾਰ ਦੀ ਰਾਹੀਂ ਮੁਕਰਰ ਕਰੇ, ਪਰੰਤੂ ਸ਼ਰਤ ਏਹ ਹੈ ਕਿ ਸਥਾਨਕ ਸਰਕਾਰ ਕਿਸੇ ਅਜਿਹੇ ਗੁਰਦੁਆਰੇ ਦੇ ਬਾਰੇ ਵਿਚ ਇਸ਼ਤਹਾਰ ਦੀ ਰਾਹੀਂ ਐਲਾਨ ਕਰ ਸਕਦੀ ਹੈ ਕਿ ਦਰਖਾਸਤ ਜਾਬਤੇ ਅਨੁਸਾਰ ਭੇਜੀ ਹੋਈ ਸਮਝੀ ਜਾਊਗੀ, ਭਾਵੇਂ ਦਰਖਾਸਤ ਕਰਨ ਵਾਲੇ ਇਸ ਐਕਟ ਦੇ ਆਰੰਭ ਸਮੇਂ ਉਸ ਥਾਣੇ ਦੇ ਹਲਕੇ ਵਿਚ ਵਸਨੀਕ ਸਨ ਜਾ ਨਹੀਂ ਜਿਸਦੇ ਵਿਚ ਅਜਿਹਾ ਗੁਰਦਵਾਰਾ ਵਾਕਿਆ ਹੋਵੇ, ਅਤੇ ਏਹਦੇ ਪਿਛੇ ਅਜਿਹੇ ਗੁਰਦਵਾਰੇ ਦੇ ਬਾਰੇ ਵਿਚ ਏਸੇ ਤਰਾਂ ਦਰਖਾਸਤ ਪਰ ਧਿਆਨ ਦੇਵੇਗੀ। ਜਿਸ ਨੂੰ ਕਾਇਦੇ ਅਨੁਸਾਰ ਕਿਸੇ ਹੋਰ ਢੰਗ ਨਾਲ ਭੇਜਿਆ ਜਾਏ। ਗੋਯਾ ਕਿ ਉਹ ਦਰਖਾਸਤ ਕਰਨ ਵਾਲਿਆਂ ਨੇ ਜਾਬਤੇ ਅਨੁਸਾਰ ਤਰੀਕੇ ਨਾਲ ਭੇਜੀ ਸੀ ਜੇਹੜੇ ਅਜਿਹੇ ਰਕਬੇ ਦੇ ਵਸਨੀਕ ਸਨ। ਇਸ ਤੋਂ ਉਪਰੰਤ ਸ਼ਰਤ ਇਹ ਹੈ ਕਿ ਸਥਾ-ਨਕ ਸਰਕਾਰ ਕਿਸੇ ਅਜਿਹੀ ਦਰਖਾਸਤ ਪਰ ਧਿਆਨ ਦੇਵੇਗੀ ਜੇਹੜੀ ਕਿਸੇ

ਅਜਿਹੇ ਅਸਥਾਨ ਜੇਹੜਾ ਫਰਦ ਨੰ: ੧ ਜਾਂ ਫਰਦ ਨੰ: ੨ ਵਿਚ ਦਿਤੇ ਕਿਸੇ ਡੇਰੇ ਜਾਂ ਅਖਾੜੇ ਸੰਬੰਧੀ ਹੋਵੇ। ਜਦ ਤਕ ਕਿ ਫਰਦ ਨੰ: ੧ ਜਾਂ ਫਰਦ ਨੰ: ੨ ਨਾਲ ਦੇ ਅਜਿਹਾ ਅਸਥਾਨ ਦਫਾ ੪ ਦੇ ਅਨੁਸਾਰ ਫਰਦ ਨੰ: ੧ ਵਿਚ ਦਰਜ ਹੋਣ ਤੇ ਮੁਸਤਸਨਾ ਨਾ ਸਮਝਿਆ ਜਾਂਦਾ ਹੋਵੇ।

ਜਾਇਦਾਦ ਦੀ ਫੈਰਿਸਤ ਜਿਹਦਾ ਗੁਰਦਵਾਰੇ ਲਈ ਦਾਹਵਾ ਕੀਤਾ ਜਾਏ ਅਤੇ ਓਹਦੇ ਕਬਜ਼ੇ ਵਾਲਿਅ ਦੀ ਫੈਰਿਸਤ ਲਘੂ ਅੰਕ [੧] ਦੇ ਹੇਠ ਫੈਰਿਸਤ ਨਾਲ ਸ਼ਾਮਲ ਹੋਣੀ ਚਾਹੀਦੀ ਹੈ।

(੨) ਉਤਲੇ ਲਘੂ ਅੰਕ (੧) ਅਨੁਸਾਰ ਪੇਸ਼ ਕੀਤੀ ਹੋਈ ਦਰਖਾਸਤ ਵਿਚ ਜੇਹੜੇ ਪੂਜਾ ਅਸਥਾਨ ਸੰਬੰਧੀ ਓਹ ਦਰਖਾਸਤ ਹੋਵੇ ਓਹਦਾ ਨਾਮ ਦਰਜ ਹੋਵੇਗਾ ਅਤੇ ਜ਼ਿਲੇ, ਤਸੀਲ ਅਤੇ ਮਾਲੀ-ਤਅਲਕੇ ਦਾ ਨਾਮ ਹੋਵੇਗਾ। ਜਿਸ ਦੇ ਵਿਚ ਓਹ ਅਸਥਾਨ ਵਾਕਿਆ ਹੈ। ਅਤੇ ਨਾਲ ਹੀ ਇਕ ਫੈਰਿਸਤ ਹੋਵੇਗੀ ਜਿਸ ਉਤੇ ਦਰਖਾਸਤ ਕਰਨ ਵਾਲਿਆਂ ਦੇ ਦਸਖਤ ਅਤੇ ਸਹੀ ਪਈ ਹੋਵੇਗੀ। ਅਤੇ ਜਿਸ ਵਿਚ ਅਸਥਾਨ ਦੀ ਸਾਰੀ ਗੈਰ-ਮਨਕੂਲਾ ਜਾਇਦਾਦ ਜੇਹੜੀ ਪੰਜਾਬ ਵਿਚ ਹੈ। ਹੇਠ ਲਿਖੇ ਵੇਰਵੇ ਨਾਲ ਦਰਜ ਹੋਵੇਗੀ। ਓਹ ਪੂਜਾ ਅਸਥਾਨ ਖੁਦ, ਓਹਦੇ ਨਾਲ ਲਗੀਆਂ ਸਾਰੀਆਂ ਇਮਾਰਤਾਂ, ਓਸਦੀ ਗੈਰਮਨਕੂਲਾ ਜਾਇਦਾਦ ਸਾਰੇ ਹੱਕ ਅਤੇ ਨਕਦ ਫੰਡ ਜਿਨਾਂ ਤੇ ਲਗਾਤਾਰ ਆਮਦਨ ਜਾਂ ਨਫ਼ਾ ਜੇਹੜਾ ਪੰਜਾਬ ਵਿਚ ਪ੍ਰਾਪਤ ਕੀਤਾ ਜਾਂਦਾ ਹੋਵੇ। ਅਤੇ ਬਿਆਨ ਅਤੇ ਫੈਰਿਸਤ ਅਜਿਹੀ ਸ਼ਕਲ ਵਿਚਹੋਣਗੇ ਕਿ ਜਿਨਾਂ ਤੋਂ ਸਥਾਨਕਸਰਕਾਰ ਓਸ ਜਾਇਦਾਦ ਦੀ ਪਕੀ ਪਛਾਣ ਕਰ ਸਕੇ ਜੋ ਓਸ ਪੂਜਾ ਅਸਥਾਨ ਦੀ ਦਸੀ ਜਾਂਦੀ ਹੈ ਅਤੇ ਇਨਾਂ ਵਿਚ ਹੋਰਨਾ ਗਲਾਂ ਦਾ ਭੀ ਵੇਰਵਾ ਹੋਵੇਗਾ। ਜਿਨਾਂ ਦਾ ਪੁਛਣਾ ਸਰਕਾਰ ਨੀਅਤ ਕਰੇਗੀ। ਨਾਲ ਹੀ ਉਨਾਂ ਗਲਾਂ ਦੇ ਉਤੇ ਦਰਖਾਸਤ ਕਰਨ ਵਾਲਿਆਂ ਦਾ ਦਾਹਵਾਹੋਵੇ ਕਿ ਓਹ ਚੀਜ਼ਾਂ ਓਨਾਂ ਦੇ ਖਿਆਲਦੇ ਵਿਚ ਓਸਗੁਰਦਵਾਰੇ ਦੇ ਸੰਬੰਧ ਵਿਚ ਹਨ। ਫੈਰਿਸਤ ਦੇ ਵਿਚ ਓਸ ਆਦਮੀ ਦਾ ਨਾਮ ਬਿਆਨ ਕੀਤਾ ਜਾਣਾ ਚਾਹੀਦਾ ਹੈ। ਜੇਹੜਾ ਅਜੇਹਾ ਹਕ ਰਖਦਾ, ਜਾਂ ਦਾਹਵਾ ਰਖਦਾ ਜਾਂ ਜਿਸ ਦਾ ਵਾਹ ਪੈਂਦਾ ਹੋਵੇ। ਜੇ ਕੋਈ ਅਜੇਹਾ ਸ਼ਖਸ ਜੇਹੜਾ ਪਾਗਲ ਯਾ ਨਾਬਾਲਕ ਹੋਵੇ ਤਾਂ ਉਹਦੇ ਕਾਨੂਨੀ ਯਾ ਕੁਦਰਤੀ ਸਰਪ੍ਰਸਤ ਦਾ ਨਾਮ ਜਾਂ ਜੇਕਰ ਕੋਈ ਅਜੇਹਾ ਸਰਪ੍ਰਸਤ ਨਾਂ ਹੋਵੇ ਤਾਂ ਓਸ ਸ਼ਖਸ ਦਾ ਨਾਮ ਜਿਸ ਦੇ ਪਾਸ ਓਹ ਪਾਗਲ ਜਾਂ ਨਾਬਾਲਗ ਰਹਿੰਦਾ ਹੋਵੇ। ਅਤੇ ਜੇਕਰ ਕੋਈ ਅਜੇਹਾ ਸ਼ਖਸ ਨ ਹੋਵੇ ਤਾਂ ਓਸ ਸ਼ਖਸ ਦਾ ਨਾਮ ਜੇਹੜਾ ਵਾਕਈ ਜਾਂ ਲਾਜ਼ਮੀ ਤੌਰ ਵਾਹ ਰਖਦਾ ਹੋਵੇ ਅਤੇ ਜੇਕਰ ਕਿਸੇ ਅਜੇਹੇ ਹਕ, ਦਾਹਵੇ ਜਾਂ ਵਾਹ ਦੀ ਨਿਸਬਤ ਵਰਨਣ ਕੀਤਾ ਜਾਵੇ, ਕਿ ਓਹ ਕਿਸੇ ਸ਼ਖਸ ਦੇ ਜ਼ਰੀਏ ਗੁਰਦਵਾਰੇ ਦੇ ਕਬਜ਼ੇ ਵਿਚ ਹੈ ਤਾਂ ਉਸ ਆਦਮੀ ਦਾ ਨਾਮ ਫੈਰਿਸਤ ਵਿਚ ਦਰਜ ਕੀਤਾ ਜਾਊਗਾ ਅਤੇ ਦਰਖਾਸਤ

ਅਤੇ ਫੈਰਿਸਤ ਅਜੇਹੀ ਸੂਰਤ ਵਿਚ ਹੋਣਗੀਆਂ।

ਲਘੂ ਅੰਕ ੧, ੨ ਦੇ ਹੇਠ ਵਸੂਲ ਹੋਈ ੨ ਦਰਖਾਸਤ ਅਤੇ ਫੈਰਿਸਤ ਦਾ ਪ੍ਰਕਾਸ਼ਤ ਹੋਣਾ।

(੩) ਦਰਖਾਸਤ ਦੇ ਪਹੁੰਚਣ ਤੇ ਜੇਕਰ ਸਥਾਨਕ ਸਰਕਾਰ ਨੂੰ ਤੱਸਲੀ ਹੋ ਜਾਵੇ ਕਿ ਉਹ ਦਰਖਾਸਤ ਉਕਤ ਲਘੂ ਅੰਕ ਦੇ ਅਨੁਕੂਲ ਯੋਗ ਤਰੀਕੇ ਨਾਲ ਸਹੀ ਪੈਕੇ ਪੇਸ਼ ਹੋਈ ਹੈ, ਤਾਂ ਜਿਤਨੀ ਜਲਦੀ ਹੋ ਸਕੇ ਤਾਂ ਉਸਨੂੰ ਨਾਲ ਦੀ ਫੈਰਿਸਤ ਸਮੇਤ ਇਕ ਐਲਾਨ ਦੁਆਰਾ ਪ੍ਰਕਾਸ਼ਤ ਕਰੇਗੀ ਅਤੇ ਨਾਲ ਹੀ ਨੀਯਤ ਕੀਤੇ ਤਰੀਕੇ ਨਾਲ ਉਸ ਦਰਖਾਸਤ ਅਤੇ ਫੈਰਿਸਤ ਨੂੰ ਓਸ, ਜ਼ਿਲੇ ਤਸੀਲ ਅਤੇ ਮਾਲੀ ਤਅ-ਲਕੇ ਵਿਚ ਪ੍ਰਕਾਸ਼ਤ ਕਰਾਏਗੀ। ਜਿਸ ਵਿਚ ਉਹ ਪੂਜਾ ਅਸਥਾਨ ਅਸਥਾਪਨ ਹੈ ਅਤੇ ਜਿਸ ਵਿਚ ਉਸ ਫੈਰਿਸਤ ਵਿਚ ਦਿਤੀ ਕੋਈ ਜਾਇਦਾਦ ਵਾਕਿਆ ਹੈ, ਇਸਤੋਂ ਛੁਟ ਇਸ ਸਬੰਧੀ ਨੀਯਤ ਕੀਤੀ ਲੋੜ ਅਨੁਸਾਰ ਹੋਰ ਇਤਲਾਹ ਭੀ ਦੇਵੇਗੀ।

(੪) ਸਥਾਨਕ ਸਰਕਾਰ ਜਿਤਨੀ ਛੇਤੀ ਹੋ ਸਕੇ ਰਜਿਸਟਰੀ ਹੋਯਾ ੨ ਨੋਟਿਸ ਉਸ, ਹਕ, ਦਾਹਵੇ ਜਾਂ ਮੁਫਾਦ ਦੇ ਮੁਸਤਹਿਕ ਹੋਣ ਦੀ ਨਿਸਬਤ ਜੋ ਫੈਰਿਸਤ ਵਿਚ ਦਰਜ ਹਨ। ਉਨਾਂ ਵਿਚੋਂ ਹਰ ਇਕ ਪੁਰਸ਼ ਨੂੰ ਡਾਕ ਦੀ ਰਾਹੀਂ ਭੇਜੇਗੀ ਜਿਸ ਦਾ ਨਾਮ ਉਸ ਫੈਰਿਸਤ ਵਿਚ ਜਾਂ ਤਾਂ ਅਪਣੇ ਵਲੋਂ ਜਾਂ ਕਿਸੇ ਪਾਗਲ ਜਾਂ ਨਬਾਲਗ ਦੀ ਵਲੋਂ ਜਾਂ ਗੁਰਦੁਆਰੇ ਵਲੋਂ ਏਸੇ ਹਕ ਦਾਹਵੇ ਜਾਂ ਮੁਫਾਦ ਦੇ ਹਾਮਲ ਦੇ ਤੌਰ ਤੇ ਦਰਜ ਹੋਵੇ ਪਰ ਸ਼ਰਤ ਏਹ ਹੈ ਕਿ ਕਿਸੇ ਅਜੇਹੇ ਨੋਟਿਸ ਦੇ ਭੇਜਨ ਦੀ ਲੋੜ ਨਹੀਂ। ਜੇਕਰ ਓਹ ਆਦਮੀ ਜਿਸ ਦਾ ਨਾਮ ਬਤੌਰ ਕਾਬਿਜ਼ ਦਰਜ ਹੈ ਓਹੀ ਆਦਮੀ ਹੈ। ਜੇਹੜਾ ਫ਼ੈਰਿਸਤ ਦੇ ਭੇਜਣ ਵਿਚ ਸ਼ਾਮਲਹੈ।

ਲਘੂ ਅੰਕ ੩ ਦੇ ਹੁਕਮਾਂ ਦੇ ਅਨੁਸਾਰ ਫ਼ੈਰਿਸਤ ਦੇ ਪ੍ਰਕਾਸ਼ਤ ਹੋਣ ਦਾ ਅਸਰ

(੫) ਲਘੂ ਅੰਕ (੩) ਦੇ ਹੁਕਮਾਂ ਅਨੁਸਾਰ ਕਿਸੇ ਇਸ਼ਤਿਹਾਰ ਦਾ ਪ੍ਰਕਾਸ਼ਤ ਹੋਣਾ ਏਸ ਗਲ ਦਾ ਪਕਾ ਸਬੂਤ ਹੋਵੇਗਾ। ਕਿ ਲਘੂ ਅੰਕ (੧) (੨) (੩) ਅਤੇ (੪) ਦੇ ਲਿਖੇ ਹੋਏ ਹੁਕਮਾਂ ਦੀ ਕਨੂਨ ਅਨੁਸਾਰ ਤਮੀਲ ਹੋਗਈ ਹੈ।

ਏਸ ਐਲਾਨ ਦੇ ਕੀਤੇ ਜਾਣ ਦੇ ਮੁਤਅਲਕ ਦਰਖਾਸਤ ਕਿ ਕੋਈ ਅਸਥਾਨ ਜਿਸ ਨੂੰ ਸਿਖ ਗੁਰਦੁਆਰ ਦਸਿਆ ਗਿਆ ਹੈ ਅਜੇਹਾ ਗੁਰਦੁਆਰਾ ਨਹੀਂ

ਦਫਾ ੮. ਜਦੋਂ ਕਿਸੇ ਗੁਰਦੁਆਰੇਦੇ ਮੁਤੱਲਕ ਲਘੂਅੰਕ (੩) ਤੇ(੭) ਦੇ ਹੁਕਮਾਂ ਹੇਠ ਇਸ਼ਤਿਹਾਰ ਪ੍ਰਕਾਸ਼ਤ ਕੀਤਾ ਗਿਆ ਹੋਵੇ। ਤਾਂ ਉਸਦਾ ਕੋਈ ਮੌਰੂਸੀ ਅਹੁਦੇਦਾਰ ਜਾਂ ਉਹਦੇ ਵਿਚੋਂ ੨੦ ਜਾਂ ਜ਼ਿਆਦਾ ਪੁਜਾਰੀ ਜਿਨਾਂ ਵਿਚੋਂ ਹਰ ਇਕ ਦੀ ਉਮਰ ੨੧ ਬਰਸ ਤੋਂ ਵਧੀਕ ਅਤੇ ਜੇਹੜਾ ਏਸ ਕਾਨੂਨ ਦੇ ਲਗਨ ਦੇ ਵੇਲੇ ਉਸ ਪੋਲੀਸ ਥਾਨੇ ਦੇ ਹਲਕੇ ਵਿਚ ਵਸਨੀਕ ਸੀ ਜਿਸ ਦੇ ਅੰਦਰ ਕਿ ਉਹ ਗੁਰਦੁਆਰਾ ਬਣਿਆ ਹੋਇਆ ਹੈ। ਉਹਨਾਂ ਨੂੰ ਇਸ

ਗਲ ਦਾ ਹਕ ਹੋਵੇਗਾ ਕਿ ਹੋਮ ਡੀਪਾਰਟਮੈਂਟ ਦੇ ਸਕੱਤ੍ਰ ਸਾਹਿਬ ਦੀ ਰਾਹੀਂ ਸਥਾਨਕ ਸਰਕਾਰ ਦੀ ਸੇਵਾ ਵਿਚ ਇਕ ਲਿਖਤੀ ਦਰਖ਼ਾਸਤ ਜਿਸਦੇ ਉਤੇ ਭੇਜਣ ਵਾਲਾ ਜਾਂ ਭੇਜਣ ਵਾਲਿਆਂ ਦੇ (ਜਿਹੋ ਜਹੀ ਕਿ ਹਾਲਤ ਹੋਵੇ) ਦਰਖ਼ਾਸਤ ਅਤੇ ਤਸਦੀਕ ਹੋਵੇ ਅਤੇ ਜੇਹੜੀ ਸਕੱਤ੍ਰ ਸਾਹਿਬ ਦੇ ਕੋਲ ਇਸ ਇਸ਼ਤਿਹਾਰ ਦੇ ਪ੍ਰਕਾਸ਼ਤ ਹੋਣ ਤੋਂ ੯੦ ਦਿਨ ਦੇ ਅੰਦਰ ਪਹੁੰਚ ਜਾਣੀ ਚਾਹੀਦੀ ਹੈ। ਇਸ ਗਲ ਦੀ ਪੇਸ਼ ਕਰਨ ਕਿ ਗੁਰਦੁਆਰਾ ਕੋਈ ਸਿਖ ਗੁਰਦੁਆਰਾ ਨਹੀਂ ਤੇ ਉਹ ਇਸ ਦਰਖ਼ਾਸਤ ਦੇ ਵਿਚ ਏਹ ਭੀ ਦਾਹਵਾ ਕਰ ਸਕਦੇ ਹਨ ਕਿ ਕੋਈ ਮੌਰੂਸੀ ਅਹੁਦਾ-ਦਾਰ ਜਾਂ ਅਜਿਹਾ ਆਦਮੀ ਜੇਹੜਾ ਅਜੇਹੇ ਇੰਤਜ਼ਾਮ ਦੇ ਤਰੀਕੇ ਦੇ ਮਤੈਹਤ ਜੇਹੜੀ ੧ ਜਨਵਰੀ ੧੯੨੦ ਤੋਂ ਪਹਿਲਾਂ ਵਰਤੋਂ ਵਿਚ ਸੀ। ਅਜੇਹੇ ਅਹੁਦੇਦਾਰ ਦਾ ਜਾਨਸ਼ੀਨ ਹੁੰਦਾ ਉਹਨੂੰ ਇਸ ਗਲ ਉਤੇ ਅਪਣੇ ਅਹੁਦੇ ਉਤੇ ਮੁਕਰਰ ਕੀਤਾ ਜਾਏ, ਕਿ ਉਹ ਗੁਰਦੁਆਰਾ ਕੋਈ ਸਿਖ ਗੁਰਦੁਆਰਾ ਨਹੀਂ ਅਤੇ ਅਜੇਹਾ ਅਹੁਦੇਦਾਰ ਉਸ ਦਿਨ ਤੋਂ ਪ੍ਰਯੰਤ ਅਹੁਦੇਦਾਰ ਨਹੀਂ ਰਿਹਾ ਸੀ। ਅਤੇ ਸ਼ਰਤ ਏਹ ਹੈ ਕਿ ਸਥਾਨਕ ਸਰਕਾਰ ਨੂੰ ਇਸ ਗਲ ਦਾ ਇਖਤਿਆਰ ਹੋਵੇਗਾ ਕਿ ਕਿਸੇ ਅਜੇਹੇ ਗੁਰਦੁਆਰੇ ਦੇ ਮੁਤਅਲਕ ਇਸ਼ਤਿਹਾਰ ਦੀ ਰਾਹੀਂ ਐਲਾਨ ਕਰ ਦੇਵੇ ਕਿ ਉਸ ਗੁਰਦੁਆਰੇ ਵਿਚ ੨੦ ਜਾਂ ਵਧੀਕ ਪੂਜਾ ਕਰਨ ਵਾਲੇ ਆਦਮੀਆਂ ਦੀ ਦਰਖਾਸਤ ਕਾਨੂਨ ਅਨੁਸਾਰ ਭੇਜੀ ਹੋਈ ਖਿਆਲ ਕੀਤੀ ਜਾਵੇਗੀ ਭਾਵੇਂ ਭੇਜਣ ਵਾਲੇ ਇਸ ਕਾਨੂਨ ਦੇ ਆਰੰਭ ਵੇਲੇ ਇਸ ਥਾਨਾ ਪੋਲੀਸ ਦੇ ਹਲਕੇ ਵਿਚ ਵਸਨੀਕ ਸਨ ਜਾਂ ਨਹੀਂ ਜਿਥੇ ਕਿ ਉਹ ਗੁਰਦੁਆਰਾ ਵਾਕਿਆ ਹੈ ਅਤੇ ਇਸ ਤੋਂ ਪਿਛੋਂ ਸਥਾਨਕ ਸਰਕਾਰ ਇਸ ਦਰਖਾਸਤ ਦੀ ਨਿਸਬਤ ਜੇਹੜੀ ਕਿਸੇ ਅਜੇਹੇ ਗੁਰਦੁਆਰੇ ਦੇ ਸੰਬੰਧ ਵਿਚ ਕਿਸੇ ਹੋਰ ਢੰਗ ਦੇ ਕਾਨੂਨ ਅਨੁਸਾਰ ਭੇਜੀ ਗਈ ਹੋਵੇ ਠੀਕ ਅਜੇਹੀ ਕਾਰਵਾਈ ਕਰੇਗੀ ਜਿਸ ਤੇ ਏਹ ਸਮਝਿਆ ਜਾਵੇਗਾ ਕਿ ਦਰਖਾਸਤ ਉਨ੍ਹਾਂ ਭੇਜਣ ਵਾਲਿਆਂ ਵਲੋਂ ਕਨੂਨ ਅਨੁਸਾਰ ਭੇਜੀ ਗਈ ਜੇਹੜੇ ਕਿ ਉਸ ਇਲਾਕੇ ਦੇ ਵਸਨੀਕ ਹਨ।

ਦਫਾ ੯. ਜੇਕਰ ਕਿਸੇ ਅਜੇਹੇ ਗੁਰਦੁਆਰੇ ਦੇ ਮੁਤਲਕ ਜਿਸ ਤੋਂ ਦਫਾ ੭ ਲਘੂ ਅੰਕ (੩) ਦੇ ਹੁਕਮਾਂ ਅਨੁਸਾਰ ਐਲਾਨ ਹੋ ਚੁਕਾ ਹੋਵੇ ਦਫਾ ੮ ਦੇ ਹੁਕਮ ਅਨੁਸਾਰ ਕੋਈ ਦਰਖਾਸਤ ਪੇਸ਼ ਨਾ ਕੀਤੀ ਜਾਏ, ਤਾਂ ਸਥਾਨਕ ਸਰਕਾਰ ਇਸ ਇਸ਼ਤਿਹਾਰ ਦੀ ਤਰੀਕ ਤੋਂ ੯੦ ਦਿਨ ਗੁਜਰਨ ਦੇ ਪਿਛੋਂ ਇਕ ਇਸ਼ਤਿਹਾਰ ਪ੍ਰਕਾਸ਼ਤ ਕਰੇਗੀ ਜਿਸ ਦੇ ਵਿਚ ਏਹ ਐਲਾਨ ਕੀਤਾ ਜਾਇਗਾ ਕਿ ਉਹ ਗੁਰਦੁਆਰਾ ਇਕ ਸਿਖ ਗੁਰਦੁਆਰਾ ਹੈ।

ਦਫਾ ੮ ਦੇ ਹੇਠ ਦਰਖਾਸਤ ਕਰਨ ਤੋਂ ਵਾਂਝੇ ਰਹਿਣ ਦਾ ਫਲ

੨ ਲਘੂ ਅੰਕ (੧) ਦੇ ਮਤੈਹਤ ਇਸ਼ਤਹਾਰ ਦੇ ਪ੍ਰਕਾਸ਼ਤ ਕਰਨ ਦਾ ਅਸਰ।

ਲਘੂ ਅੰਕ (੧) ਦੇ ਹੁਕਮ ਅਨੁਸਾਰ ਇਸ਼ਤਿਹਾਰ ਦਾ ਪ੍ਰਕਾਸ਼ਤ ਕਰਨਾ ਇਸ ਗਲ ਦਾ ਪੂਰਾ ਸਬੂਤ ਹੋਵੇਗਾ ਕਿ ਓਹ ਗੁਰਦੁਆਰਾ ਇਕ ਸਿਖ ਗੁਰਦੁਆਰਾ ਹੈ ਅਤੇ ਉਸ ਗੁਰਦੁਆਰੇ ਤੇ ਤੀਸਰੇ ਭਾਗ ਦੇ ਹੁਕਮ ਅਨੁਸਾਰ ਇਸ ਇਸ਼ਤਿਹਾਰ ਦੇ ਪ੍ਰਕਾਸ਼ਤ ਕਰਨ ਦੀ ਤਰੀਕ ਤੋਂ ਆਰੰਭ ਹੋਣਗੇ।

ਦਫਾ ੧੦

ਅੰਕ ੭ [੩] ਅਨੁਸਾਰ ਜਾਏਦਾਦ ਬਾਬਤ ਦਾਹਵੇ ਦੇ ਵਿਰੁਧ ਉਤਰ

੧—(੩)ਅਨੁਸਾਰ ਕੀਤੇ ਐਲਾਨ ਦੇ ਪ੍ਰਕਾਸ਼ਤ ਹੋਣ ਉਪ੍ਰੰਤ ੯੦ ਦਿਨ ਦੇ ਅੰਦਰ ੨ ਕੋਈ ਆਦਮੀ ਸਥਾਨਕ ਸ੍ਰਕਾਰ ਪਾਸ ਮੈਹਕਮਾ ਜਾਤ ਮੁੰਤਕਲਾਦੇ ਸਕਤਰ ਦੀ ਰਾਹੀਂ ਦਰਖਾਸਤ ਕਰ ਸਕਦਾ ਹੈ ਕਿ ਮੈਨੂੰ ਅੰਕ ੭ (੩) ਵਿਰੁਧ ਉਜਰ ਹੈ। ਪਰ ਏਹ ਉਜਰ ਕੇਵਲ ਉਸ ਹਾਲਤ ਵਿਚ ਮੰਨਿਆਂ ਜਾਵੇਗਾ ਜਦ ਕੇ ਦਰਖਾਸਤ ਕਰਨ ਵਾਲਾ ਦਾਹਵਾ ਕਰਦਾ ਹੋਵੇ। ਕਿ ਜਿਸ ਦਾਹਵੇ ਸੰਬੰਧੀ ਮੈਂ ਉਜਰ ਕਰ ਰਿਹਾ ਹਾਂ ਉਸ ਉਤੇ ਮੇਰਾ ਹੱਕ ਹੈ।

ਦਰਖਾਸਤਾਂ ਤੇ ਦਸਖਤ ਤੇ ਤਸਦੀਕ

(੨) ਉਤਲੇ ਲਘੂ ਅੰਕ ਅਨੁਸਾਰ ਦਰਖਾਸਤ ਕੀਤੀ ਹੋਈ ਤੇ ਓਹ ਇਸ ਤਰੀਕੇ ਨਾਲ ਦਸਖਤ ਤੇ ਤਸਦੀਕ ਕਰੇਗਾ ਜੇਹੜਾ ਤਰੀਕਾ ਕਿ ਜਾਬਤਾ ਦੀਵਾਨੀ ੧੯੦੮ ਵਿਚ ਇਸ ਮਤਲਬ ਲਈ ਦਰਜ ਹੈ। ਅਤੇ ਉਸ ਨੂੰ ਦਸਨਾ ਹੋਵੇਗਾ ਕੇ ਉਜਰ ਦੀ ਕੀ ਬੁਨਿਆਦ ਹੈ। ਅਤੇ ਕਿਸ ਕਿਸਮ ਦਾ ਹੱਕ ਹੈ। ਨਾਵਾਂ ਯਾ ਵਾਹ ਪੈਂਦਾ ਹੈ॥

ਉਸ ਜਾਏਦਾਦ ਦੇ ਸਬੰਧੀ ਐਲਾਨ ਜਿਸਦੇ ਲਘੂ ਅੰਕ ੧ਅਨੁਸਾਰ ਦਾਹਵਾ ਨਾ ਕੀਤਾ ਗਿਆ ਹੋਵੇ ਤੇ ਇਸ ਐਲਾਨ ਦਾ ਮਤਲਬ

ਸਥਾਨਕ ਗੌਰਮਿੰਟ ਲਘੂ ਅੰਕ (੧) ਅਨੁਸਾਰ ਕਿਸੀ ਦਾਹਵੇ ਦੀ ਮਿਆਦ ਟਪ ਜਾਨ ਉਤੇ ਜਲਦੀ ਤੋਂ ਜਲਦੀ ਇਕ ਇਸ਼ਤਿਹਾਰ ਛਾਪੇ ਗੀ। ਜੀਹਦੇ ਵਿਚ ਉਨ੍ਹਾਂ ਜਾਏਦਾਦਾਂ ਦੇ ਹੱਕ ਦਾਹਵੇ ਔਰ ਨਾਵਾਂ ਪੈਣ ਦਾ ਨਿਰਨਾ ਕੀਤਾ ਜਾਏਗਾ ਜਿਨ੍ਹਾਂ ਉਤੇ ਕੋਈ ਦਾਹਵਾ ਨਹੀਂ ਕੀਤਾ ਗਿਆ ਏਹ ਐਲਾਨ ਇਸ ਗਲ ਦਾ ਪੂਰਾ ਪੂਰਾ ਸਬੂਤ ਹੋਵੇਗਾ। ਕਿ ਕਿਸੇ ਹੱਕ ਨਾਵੇਂ ਜਾਂ ਵਾਹ—ਜੇਹੜਾ ਇਸ਼ਤਿਹਾਰ ਵਿਚ ਦਰਜ ਹੋਵੇ—ਉਤੇ ਕੋਈ ਦਾਹਵਾ ਨਹੀਂ ਕੀਤਾ ਗਿਆ॥

ਦਫਾ ੧੧

ਕੋਈ ਗੁਰਦਵਾਰਾ ਜਿਸ ਦਾ ਦਫਾ ੭ ਅਨੁਸਾਰ ਇਸ਼ਤਿਹਾਰ ਨਿਕਲ ਚੁਕਾ ਹੋਵੇ ਉਸ ਦੇ ਕੋਈ ਮਰੂਸੀ ਔਹਦੇਦਾਰ ਵਲੋਂ ਮੁਆਵਜੇ ਲਈ ਦਾਹਵਾ

(੧) ਜਿਸ ਪੰਚੈਤੀ ਪੂਜਾ ਅਸਥਾਨ ਸੰਬੰਧੀ ਅੰਕ੭ (੩) ਅਨੁਸਾਰ ਐਲਾਨ ਹੋ ਚੁਕਾ ਹੋਵੇ। ਉਸ ਦਾ ਕੋਈ ਪਿਛਲਾ ਮਰੂਸੀ ਔਹਦੇਦਾਰ ਜਾਂ ਉਸ ਦਾ ਚੇਲਾ ਉਸ ਐਲਾਨ ਦੇ ਪ੍ਰਕਾਸ਼ਤ ਹੋਣ ਤੋਂ ੯੦ ਦਿਨ ਦੇ ਅੰਦਰ ੨ ਸਥਾਨਕ

ਸ੍ਰਕਾਰ ਪਾਸ ਸਕੱਤਰ ਮੈਹਕਮਾ ਮੁੰਤਕਲਾ ਦੀ ਰਾਹੀਂ ਦਰਖਾਸਤ ਕਰ ਸਕਦਾ ਹੈ। ਚੂੰਕੇ ਉਕਤ ਔਹਦੇਦਾਰ ਨੂੰ ੧ ਜਨਵਰੀ ੧੯੨੦ ਨੂੰ ਜਾਂ ਉਹਦੇ ਉਪ੍ਰੰਤ ਕਾਨੂਨ ਵਿਰੁਧ ਤਹਰੀਕ ਨਾਲ ਬੇਦਖਲ ਕੀਤਾ ਗਿਆ ਹੈ। ਅਤੇ ਚੂੰਕੇ ਇਸ ਐਲਾਨ ਹੋਣ ਨਾਲ ਉਸ ਨੂੰ ਮਾਲੀ ਨੁਕਸਾਨ ਹੋਇਆ ਹੈ। ਜਾਂ ਹੋਵੇਗਾ। ਇਸ ਲਈ ਮੁਆਵਜਾ ਦਿਤਾ ਜਾਵੇ।

ਲਘੂ ਅੰਕ [੧] ਅਨੁਸਾਰ ਦਰਖਾਸਤਾਂ ਉਤੇ ਦਸਖਤ ਤੇ ਤਸਦੀਕ

(੨) ਜੇਹੜੀਆਂ ਦਰਖਾਸਤਾਂ ਲਘੂ ਅੰਕ (੧) ਅਨੁਸਾਰ ਭੇਜੀਆਂ ਜਾਨ ਗੀਆਂ। ਉਨ੍ਹਾਂ ਉਤੇ ਭੇਜਨ ਵਾਲੇ ਦਸਖਤ ਤੇ ਤਸਦੀਕ ਜਾਬਤਾ ਦੀਵਾਨੀ ੧੯੦੮ ਅਨੁਸਾਰ ਤਰੀਕੇ ਨਾਲ ਕੀਤੇ ਜਾਨਗੇ॥

ਕਾਂਡ ੩

ਖਾਸ ਅਦਾਲਤ ਦਾ ਅਸਥਾਪਨ

ਅਦਾਲਤ ਖਾਸ ਦੀ ਬਨਾਵਟ ਤੇ ਕੰਮ

ਦਫਾ ੧੨ (੧) ਇਸ ਐਕਟ ਦੇ ਨਿਯਮਾ ਅਨੁਸਾਰ ਪੇਸ਼ ਹੋਏ ਦਾਹਵਿਆਂ ਦੇ ਫੈਸਲੇ ਲਈ ਅਸਥਾਨਕ ਸਰਕਾਰ ਨੂੰ ਅਧਕਾਰ ਹੋਵੇਗਾ। ਕਿ ਸਮੇਂ ੨ ਸਿਰ ਐਲਾਨ ਦਵਾਰਾ ਇਕ ਜਾਂ ਇਕ ਤੋਂ ਵਧੀਕ ਅਦਾਲਤ ਖਾਸ ਦੇ ਬਨਾਨ ਲਈ ਹੁਕਮ ਦੇਵੇ। ਅਤੇ ਇਸਿਤਰਾਂ ਉਸਨੂੰ ਅਧਕਾਰ ਹੋਵੇਗਾ। ਕਿ ਉਕਤ ਅਦਾਲਤ ਜਾਂ ਅਦਾਲਤਾਂ ਨੂੰ ਤੋੜ ਦੇਵੇ।

(੨) ਅਦਾਲਤ ਖਾਸ ਇਕ ਪ੍ਰਧਾਨ ਅਤੇ ਦੋ ਹੋਰ ਮੈਂਬਰਾਂ ਦੀ ਬਨੀ ਹੋਵੇਗੀ। ਜਿਨਾਂ ਨੂੰ ਅਸਥਾਨਕ ਸਰਕਾਰ ਐਲਾਨ ਦਵਾਰਾ ਮੁਕਰਰ ਕਰੇਗੀ।

(੩) ਅਦਾਲਤ ਖਾਸ ਦਾ ਪ੍ਰਧਾਨ ਇਕ ਹਾਈ ਕੋਰਟ ਦਾ ਜੱਜ ਹੋਵੇਗਾ ਤੇ ਬਾਕੀ ਦੇ ਦੋ ਮੈਂਬਰਾਂ ਵਿਚੋਂ ਹਰ ਇਕ

(ੳ) ਡਿਸਟਰਿਕਟ ਜਜ ਜਾਂ ਅਵਲ ਦਰਜੇ ਦਾ ਸੁਬਾਰਡੀਨੇਟ ਜਜ ਹੋਵੇਗਾ।

(ਅ) ਜਾਂ ਬਰਿਸਟਰ ਹੋਵੇਗਾ। ਜਿਸ ਨੂੰ ਬਰਿਸਟਰੀ ਕਰਦਿਆਂ ਘਟ ਤੋਂ ਘਟ ਦਸ ਸਾਲ ਹੋਏ ਹੋਣ।

(ੲ) ਜਾਂ ਹਾਈ ਕੋਰਟ ਦਾ ਪਲੀਡਰ ਘਟ ਤੋਂ ਘਟ ਦਸ ਸਾਲ ਆਮ ਤੌਰ ਤੇ ਰਿਹਾ ਹੋਵੇ।

(੪) ਅਦਾਲਤ ਖਾਸ ਦੇ ਮੈਂਬਰਾਂ ਨੂੰ ਸੂਬੇ ਦੀ ਸਰਕਾਰੀ ਆਮਦਨ ਵਿਚੋਂ ਉਹ ਤਨਖਾਹ ਮਿਲੇਗੀ। ਜੋ ਸਮੇਂ ਸਮੇਂ ਸਿਰ ਸਥਾਨਕ ਸਰਕਾਰ ਮੁਕਰਰ ਕਰੇ। ਜਦ ਤਕ ਉਹ ਇਸ ਕੰਮ ਉਤੇ ਹੋਨਗੇ। ਉਨਾਂ ਨੂੰ ਤਾਜੀਰਾਤ ਹਿੰਦ

ਦੇ ਅੰਕ ੨੧ ਅਨਕੂਲ ਸਰਕਾਰੀ ਨੌਕਰ ਸਮਝਿਆ ਜਾਵੇਗਾ।

(੫) ਸਥਾਨਕ ਸਰਕਾਰ ਹੇਠ ਲਿਖੀਆਂ ਹਾਲਤਾਂ ਵਿਚ ਅਦਾਲਤ ਖਾਸ ਦੇ ਕਿਸੇ ਮੈਂਬਰ ਨੂੰ ਐਲਾਨ ਦਵਾਰਾ ਹਟਾ ਦੇਣ ਦੀ ਅਧਕਾਰੀ ਹੋਵੇਗੀ।

(ੳ) ਜੇਕਰ ਉਹ ਕੰਮ ਕਰਨ ਤੋਂ ਨਾਂਹ ਕਰ ਦੇਵੇ, ਜਾਂ ਸਥਾਨਕ ਸ੍ਰਕਾਰ ਦੀ ਰਾਏ ਵਿਚ ਕੰਮ ਕਰਨ ਲਈ ਅਸਮਰਥ ਹੋਵੇ ਜਾਂ ਅਜੋਗ ਹੋਵੇ।

(ਅ) ਜਾਂ ਅਦਾਲਤ ਖਾਸ ਦੇ ਲਗਾਤਾਰ ਤਿੰਨ ਸਮਾਗਮਾਂ ਵਿਚ ਹਾਜਰ ਨਾ ਹੋਇਆ ਹੋਵੇ।

(ੲ) ਜਾਂ ਦਵਾਲੀਆ ਹੋਕੇ ਕਾਨੂਨ ਪਕੜ ਤੋਂ ਬਾਹਰ ਨਾ ਹੋਇਆ ਹੋਵੇ।

(੬) ਜਦ ਅਦਾਲਤ ਖਾਸ ਦੇ ਕਿਸੇ ਮੈਂਬਰ ਦੀ ਮੁਅਤਲੀ ਮੌਕੂਫੀ ਅਸਤੀਫਾ ਜਾਂ ਮੌਤ ਦੇ ਕਾਰਨ ਉਸਦੀ ਥਾਂ ਵੇਹਲੀ ਹੋ ਜਾਵੇ, ਤਾਂ ਸਥਾਨਕ ਸ੍ਰਕਾਰ ਉਸਦੀ ਥਾਂ ਐਲਾਨ ਦੁਵਾਰਾ ਇਕ ਅਜੇਹੇ ਆਦਮੀ ਨੂੰ ਅਸਥਾਪਨ ਕਰੇਗੀ ਜੋ ਉਤਲੇ ਲਘੂ ਅੰਕ (੩) ਵਿਚ ਦਸੇ ਗੁਣਾ ਵਾਲਾ ਹੋਵੇ।

(੭) ਅਦਾਲਤ ਖਾਸ ਦੀ ਮੈਂਬਰੀ ਵਿਚ ਉਤਲੇ ਲਘੂ ਅੰਕ (੫) ਅਤੇ (੬) ਅਨੁਸਾਰ ਹੋਈ ਤਬਦੀਲੀ ਦੇ ਕਾਰਨ ਕਿਸੇ ਮਾਮਲੇ ਸੰਬੰਧੀ ਪਿਛੇ ਹੋਈ ਜਾਂ ਅਗੇ ਹੋਣ ਵਾਲੀ ਕਾਰਵਾਈ ਨੂੰ ਅਯੋਗ ਨਹੀਂ ਸਮਝਿਆ ਜਾਵੇਗਾ। ਅਤੇ ਨਾਂ ਹੀ ਇਸ ਤਬਦੀਲੀ ਦੇ ਕਾਰਨ ਅਦਾਲਤ ਖਾਸ ਲਈ ਜਰੂਰੀ ਹੋਵੇਗਾ ਕਿ ਕਿਸੇ ਮੁਆਮਲੇ ਸੰਬੰਧੀ ਹੋ ਰਹੀ ਕਾਰਵਾਈ ਵਿਚ ਮੁੜ ਮੁਢੋਂ ਪੜਤਾਲ ਸ਼ੁਰੂ ਕਰੇ।

(੮) ਸਥਾਨਕ ਸਰਕਾਰ ਨੂੰ ਅਧਕਾਰ ਹੋਵੇਗਾ ਕਿ ਸਮੇਂ ਸਮੇਂ ਸਿਰ ਕੋਈ ਅਫਸਰ ਜਾਂ ਮੁਲਾਜ਼ਮ ਮੁਕਰਰ ਕਰੇ, ਜਿਨਾਂ ਨੂੰ ਕਿ ਉਹ ਅਦਾਲਤ ਖਾਸ ਦੇ ਕੰਮ ਨਿਭਾਉਨ ਲਈ ਜਰੂਰੀ ਸਮਝਦੀ ਹੋਵੇ ਅਤੇ ਜਦ ਤਕ ਉਹ ਮੁਲਾਜ਼ਮ ਰਹਿਣਗੇ ਅੰਕ ੨੧ ਤਾਜੀਰਾਤ ਹਿੰਦ ਅਨਕੂਲ ਸ੍ਰਕਾਰੀ ਮੁਲਾਜ਼ਮ ਸਮਝੇ ਜਾਣਗੇ।

(੯) ਅਦਾਲਤ ਖਾਸ ਨੂੰ ਏਹ ਅਧਕਾਰ ਪ੍ਰਾਪਤ ਹੋਣਗੇ, ਜੋਕਿ ਕਿਸੇ ਅਦਾਲਤ ਨੂੰ ੧੯੦੮ ਵਾਲੇ ਜਾਬਤਾ ਦੀਵਾਨੀ ਅਨਕੂਲ ਮਿਲੇ ਹੋਏ ਹੁੰਦੇ ਹਨ। ਏਹ ਵਡੀ ਤੋਂ ਵਡੀ ਤੇ ਨਿਕੀ ਤੋਂ ਨਿਕੀ ਰਕਮ ਵਾਲੇ ਦਾਹਵੇ ਸਾਰੇ ਪੰਜਾਬ ਵਿਚ ਸੁਣ ਸਕੇਗੀ ਅਤੇ ਖਾਸ ਅਦਾਲਤ ਨੂੰ ਹੋਰ ਕਿਸੇ ਮਾਮਲ ਦੇ ਫੇਸਲੇ ਦਾ ਹਕ ਨਹੀ ਹੋਵੇਗਾ, ਉਨਾਂ ਤੋਂ ਬਿਨਾਂ ਜੇਹੜੇ ਇਸ ਕਾਨੂਨ ਦੇ ਅਨੁਸਾਰ ਕਰਨ ਦੇ ਅਧਕਾਰ ਹੋਣਗੇ॥

(੧੦) ਅਦਾਲਤ ਖਾਸ ਦੀ ਡਿਗਰੀਆਂ ਜਾਂ ਹੁਕਮਾਂ ਦੀ ਅਜਰਾ ਜਿਸ ਦਾ ਇਸ

ਕਾਨੂਨ ਹੇਠ ਹੋਰ ਕੋਈ ਪ੍ਰਬੰਧ ਨਾ ਕੀਤਾ ਗਿਆ ਹੋਵੇ ਜ਼ਿਲੇ ਦੀ ਡਿਸ-ਟਰੈਕਟ ਕੋਰਟ ਵਲੋਂ ਕੀਤੀ ਜਾਯਾ ਕਰੇਗੀ। ਅਤੇ ਖਾਸ ਅਦਾਲਤ ਅਜੇਹੀ ਜ਼ਿਲੇ ਦੀ ਡਿਸਟ੍ਰਿਕਟ ਕੋਰਟ ਨੂੰ ਡਿਗਰੀ ਜਾਂ ਹੁਕਮ ਅਜਰਾ ਲਈ ਭੇਜ ਦਿਆ ਕਰੇਗੀ ਅਤੇ ਅਜਰਾ ਇਸਤਰਾਂ ਹੋਵੇਗਾ ਜਿਵੇਂ ਕਿ ਡਿਸਟਰੈਕਟ ਕੋਰਟ ਵਲੋਂ ਹੀ ਜਿਗਰੀ ਜਾਂ ਹੁਕਮ ਹੋਇਆ ਹੈ।

(੧੧) ਅਦਾਲਤ ਖਾਸ ਦੀ ਕਾਰਵਾਈ ਇਸ ਐਕਟ ਦੀ ਹਦ ਅੰਦਰ ਰੈਂਹਦੀ ਹੋਈ ਜਿਥੋਂ ਤਕ ਹੋ ਸਕੇ ਜਾਬਤਾ ਦੀਵਾਨੀ ੧੯੦੮ ਦੇ ਅਨੁਸਾਰ ਹੋਇਆ ਕਰੇਗੀ।

(੧੨) ਜੇਕਰ ਐਹੋ ਜਹੀਆਂ ਇਕ ਤੋਂ ਵਧੀਕ ਅਦਾਲਤਾਂ ਬਨਾਈਆਂ ਜਾਨ, ਤਾਂ ਸਥਾਨਕ ਸਰਕਾਰ ਨੂੰ ਅਧਕਾਰ ਹੋਵੇਗਾ ਕਿ ਕਿਸੇ ਜ਼ਿਲੇ ਦੇ ਗੁਰਦਵਾਰੇ ਸੰਬੰਧੀ ਦਰਖਾਸਤਾਂ ਕੇਹੜੀ ਅਦਾਲਤ ਖਾਸ ਵਿਚ ਜਾਨ। ਸਥਾਨਕ ਸ੍ਰਕਾਰ ਜਦੋਂ ਜੋਗ ਸਮਝੇ। ਕਿਸੇ ਸਮੇਂ ਇਕ ਅਦਾਲਤ ਖਾਸ ਸਾਹਮਣੇ ਹੋ ਰਹੀ ਕਾਰਵਾਈ ਨੂੰ ਕਿਸੇ ਦੂਜੀ ਅਦਾਲਤ ਖਾਸ ਵਿਚ ਬਦਲਕੇ ਭੇਜ ਦੇਵੇ।

ਦਫ਼ਾ ੧੩ ਜਦ ਤਕ ਘਟੋ ਘਟ ਦੋ ਮੈਂਬਰ ਹਾਜਰ ਨਾ ਹੋਣ ਅਦਾਲਤ ਖਾਸ ਕੋਈ ਕਾਰਵਾਈ ਨਾ ਕਰੇਗੀ। ਹਾਂ ਨੋਟਸ ਜਾਂ ਸੰਮਨ ਕਢਨ ਦਾ ਕੰਮ ਪ੍ਰਧਾਨ ਜਾਂ ਕੋਈ ਹੋਰ ਮੈਂਬਰ ਜਿਸ ਨੂੰ ਪ੍ਰਧਾਨ ਏਹ ਕੰਮ ਸਪੁਰਦ ਕਰੇ ਕਰ ਸਕੇਗਾ।

ਮਤ ਭੇਦ ਹੋਨ ਤੇ ਕੰਮ ਦਾ ਤ੍ਰੀਕਾ

(੨) ਜਦੋਂ ਅਦਾਲਤ ਖਾਸ ਵਿਚ ਮੈਂਬਰਾਂ ਦੀ ਰਾਵਾਂ ਵਿਚ ਵਰੋਧ ਹੋਵੇ ਤਾਂ ਸਰਬ ਸੰਮਤੀ ਵਾਲੀ ਰਾਇ ਮੰਨੀ ਜਾਵੇਗੀ ਪਰ ਜਦੋਂ ਰਾਵਾਂ ਦੇ ਭਿੰਨ ਭਿੰਨ ਹੋਣ ਸਮੇ ਕੇਵਲ ਦੋ ਮੈਂਬਰ ਹਾਜਰ ਹੋਣ ਜਿਨਾਂ ਵਿਚੋਂ ਪ੍ਰਧਾਨ ਇਕ ਆਪ ਹੋਵੇ ਤਾਂ ਪ੍ਰਧਾਨ ਦੀ ਰਾਇ ਮੰਨੀ ਜਾਵੇਗੀ ਅਤੇ ਜੇਕਰ ਪ੍ਰਧਾਨ ਹਾਜ਼ਰ ਨਾ ਹੋਵੇ ਤਾਂ ਬਾਕੀ ਦੇ ਦੋ ਹਾਜਰ ਮੈਂਬਰਾਂ ਦੀ ਰਾਇ ਨ ਮਿਲਦੀ ਹੋਵੇ ਤਾਂ ਝਗੜੇ ਵਾਲਾ ਮਾਮਲਾ ਉਸ ਸਮਾਗਮ ਤਕ ਅਗਾਂਹਾਂ ਪਾਯਾ ਜਾਵੇਗਾ ਜਿਸ ਵਿਚ ਹਾਜਰ ਹੋਵੇ, ਕੇਵਲ ਦੋ ਮੈਂਬਰਾਂ ਦੇ ਹਾਜਰ ਹੋਣ ਸਮੇਂ ਸਰਬ ਸੰਮਤੀ ਵਾਲੀ ਰਾਇ ਯਾ ਪ੍ਰਧਾਨ ਦੀ ਰਾਇ ਹੀ ਅਦਾਲਤ ਖਾਸ ਦੀ ਰਾਇ ਸਮਝੀ ਜਾਵੇਗੀ।

ਦਫ਼ਾ ੧੪

ਅਦਾਲਤ ਖਾਸ ਅੰਕ ਪੰਜ ਛੇ ਅਠ, ੧੦, ੧੧, ਵਾਲੀਆਂ ਦਰਖਾਸਤਾਂ ਦਾ ਫੈਸਲਾ ਕਰੇਗੀ

(੧) ਅੰਕ ੫, ੬, ੮, ੧੦, ੧੧, ਦੇ ਨਿਯਮਾਂ ਅਨੁਸਾਰ ਆਈਆਂ ਹੋਈਆਂ ਸਾਰੀਆਂ ਦਰਖਾਸਤਾਂ ਜੋ ਸਥਾਨਕ ਸਰਕਾਰ ਪਾਸ ਹੋਣ ਅਦਾਲਤ ਖਾਸ ਵਿਚ

ਭੇਜੀਆਂ ਜਾਣਗੀਆਂ ਅਤੇ ਏਹ ਅਦਾਲਤ ਇਸ ਐਕਟ ਦੇ ਨਿਯਮਾਂ ਅਨੁਸਾਰ ਓਹਨਾਂ ਦਰਖਾਸਤਾਂ ਦਾ ਫੈਸਲਾ ਕਰਕੇ ਹੁਕਮ ਚਾੜ੍ਹੇਗੀ।

(੨) ਦਰਖਾਸਤਾਂ ਦਾ ਭੇਜਣਾ ਇਸ ਗਲ ਦਾ ਸਬੂਤ ਹੋਵੇਗਾ ਕਿ ਦਰਖਾ-ਸਤਾਂ ਸਥਾਨਕ ਸਰਕਾਰ ਨੇ ਅੰਕ ੫, ੬, ੮, ੧੦, ੧੧ ਦੇ ਅਨਕੂਲ (ਜਿਵੇਂ ਵੀ ਹੋਵੇ) ਮਿਯਾਦ ਦੇ ਅੰਦਰ ਅੰਦਰ ਵਸੂਲ ਕੀਤੀਆਂ ਹਨ ਅਤੇ ਜੇਕਰ ਕੋਈ ਗੁਰਦੁਵਾਰੇ ਵਿਚ ਪੂਜਾ ਕਰਨੇ ਵਾਲਾ ਪੁਰਸ਼ ਅੰਕ ੮ ਅਨਸਾਰ ਕੋਈ ਦਰਖਾਸਤ ਦੇਵੇ ਤਾਂ ਇਸ ਗਲ ਦਾ ਪੂਰਾ ਸਬੂਤ ਹੋਵੇਗਾ ਕਿ ਪੂਜਾ ਕਰਨ ਵਾਲੇ ਪੁਰਸ਼ਾਂ ਦੀ ਨਿਸਬਤ ਅੰਕ੮ ਦੇ ਅਨਕੂਲ ਜ਼ਾਬਤੇ ਦੇ ਮੁਤਾਬਕ ਕਾਰਵਾਈ ਕੀਤੀ ਗਈਹੈ।

ਦਫਾ ੧੫

ਅਦਾਲਤ ਖਾਸ ਦਾ ਤੂਫ਼ੈਨ ਬਨਾਨਾ ਤੇ ਖਰਚਾ ਪਾਨਾ

(੧) ਅਦਾਲਤ ਖ਼ਾਸ ਨੂੰ ਅਧਿਕਾਰ ਹੋਵੇਗਾ ਕਿ ਕਿਸੇ ਮਾਮਲੇ ਦਾ ਫ਼ੈਸਲਾ ਕਰਦਿਆਂ ਜਿਸਦੇ ਸੁਣਨ ਦਾ ਓਹਨੂੰ ਵਸੀਕਾਰ ਹੋਵੇ ਹੁਕਮ ਦੇਵੇ ਕਿ ਉਸ ਮਾਮਲੇ ਵਿਚੋਂ ਉਠਿਆ ਝਗੜਾ ਵਖਰਿਆਂ ਕਰਕੇ ਨਿਪਟਿਆ ਜਾਵੇ ਜਾਂ ਇਕ ਤੋਂ ਵਧੀਕ ਇਹੋ ਜੇਹੇ ਝਗੜਿਆਂ ਨੂੰ ਅਕਠਾ ਇਕੋ ਕਾਰਵਾਈ ਵਿਚ ਨਿਪਟਾਯਾ ਜਾਵੇ ਨਾਲ ਹੀ ਉਹਨੂੰ ਅਧਿਕਾਰ ਹੋਵੇਗਾ ਕਿ ਕਿਸੀ ਆਦਮੀ ਨੂੰ ਜਿਸ ਨੂੰ ਯੋਗ ਸਮਝੇ ਕਿਸੇ ਚਲਦੇ ਮਾਮਲੇ ਤੇ ਇਕ ਧੜੇ ਵਜੋਂ ਸ਼ਾਮਲ ਕਰ ਲਵੇ, ਯਾ ਇਕ ਇਸ਼ਤਿਹਾਰ ਦੁਵਾਰਾ ਯਾ ਕਿਸੇ ਹੋਰ ਰਾਹੀਂ ਇਹ ਮਾਲੂਮ ਕਰੇ ਕਿ ਤੂਫ਼ੈਨ ਬਨਣ ਦੀ ਕਿਸ ਪੁਰਸ਼ ਨੂੰ ਖਾਹਸ਼ ਹੈ।

(੨)ਅਦਾਲਤ ਖਾਸ ਨੂੰ ਕਿਸੇ ਸ਼ਖ਼ਸ ਨੂੰ ਇਹ ਹੁਕਮ ਦੇਣ ਦਾ ਅਧਿਕਾਰ ਹੈ ਕਿ ਉਹ ਇਤਨੇ ਸਮੇਂ ਦੇ ਅੰਦਰ ੨ ਆਪਨੇ ਦਾਹਵੇ ਯਾ ਇਤਰਾਜ਼ ਉਤੇ ਓਹਦੇ ਕਾਰਣਾਂ ਸਬੰਧੀ ਸਾਫ਼ ਸਾਫ਼ ਲਿਖਤੀ ਬਯਾਨ ਪੇਸ਼ ਕਰੇ॥

(੩) ਜੇਕਰ ਕੋਈ ਧੜਾ ਉਤਲੇ ਲਘੂ ਅੰਕ (੨) ਦੇ ਅਨੁਸਾਰ ਦਿਤੇ ਹੋਏ ਅਤੇ ਅਯੋਗ ਤਰੀਕੇ ਨਾਲ ਪੁਚਾਏ ਹੋਏ ਹੁਕਮ ਦੀ ਤਾਮੀਲ ਨਾਹ ਕਰੇ ਤਾਂ ਅਦਾਲਤ ਖ਼ਾਸ ਉਸਦੇ ਵਿਰੁਧ ਫ਼ੈਸਲਾ ਦੇ ਦੇਵੇਗੀ, ਹਾਂ ਜੇਕਰ ਓਹ ਧੜਾ ਉਕਤ ਅਦਾਲਤ ਨੂੰ ਨਿਸਚਾ ਦਿਲਾ ਦੇਵੇ ਕਿ ਉਸ ਦੀ ਦਿਤੀ ਮਿਯਾਦ ਦੇ ਅੰਦਰ ਅੰਦਰ ਬਯਾਨ ਪੇਸ਼ ਨ ਕਰਨ ਲਈ ਕਾਫ਼ੀ ਉਜ਼ਰ ਹੈ। ਤਾਂ ਉਕਤ ਅਦਾਲਤ ਅਪਨੇ ਹੁਕਮ ਅਨੁਸਾਰ ਬਯਾਨ ਪੇਸ਼ ਕਰਨ ਲਈ ਬੱਧੀ ਮਿਆਦ ਨੂੰ ਵਧਾ ਸਕਦੀ ਹੈ॥

(੪) ਅਦਾਲਤ ਖ਼ਾਸ ਨੂੰ ਅਧਿਕਾਰ ਹੋਵੇਗਾ ਕਿ ਮਾਮਲੇ ਦੇ ਖਰਚੇ ਸਬੰਧੀ ਓਹੋ ਜਿਹਾ ਹੁਕਮ ਚੜ੍ਹਾਵੇ ਜਿਹਾ ਕਿ ਕੋਈ ਅਦਾਲਤ ੧੯੦੮ ਦੇ ਜ਼ਾਬਤਾ ਦਿਵਾਨੀ ਦੇ ਅਨੁਸਾਰ ਚੜ੍ਹਾ ਸਕਦੀ ਹੈ॥

ਦਫਾ ੧੬

ਸਭ ਤੋਂ ਪੈਹਲਾਂ ਇਹ ਫ਼ੈਸਲਾ ਜ਼ਰੂਰੀ ਹੈ ਕਿ ਅਸਥਾਨ ਸਿਖ ਗੁਰਦਵਾ ' ਯਾ ਮੰਦਰ ਹੈ ਕਿ ਨਹੀਂ ਅਤੇ ਇਹ ਫ਼ੈਸਲਾ ਕਿਵੇਂ ਹੋਵੇਗਾ ॥

(੧) ਇਸ ਐਕਟ ਤੋਂ ਬਿਨਾਂ ਹੋਰ ਕੋਈ ਕਾਨੂਨ ਭਾਵੇਂ ਕੁਝ ਪਿਆ ਕਹੇ ਜੇਕਰ ਕਿਸੇ ਮਾਮਲੇ ਦੀ ਪੜ-ਤਾਲ ਕਰਦਿਆਂ ਅਦਾਲਤ ਖ਼ਾਸ ਦੇ ਸਾਹਮਣੇ ਇਹ ਝਗੜਾ ਛਿੜੇ ਕਿ ਦਾਵੇ ਵਾਲੇ ਅਸਥਾਨ ਨੂੰ ਸਿਖ ਗੁਰ-ਦਵਾਰਾ ਯਾ ਮੰਦਰ ਮਿਥਿਆ ਜਾਵੇ ਕਿ ਨਾਂ, ਤਾਂ ਉਕਤ ਅਦਾਲਤ ਲਈ ਜ਼ਰੂਰੀ ਹੋਵੇਗਾ ਕਿ ਉਸ ਅਸਥਾਨ ਸਬੰਧੀ ਕਿਸੇ ਹੋਰ ਗਲ ਦੀ ਪੁਛ ਗਿਛ ਕਰਨ ਤੋਂ ਪੈਹਲਾਂ ਇਸ ਗਲ ਦਾ ਫੈਸਲਾ ਕਰੇ ਕਿ ਓਹ ਅਸਥਾਨ ਹੇਠ ਲਿਖੇ ਲਘੁ ਅੰਕ (੨) ਦੇ ਅਨੁਸਾਰ ਸਿਖ ਗੁਰਦੁਵਾਰਾ ਯਾ ਮੰਦਰ ਮਿਥਿਆ ਜਾ ਸਕਦਾ ਹੈ ਕਿ ਨਹੀਂ।

(੨) ਜੇ ਉਕਤ ਅਦਾਲਤ ਨੂੰ ਸਾਬਤ ਹੋ ਜਾਵੇ ਕਿ ਓਹ ਅਸਥਾਨ—

(ੳ) ਸਿੱਖਾਂ ਦੇ ਦਸ ਗੁਰੂ ਸਾਹਿਬਾਨ ਵਿਚੋਂ ਕਿਸੇ ਨੇ ਯਾ ਕਿਸੇ ਦੀ ਯਾਦਗਾਰ ਵਿਚ ਬਨਾਯਾ ਗਿਆ ਸੀ ਅਤੇ ਸਿੱਖ ਉਸ ਨੂੰ ਉਕਤ ਯਾਦਗਾਰ ਵਜੋਂ ਵਰਤਦੇ ਹਨ।

(ਅ) ਯਾ ਸਿੱਖਾਂ ਦੇ ਦਸ ਗੁਰੂ ਸਾਹਿਬਾਨ ਵਿਚੋਂ ਕਿਸੇ ਸਬੰਧੀ ਕਿਸੇ ਸਾਕੇ ਯਾ ਰਵੈਤ ਦੇ ਕਾਰਣ ਉਸ ਨੂੰ ਵਧੀਕ ਤੌਰ ਤੇ ਸਿਖ ਵਰਤਦੇ ਹਨ ॥

(ੲ) ਯਾ ਸਿਖਾਂ ਵਲੋਂ ਆਮ ਪੂਜਾ ਪਾਠ ਵਾਸਤੇ ਬਨਾਯਾ ਗਿਆ ਹੋਵੇ ਤਾਂ ਸਿਖ ਉਸ ਨੂੰ ਉਕਤ ਕੰਮ ਲਈ ਵਰਤਦੇ ਹੋਣ।

(ਸ) ਯਾ ਓਹ ਕਿਸੇ ਸਿਖ ਸ਼ਹੀਦ ਗੁਰਮੁਖ ਇਤਹਾਸਕ ਉਘੇ ਸਿਖ ਦੀ ਯਾਦ-ਗਾਰ ਵਿਚ ਬਨਾਯਾ ਗਿਆ ਸੀ ਤੇ ਸਿਖ ਉਸ ਨੂੰ ਉਸਦੀ ਯਾਦਗਾਰ ਕਰਕੇ ਮੰਨਦੇ ਹਨ।

(ਹ) ਯਾ ਸਿਖ ਧਰਮ ਸਬੰਧੀ ਕਿਸੇ ਸਾਕੇ ਦੇ ਕਾਰਣ ਸਿਖ ਉਸ ਨੂੰ ਵਧੀਕ ਤੌਰ ਤੇ ਵਰਤਦੇ ਹਨ, ਤਾਂ ਉਕਤ ਅਦਾਲਤ ਫ਼ੈਸਲਾ ਕਰੇਗੀ ਕਿ ਓਹ ਅਸਥਾਨ ਸਿਖ ਗੁਰਦੁਆਰਾ ਮਿਥਿਆ ਜਾਏ, ਅਤੇ ਇਸ ਭਾਵ ਦਾ ਹੁਕਮ ਪਾਸ ਕਰੇਗੀ।

(੩) ਜੇ ਉਕਤ ਅਦਾਲਤ ਨੂੰ ਸਾਬਤ ਹੋ ਜਾਵੇ ਕਿ ਓਹ ਅਸਥਾਨ ਸਿਖ ਗੁਰਦੁਵਾਰਾ ਨ ਮਿਥਿਆ ਜਾਵੇ ਤਾਂ ਓਹ ਅਪਨਾ ਫ਼ੈਸਲਾ ਇਕ ਹੁਕਮ ਦੁਵਾਰਾ ਲਿਖਤ ਵਿਚ ਲਿਆਵੇਗੀ, ਔਰ ਹਾਈ ਕੋਰਟ ਵਿਚ ਅਪੀਲ ਦਾ ਫ਼ੈਸਲਾ ਉਸ ਹੁਕਮ ਦੇ ਵਿਰੁਧ ਨ ਹੋਣ ਦੇ ਸਮੇਂ ਉਕਤ ਅਦਾਲਤ ਨੂੰ ਉਸ ਅਸਥਾਨ ਸਬੰਧੀ ਕਿਸੇ ਮਾਮਲੇ ਨੂੰ ਸੁਣਨ ਦਾ ਅਧਿਕਾਰ ਨਹੀਂ ਰਹੇਗਾ ॥

ਪਰ ਜੇਕਰ ਅੰਕ ੮ ਅਨੁਸਾਰ ਦਾਹਵਾ ਕੀਤਾ ਗਿਆ ਹੋਵੇ ਕਿ ੧ ਜਨਵਰੀ

੧੯੨੦ ਵਾਲੇ ਪ੍ਰਬੰਧ ਨੂੰ ਫਿਰ ਬਹਾਲ ਕੀਤਾ ਜਾਵੇ, ਤਾਂ ਉਕਤ ਅਦਾਲਤ ਨੂੰ ਅਪਣੇ ਉਪਰਲੇ ਫ਼ੈਸਲੇ ਹੁੰਦਿਆਂ ਭੀ ਇਸ ਦਾਹਵੇ ਸਬੰਧੀ ਸਾਰੇ ਮੁਆਮਲਿਆਂ ਉਤੇ ਫ਼ੈਸਲੇ ਕਰਨ ਦਾ ਵਸੀਕਾਰ ਹੋਵੇਗਾ, ਅਤੇ ਜੇਕਰ ਉਕਤ ਅਦਾਲਤ ਨੂੰ ਸਾਬਤ ਹੋ ਜਾਵੇ ਕਿ ਉਸ ਅਸਥਾਨ ਦੇ ਪ੍ਰਬੰਧ ਵਿਚ ਤਬਦੀਲੀ ੧ ਜਨਵਰੀ ੧੯੨੦ ਯਾ ਉਸਦੇ ਪਿਛੋਂ ਹੋਈ ਹੈ ਤਾਂ ਓਹ ਹੁਕਮ ਦੇ ਸਕਦੀ ਹੈ ਕਿ ਪੈਹਲਾ ਪ੍ਰਬੰਧ ਬਹਾਲ ਕੀਤਾ ਜਾਵੇ ॥

ਦਫਾ ੧੭

ਅਦਾਲਤ ਦੇ ਫ਼ੈਸਲੇ ਉਤੇ ਸਿਖ ਗੁਰਦੁਵਾਰਾ ਹੋਣ ਦਾ ਐਲਾਨ

ਜਦ ਅਦਾਲਤ ਖ਼ਾਸ ਨੇ ਅੰਕ ੧੬ ਦੇ ਲਘੂ ਅੰਕ ੨ ਦੇ ਨਿਯਮਾਂ ਅਨੁਸਾਰ ਇਹ ਫ਼ੈਸਲਾ ਕਰ ਲਿਆ ਹੋਵੇ ਕਿ ਕਿਸੇ ਅਸਥਾਨ ਨੂੰ ਸਿਖ ਗੁਰਦੁਆਰਾ ਮਿਥਿਆ ਜਾਵੇ ਅਤੇ ਅੰਕ ੩੪ ਵਿਚ ਨੀਯਤ ਕੀਤੇ ਸਮੇਂ ਦੇ ਅੰਦਰ ੨ ਇਸ ਫੈਸਲੇ ਦੇ ਵਿਰੁਧ ਕੋਈ ਅਪੀਲ ਨ ਕੀਤੀ ਗਈ ਹੋਵੇ ਯਾ ਅਪੀਲ ਹੋਣ ਤੇਂ ਖਾਰਜ ਹੋ ਚੁਕੀ ਹੋਵੇ ਯਾ ਕਿਸੇ ਅਸਥਾਨ ਦੇ ਸਿਖ ਗੁਰਦੁਵਾਰਾ ਨ ਮਿਥੇ ਜਾਣ ਦੇ ਫ਼ੈਸਲੇ ਦੇ ਵਿਰੁਧ ਅਪੀਲ ਹੋਣ ਤੇ ਹਾਈ-ਕੋਰਟ ਨੇ ਫ਼ੈਸਲਾ ਦਿਤਾ ਹੋਵੇ ਕਿ ਅਸਥਾਨ ਸਿਖ ਗੁਰਦੁਵਾਰਾ ਮਿਥਨਾ ਚਾਹੀਦਾ ਹੈ ਤਾਂ ਅਦਾਲਤ ਖਾਸ ਯਾ ਹਾਈ ਕੋਰਟ (ਜਿਸਦਾ ਫ਼ੈਸਲਾ ਅੰਤਮ ਹੋਵੇ) ਸਥਾਨਕ ਸ੍ਰਕਾਰ ਨੂੰ ਸੈਕਰਟਰੀ ਮੈਹਕਮਜਾਤ ਮੁਨਤਕਲਾ ਦੀ ਰਾਹੀਂ ਪਤਾ ਦੇਵੇ ਅਤੇ ਸਥਾਨਕ ਸ੍ਰਕਾਰ ਜਿੰਨੀ ਛੇਤੀ ਹੋ ਸਕੇ ਐਲ਼ਾਨ ਦੁਵਾਰਾ ਪ੍ਰਗਟ ਕਰੇਗੀ, ਕਿ ਓਹ ਅਸਥਾਨ ਸਿਖ ਗੁਰਦੁਵਾਰਾ ਹੈ ਅਤੇ ਉਸ ਦੇ ਮਗਰੋਂ ਉਕਤ ਐਲਾਨ ਦੀ ਤਰੀਕ ਤੋਂ ਲੈਕੇ ਉਸ ਅਸਥਾਨ ਉਤੇ ਭਾਗ ੩ ਵਾਲੇ ਨੇਮ ਵਰਤੋਂ ਵਿਚ ਆ ਜਾਣਗੇ ॥

ਦਫਾ ੧੮

ਔਹਦੇਦਾਰ ਦਾ ਜਾਇਦਾਦ ਸਬੰਧੀ ਦਾਹਵਾ ਕਰਨ ਤੇ ਸਬੂਤ ਦੇਣਾ ਕਿਦੇ ਜਿਮੇਂ

(੧) ਜੇਕਰ ਅਦਾਲਤ ਖ਼ਾਸ ਦੇ ਪੇਸ਼ ਹੋਏ ਕਿਸੇ ਮੁਕਦਮੇਂ ਵਿਚ ਪਿਛਲਾ ਜਾਂ ਮੌਜੂਦਾ ਔਹਦੇਦਾਰ ਇਸ ਗਲ ਦੇ ਮੰਨਣ ਤੋਂ ਮੁਕਰੇ ਕਿ ਰਜਿਸਟਰ ਹਕੂਕ ਵਿਚ ਜਾਂ ੧੮੮੭ ਵਾਲੇ ਐਕਟ ਮਾਮਲਾ ਅਰਾਜ਼ੀਯਾਤ ਪੰਜਾਬ ਮੁਜਬ ਤਿਆਰ ਹੋਈ ਸਾਲਾਨਾ ਰੋਬਕਾਰ ਜੋ ਹੱਕ ਨਾਵਾਂ ਜਾਂ ਵਾਹ ਪੈਂਦਾ ਦਰਜ ਹੈ ਅਤੇ ਜੋ ਮੁਸ਼ਤਹਰ ਸਿਖ ਗੁਰਦੁਆਰੇ ਜਾਂ ਮੰਦਰ ਦੀ ਮਲਕੀਯਤ ਦਸਿਆ ਜਾਂਦਾ ਹੈ, ਓਹ ਠੀਕ ਉਸ ਅਸਥਾਨ ਦੀ ਮਲਕੀਯਤ ਹੈ, ਅਤੇ ਨਾਲ ਹੀ ਉਕਤ ਉਹਦੇਦਾਰ ਉਸ ਹੱਕ ਨਾਵੇਂ ਜਾਂ ਵਾਹ ਪੈਂਦੇ ਨੂੰ ਆਪਣੀ ਮਲਕੀਯਤ ਦਸੇ ਤਾਂ ਭਾਵੇਂ ਉਪਰ ਦਸੇ ੧੮੮੭ ਵਾਲੇ ਐਕਟ ਵਿਚ ਕੁਝ ਹੀ ਲਿਖਿਆ ਹੋਵੇ, ਹੇਠ ਲਿਖੀਆਂ ਗਲਾਂ ਵਿਚੋਂ ਕਿਸੇ ਇਕ ਦੇ ਸਾਬਤ ਹੋ ਜਾਣ ਤੇ ਇਹ ਸਮਝਿਆ ਜਾਵੇਗਾ ਕਿ ਓਹ ਹੱਕ ਨਾਵਾਂ ਜਾਂ ਵਾਹ ਪੈਂਦਾ ਉਕਤ

ਗੁਰਦੁਵਾਰੇ ਜਾਂ ਮੰਦਰ ਦੀ ਮਲਕੀਅਤ ਹੈ।

(ੳ) ਜ਼ਮੀਨਾਂ ਤੇ ਮਾਮਲਾ ਲਗਾਣ ਲਈ ਜੋ ਰਜਿਸਟਰ ਹਕੂਕ ਤਿਆਰ ਕੀਤਾ ਜਾਂਦਾ ਹੈ। ਉਸ ਵਿਚ ਜੇ ਕਰ ੧ ਜਨਵਰੀ ੧੯੨੦ ਤੋਂ ਪੈਹਲੇ ਦਾ ਕੋਈ ਇੰਦਰਾਜ ਹੋਵੇ ਜਿਸ ਵਿਚ ਕੋਈ ਹਕ, ਉਸ ਗੁਰਦਵਾਰੇ ਦੇ ਨਾਮ ਜਾਂ ਉਸਦੇ ਕਿਸੇ ਔਹਦੇਦਾਰ ਦੇ ਨਾਮ ਉਹਦੀ ਸ਼ਖਸੀ ਹੈਸੀਯਤ ਵਿਚ ਨ, ਸਗੋਂ ਔਹਦੇ ਦਾਰ ਦੀ ਹੈਸੀਯਤ ਵਿਚ ਚੜ੍ਹਿਆ ਹੋਇਆ ਹੋਵੇ।

(ਅ) ਜਦ ਦਾਵਾ ਜ਼ਮੀਨ ਦੇ ਹਕ ਮਲਕੀਅਤ ਜਾਂ ਜਾਗੀਰ ਦੀ ਪ੍ਰਾਪਤੀ ਲਈ ਹੋਵੇ ਕੋਈ ਪਿਛਲੀ ਜਾਂ ਹੁਣ ਦੀਆਂ ਜਗੀਰਾਂ ਜੋ ਗੁਰਦਵਾਰਾ ਦੀ ਸੇਵਾ ਤੇ ਪੂਜਾ ਲਈ ਦਿਤੀ ਗਈ ਹੋਵੇ, ਓਹ ਭਾਵੇਂ ਔਹਦੇਦਾਰ ਦੇ ਅਪਨੇ ਨਾਮ ਉਤੇ ਹੀ ਹੋਵੇ।

(ੲ) ਜੇ ਕੋਈ ਔਹਦੇਦਾਰ ੧ ਜਨਵਰੀ ੧੯੨੦ ਤੋਂ ਪੈਹਲਾਂ ੨ ਹਟਾ ਦਿਤਾ ਗਿਆ ਯਾ ਮੌਕੂਫ ਕਰ ਦਿਤਾ ਗਿਆ ਹੋਵੇ ਤੇ ਝਗੜੇ ਵਾਲਾ ਹੱਕ, ਓਸ ਦੇ ਜਾਨਸ਼ੀਨ ਦੇ ਨਾਮ ਤਬਦੀਲ ਕੀਤਾ ਗਿਆ ਹੋਵੇ।

(ਸ) ਜੋ ਝਗੜੇ ਵਾਲੇ ਹਕ ਦੀ ਸਾਰੀ ਆਮਦਨੀ ਜੇ ਉਸ ਦਾ ਕੋਈ ਹਿਸਾ ਗੁਰਦਵਾਰੇ ਜਾਂ ਮੰਦਰ ਦੀ ਸੇਵਾ ਤੇ ਸੰਭਾਲ ਉਤੇ ਖਰਚ ਹੁੰਦਾ ਹੋਵੇ।

(ਹ) ਜੋ ਝਗੜੇ ਵਾਲਾ ਹਕ ਉਸ ਆਮਦਨ ਤੋਂ ਪ੍ਰਾਪਤ ਕੀਤਾ ਹੋਇਆ ਹੋਵੇ ਜੋ ਕਿਸੇ ਦੀ ਸ਼ਖਸੀ ਨਾ ਸਗੋਂ ਗੁਰਦਵਾਰੇ ਜਾਂ ਮੰਦਰ ਦੀ ਸਾਬਤ ਹੋ ਜਾਵੇ।

(ਕ) ਜੇ ਝਗੜੇ ਵਾਲੇ ਹਕ ਤੋਂ ਆਈ ਆਮਦਨ ਦਾ ਹਿਸਾਬ ਕਿਸੇ ਔਹਦੇਦਾਰ ਜਾਂ ਉਸੇ ਔਹਦੇ ਦੇ ਪਿਛੇ ਰੈਹ ਚੁਕੇ ਔਹਦੇਦਾਰ ਨੇ ਉਥੇ ਦੀ ਸੰਗਤ ਜਾਂ ਕਿਸੇ ਪ੍ਰਬੰਧਕ ਜਥੇ ਅਗੇ ਪੇਸ਼ ਕੀਤਾ ਹੋਵੇ।

(ਖ) ਕੋਈ ਹੋਰ ਐਸੀ ਗਲ ਜਿਸ ਤੋਂ ਪ੍ਰਗਟ ਹੋਵੇ ਕਿ ਝਗੜੇ ਵਾਲਾ ਹਕ ਕਿਸੇ ਸਮੇਂ ਗੁਰਦਵਾਰੇ ਜਾਂ ਮੰਦਰ ਸਬੰਧੀ ਟਰਸਟ (ਵਕਫ਼) ਕਰਕੇ ਵਰਤਿ- ਆ ਗਿਆ ਸੀ ਜਾਂ ਉਸ ਗੁਰਦਵਾਰੇ ਜਾਂ ਮੰਦਰ ਸੰਬੰਧੀ ਕਿਸੇ ਉਸ ਫੰਡ ਵਿਚੋਂ ਖਰੀਦਿਆ ਗਿਆ ਸੀ ਜਿਸ ਨੂੰ ਵਕਫ ਆਖ ਸਕੀਏ।

(੨) ਜੇ ਕੋਈ ਹਕ ਨਾਵਾਂ ਜਾਂ ਵਾਹ ਪੈਂਦਾ ਕਿਸੇ ਆਦਮੀ ਨੇ ਕਿਸੇ ਪਿਛਲੇ ਜਾਂ ਮੌਜੂਦਾ ਅਹੁਦੇਦਾਰ ਕੋਲੋਂ ੧ ਜਨਵਰੀ ੧੯੨੦ ਦੇ ਮਗਰੋਂ ਪ੍ਰਾਪਤ ਕੀਤਾ ਹੋਵੇ। ਅਤੇ ਓਹਦੀ ਬਾਬਤ ਕੋਈ ਦਾਹਵਾ ਕਰੇ ਤਾਂ ਭੀ ਫੈਸਲਾ ਉਤੇ ਦਸੇ ਲਘੂ ਅੰਕ (੧) ਦੇ ਨੇਮਾਂ ਅਨੁਸਾਰ ਹੋਵੇਗਾ।

ਦਫਾ ੧੯—ਜੇ ਕਿਸੇ ਐਲਾਨ ਹੋਏ ਗੁਰਦਵਾਰਾ ਦੇ ਪ੍ਰਬੰਧ ਦੇ ਤਰੀਕੇ ਵਿਚ

ਕਿਸੀ ਓਹਦਾਦਾਰ ਅਤੇ ਗੁਰਦਵਾਰੇ ਦੇ ਪ੍ਰਤੀਨਿਧਾਂ ਦੇ ਵਿਚਕਾਰ ਹੋਏ ਸਮਝੌਤੇ ਉਤੇ ਅਦਾਲਤ ਖਾਸ ਦਾ ਫੈਸਲਾ

੧ ਜਨਵਰੀ ੧੯੨੦ ਨੂੰ ਯਾ ਉਸ ਤੋਂ ਪਿਛੋਂ ਕੋਈ ਤਬਦੀਲੀ ਹੋਈ ਹੋਵੇ। ਓਸ ਤਬਦੀਲੀ ਦੇ ਕਾਰਨ ਜਾਂ ਸੰਬੰਧ ਵਿਚ ਏਹ ਕਿਹਾ ਜਾਂਦਾ ਹੋਵੇ ਕਿ ਓਸ ਅਸਥਾਨ ਦੇ ਪਿਛਲੇ ਪ੍ਰਬੰਧ ਵਾਲੇ ਉਹਦੇਦਾਰ ਅਤੇ ਉਥੋਂ ਦੀ ਸਿਖ ਸੰਗਤ ਜਾਂ ਉਸਦੇ ਪ੍ਰਤੀ ਨਿਧਾਂ ਜਾਂ ਪ੍ਰਤੀਨਿਧਾਂ ਦੇ ਦਰਮਿਆਨ ਸਮਝੌਤੇ ਦੇ ਦਰਮਿਆਨ ਕਿਸੇ ਹੱਕ ਨਾਵੇਂ ਜਾਂ ਵਾਹ ਪੈਂਦੇ ਲਈ ਦਾਹਵਾ ਰਖਦਾ ਹੋਵੇ ਜਾਂ ਕੋਈ ਮੌਜੂਦਾ ਉਹਦੇਦਾਰ ਜਾਂ ਕੋਈ ਸਿਖ ਜਿਸ ਦਾ ਉਸ ਅਸਥਾਨ ਨਾਲ ਵਾਹ ਪੈਂਦਾ ਹੋਵੇ। ਅਦਾਲਤ ਖਾਸ ਪਾਸ ਉਸ ਸਮਝੌਤੇ ਉਤੇ ਵਚਾਰ ਕਰਨ ਲਈ ਦਰਖਾਸਤ ਕਰ ਸਕਦਾ ਹੈ। ਜੋ ਉਸ ਅਸਥਾਨ ਦੇ ਸਿਖ ਗੁਰਦਵਾਰਾ ਮਿਥੇ ਜਾਨ ਦੇ ੯੦ ਦਿਨ ਦੇ ਅੰਦਰ ੨ ਪੇਸ਼ ਹੋ ਜਾਣੀ ਚਾਹੀ ਦੀ ਹੈ। ਇਸ ਉਤੇ ਉਕਤ ਅਦਾਲਤ ਤੈਕੀਕਾਤ ਕਰੇਗੀ। ਅਤੇ ਜੇ ਸਾਬਤ ਹੋ ਜਾਵੇ ਕਿ ਉਹ ਸਮਝੌਤਾ ਯੋਗ ਸੀ ਤਾਂ ਉਸ ਸਮਝੌਤੇ ਉਤੇ ਕਾਰਵਾਈ ਕਰਾਉਨ ਲਈ ਲੋੜ ਅਨੁਸਾਰ ਹੁਕਮ ਪਾਸ ਕਰੇ ਗੀ। ਭਾਵੇਂ ਕਿਸੇ ਗਲ ਦੇ ਜੋ ੧੯੦੮ ਦੇ ਇੰਡੀਅਨ ਰਜਿਸਟਰੇਸ਼ਨ ਕਾਨੂਨ ਜਾਂ ੧੮੯੯ ਦੇ ਇੰਡੀਅਨ ਅਸਟਾਮ ਐਕਟ ਵਿਚ ਲਿਖੀ ਹੋਵੇ। ਇਸ ਹੁਕਮ ਦੇ ਪਾਸ ਕਰਦਿਆਂ ਉਕਤ ਅਦਾਲਤ ਨੂੰ ਅਧਕਾਰ ਹੋਵੇਗਾ ਕਿ ਉਸ ਗੁਰਦੁਵਾਰੇ ਦੀ ਜਾਇਦਾਦ ਯਾ ਆਮਦਨੀ ਵਿਚੋਂ ਕਿਸੇ ਨਵੇਂ ਖਰਚ ਦੀ ਮਦ ਬਨਾ ਦੇਵੇ।

ਦਫਾ ੨੦—ਕਿਸੇ ਐਲਾਨ ਹੋਏ ਗੁਰਦਵਾਰੇ ਦੇ ਮੌਜੂਦਾ ਮਰੂਸੀ ਔਹਦੇਦਾਰ

ਮਰੂਸੀ ਅਹੁਦੇਦਾਰ ਜੋ ਅਸਤੀਫਾ ਦੇ ਗਿਆ ਹੋਵੇ ਜਾਂ ਮਕੂਫ ਹੋਗਿਆ ਹੋਵੇ ਮੁਆਵਜੇ ਲਈ ਦਾਹਵਾ

ਨੂੰ ਜੋ ਆਪਣੇ ਅਹੁਦੇ ਤੋਂ ਐਲਾਨ ਤੋਂ ੧੨ ਮਹੀਨੇ ਦੇ ਅੰਦਰ ਅਸਤੀਫਾ ਦੇ ਗਿਆ ਹੋਵੇ ਅਤੇ ਜਿਸ ਨੂੰ ਅੰਕ ੧੩੪ ਵਿਚ ਕਿਸੇ ਕਾਰਨਾ ਦੇ ਬਿਨਾ ਕਿਸੀ ਹੋਰ ਕਾਰਨ ਕਰਕੇ ਯਾਂ ਅੰਕ ੧੪੨ ਦੇ ਅਨੁਸਾਰ ਹਟਾਇਆ ਗਿਆ ਹੋਵੇ। ਜਾਂ ਉਸ ਦੇ ਚੇਲੇ ਨੂੰ ਹਕ ਹੋਵੇਗਾ ਕਿ ਉਕਤ ਅਸਥਾਨ ਨੂੰ ਸਿਖ ਗੁਰਦ੍ਵਾਰਾ ਮਿਥੇ ਜਾਨ ਦੇ ੯੦ ਦਿਨ ਦੇ ਅੰਦਰ ਅਦਾਲਤ ਖਾਸ ਪਾਸ ਦਰਖਾਸਤ ਕਰੇ ਕਿ ਪ੍ਰਬੰਧ ਦੀ ਤਬਦੀਲੀ ਦੇ ਕਾਰਨ ਉਸਨੂੰ ਮਾਲੀ ਨੁਕਸਾਨ ਹੋਇਆ ਹੈ ਜਾਂ ਹੋਵੇਗਾ। ਇਸ ਲਈ ਮੁਆਵਜਾ ਦਿਤਾ ਜਾਵੇ। ਇਸ ਉਤੇ ਭਾਵੇਂ ਓਹ ਆਪਨੀ ਮਰਜੀ ਨਾਲ ਅਸਤੀਫਾ ਦੇਗਿਆ ਹੋਵੇ। ਉਕਤ ਅਦਾਲਤ ਇਉਂ ਜਾਨੇਗੀ ਕਿ ਮਾਨੋ ਉਸਨੂੰ ਕਾਨੂੰਨ ਵਿਰੁਧ ਤਰੀਕੇ ਨਾਲ ਹਟਾਇਆ ਗਿਆ ਹੈ। ਅਤੇ ਹੁਕਮ ਦੇ ਸਕਦੀ ਹੈ ਕਿ ਉਸਨੂੰ ਇਸ

ਐਕਟ ਦੇ ਨਿਯਮਾ ਅਨੁਸਾਰ ਮੁਆਵਜ਼ਾ ਦਿਤਾ ਜਾਵੇ।

ਦਫਾ ੨੧.

ਕਿਸੇ ਆਦਮੀ ਦਾ ਅਹੁਦੇਦਾਰ ਅਸਥਾਪਨ ਕਰਨ ਦੇ ਹਕ ਬਦਲੇ ਮੁਆਵਜ਼ਾ ਮੰਗਣਾ

ਜਦ ਕੋਈ ਪੂਜਾ ਅਸਥਾਨ ਇਸ ਕਾਨੂਨ ਅਨੁਸਾਰ ਸਿਖ ਗੁਰਦਵਾਰਾ ਮਿਥਿਆ ਜਾਏ ਤੇ ਜੋ ਆਦਮੀ ਏਹ ਦਾਹਵਾ ਰਖਦਾ ਹੋਵੇ ਕਿ ਮੈਨੂੰ ਉਸ ਥਾਂ ਦਾ ਸੇਵਾਦਾਰ ਜਾਂ ਉਹਦੇਦਾਰ ਅਸਥਾਪਨ ਦਾ ਹਕ ਹੈ। ਜਾਂ ੧ ਜਨਵਰੀ ੧੯੨੦ ਨੂੰ ਪ੍ਰਾਪਤ ਸੀ। ਉਹ ਆਦਮੀ ਉਸ ਅਸਥਾਨ ਦੇ ਸਿਖ ਗੁਰਦਵਾਰਾ ਮਿਥੇ ਜਾਨ ਦੀ ਤਰੀਕ ਤੋਂ ੯੦ ਦਿਨ ਦੇ ਅੰਦਰ ਅੰਦਰ ਅਦਾਲਤ ਖਾਸ ਪਾਸ ਦਰਖਾਸਤ ਕਰ ਸਕਦਾ ਹੈ ਕਿ ਉਸ ਗੁਰਦਵਾਰਾ ਦੇ ਪ੍ਰਬੰਧ ਵਿਚ ੧ਜਨਵਰੀ ੧੯੨੦ਤੋਂ ਮਗਰੋਂ ਬੇ ਕਾਨੂਨ ਤ੍ਰੀਕੇ ਨਾਲ ਪ੍ਰਬੰਧ ਵਿਚ ਤਬਦੀਲੀ ਹੋਨ ਦੇ ਕਾਰਨ ਮੈਨੂੰ ਮਾਲੀ ਨੁਕਸਾਨ ਹੋਇਆ ਹੈ, ਯਾ ਉਸ ਅਸਥਾਨ ਦੇ ਸਿਖ ਗੁਰਦੁਆਰਾ ਮਿਥੇ ਜਾਨ ਨਾਲ ਮੈਨੂੰ ਨੁਕਸਾਨ ਹੋਇਗਾ। ਤਾਂ ਜੇਕਰ ਉਕਤ ਅਦਾਲਤ ਨੂੰ ਜੇ ਏਹ ਸਾਬਤ ਹੋ ਜਾਏ। ਤਾਂ ਉਹ ਅਦਾਲਤ ਉਸਨੂੰ ਮੁਆਵਜ਼ਾ ਦਵਾਨ ਲਈ ਇਸ ਕਾਨੂਨ ਅਨੁਸਾਰ ਹੁਕਮ ਪਾਸ ਕਰ ਸਕਦੀ ਹੈ।

ਦਫਾ ੨੨.

ਮੁਆਵਜ਼ਾ ਦੇਂਦਿਆਂ ਕਿਨਾਂ ਗਲਾਂ ਦਾ ਧਿਆਨ ਰਖਣਾ

ਕਿਸੇ ਔਹਦੇ ਤੋਂ ਹਟ ਜਾਨ ਅੰਕ ੬, ੧੧, ੨੦ ਅਨੁ-ਸਾਰ ਮੁਆਵਜ਼ਿਆਂ ਦਾ ਦਾਹਵਿਆਂ ਦਾ ਫੈਸਲਾ ਕਰਨ ਲਈ ਅਦਾਲਤ ਖਾਸ ਹੋਰਨਾ ਗਲਾਂ ਨਾਲ ਹੇਠ ਲਿਖੀਆਂ ਗਲਾਂ ਦਾ ਧਿਆਨ ਰਖ ਸਕਦੀ ਹੈ।

(ੳ) ਦਾਹਵੇਦਾਰ ਦਾ ਪਿਛਲਾ ਚਾਲ ਚਲਨ।

(ਅ) ਗੁਰਦੁਵਾਰੇ ਦੀ ਜਾਇਦਾਦ ਵਿਚ ਜੋ ਬੇਹਤਰੀਆਂ ਦਾਹਵੇਦਾਰ ਨੇ ਕੀਤੀਆਂ ਹੋਨ।

(ੲ) ਵਕਫ ਆਮਦਨੀ ਦਾ ਉਹ ਹਿਸਾ ਜੋ ਪੁਰਾਨੇ ਰਵਾਜਾਂ ਅਨੁਸਾਰ ਜਾਂ ਸੰਗਤ ਦੀ ਪਰਤਖ ਜਾਂ ਗੁਝੀ ਰਜਾਮੰਦੀ ਨਾਲ ਮੌਜੂਦਾ ਤੇ ਪਿਛਲੇ ਔਹਦੇਦਾਰ ਅਪਨੇ ਨਿਜਦੇ ਕੰਮਾਂ ਵਿਚ ਵਰਤਦੇ ਰਹੇ ਹਨ, ਪਰ ਇਹ ਯਾਦ ਰਹੇ ਕਿ ਜੇਕਰ ਇਹ ਗਲ ਵਿਚਾਰ ਵਿਚ ਲਿਆਂਦੀ ਗਈ ਤਾਂ ਕੇਵਲ ਇਸ ਮਤਲਬ ਲਈ ਹੋਵੇਗੀ ਕਿ ਉਸ ਦਾਹਵੇਦਾਰ ਨੂੰ ਉਸਦੇ ਜੀਂਦੇ ਜੀ ਕਿਤਨਾ ਮੁਆਵਜ਼ਾ ਦੇਨਾ ਯੋਗ ਹੈ, ਅਤੇ ਇਸਤੋਂ ਉਸਦੇ ਚੇਲੇ ਜਾਂ ਚੇਲਿਆਂ ਨੂੰ ਵਧੀਕ ਮੁਆਵਜ਼ਾ ਲੈਣ ਲਈ ਕੋਈ ਹਕ ਨਹੀਂ ਮਿਲੇਗਾ, ਇਹ ਭੀ ਯਾਦ ਰਹੇ ਕਿ ਅਦਾਲਤ ਖਾਸ ਲਈ

ਜਰੂਰੀ ਨਹੀ ਕਿ ਇਸ ਆਮਦਨੀ ਦੇ ਆਧਾਰ ਤੇ ਮੁਆਵਜ਼ਾ ਠਹਰਾਏ, ਪ੍ਰੰਤੂ ਜੇ ਉਕਤ ਅਦਾਲਤ ਚਾਹੇ ਤਾਂ ਜੋ ਮੁਆਵਜ਼ਾ ਉਵ ਠਹਰਾਯਾ ਜਾਂਦਾ, ਉਸਤੋਂ ਵਧੀਕ ਦੇਣ ਲਈ ਇਸ ਆਮਦਨੀ ਦਾ ਖਿਆਲ ਕਰ ਸਕਦੀ ਹੈ।

(੨) ਮੁਆਵਜ਼ਾ ਦੇਣ ਲਗਿਆਂ ਇਹਨਾਂ ਗਲਾਂ ਦਾ ਖਿਆਲ ਜਰੂਰ ਰਖਣਾ ਪਵੇਗਾ।

(ੳ) ਦਾਹਵੇਦਾਰ ਦਾ ਪਿਛਲਾ ਚਾਲ ਚਲਨ ਜਦ ਕਿ ਉਸਦੇ ਚਾਲ ਚਲਨ ਦਾ ਖਿਆਲ ਕਿਸੇ ਸਿਵਲ ਜਾਂ ਨਵਨਿਉ ਕੋਟ ਵਿਚ ੧ ਦਸੰਬਰ ੧੯੨੪ ਤੋਂ ਪੈਹਲਾਂ ਦਾਇਰ ਹੋਇ ਦਾਹਵੇ ਜਾਂ ਕਾਰਵਾਈ ਵਿਚ ਉਠਾਇਆ ਗਿਆ ਹੋਵੇ।

(ਅ) ਦਾਹਵੇਦਾਰ ਫ਼ੌਜੀ ਅਦਾਲਤ ਵਿਚ ਕਿਸੇ ਅਜਿਹੇ ਦੋਸ਼ ਦਾ ਅਪਰਾਧੀ ਸਾਬਤ ਹੋਇਆ ਹੋਵੇ ਜੋ ਕਿ ਅਦਾਲਤ ਖਾਸ ਦੀ ਨਜ਼ਰ ਵਿਚ ਅਖ਼ਲਾਕੀ ਜੁਰਮ ਹੋਵੇ-ਜਾਂ ਓਹਦੇ ਵਿਰੁਧ ੧੮੯੮ ਦੇ ਜ਼ਾਬਤਾ ਫੌਜਦਾਰੀ ਦੇ ਅੰਕ ੧੧੦, ੧੧੮ ਦੇ ਅਨੁਸਾਰ ਕੋਈ ਹੁਕਮ ਪਾਸ ਹੋਯਾ ਹੋਵੇ।

(ੲ) ਦਾਹਵੇ ਦਾਰ ਦੇ ਆਪਨੇ ਔਹਦੇ ਤੋਂ ਹਟ ਜਾਣ ਕਰਕੇ ਜੋ ਘਾਟਾ ਓਹਦੀ ਆਮਦਨ ਵਿਚ ਵਕਫ ਆਮਦਨੀ ਤੋਂ ਬਿਨਾਂ ਹੋਯਾ ਹੋਵੇ।

(ਸ) ਰਹਾਇਸ਼, ਰੋਜ਼ੀਨਾ, ਸੇਵਾ ਅਤੇ ਹੋਰ ਨਕਦੀ ਜਾਂ ਜਿਨਸੀ ਪ੍ਰਮਾਣਕ ਅਲੌਂਸਾਂ ਸਬੰਧੀ ਹਕ ਜੋ ਦਾਹਵੇਦਾਰ ਨੂੰ ਪ੍ਰਾਪਤ ਰੈਹ ਚੁਕੀਆਂ ਹਨ।

ਦਫਾ ੨੩.

ਮੁਆਵਜ਼ਾ ਗੁਰਦੁਆਰੇ ਦੀ ਆਮਦਨ ਵਿਚੋਂ ਦਿਤਾ ਜਾਨਾ

ਜਦ ਅਦਾਲਤ ਖਾਸ ਕਿਸੇ ਔਹਦੇਦਾਰ ਨੂੰ ਮੁਆਵਜ਼ਾ ਦੁਵਾਏ ਤਾਂ, ਜੇ ਦੋਵੇਂ ਧਿਰਾਂ ਆਪਸ ਵਿਚ ਸਮਝੌਤਾ ਕਰ ਲੈਣ ਕਿ ਕਿਵੇਂ ਅਦਾ ਹੋਵੇ ਤਾਂ ਵਾਹ ਭਲਾ, ਨਹੀਂ ਤਾਂ ਉਕਤ ਅਦਾਲਤ ਹੁਕਮ ਦੇਵੇਗੀ ਕਿ ਉਸ ਦਾਹਵੇਦਾਰ ਨੂੰ ਜਦ ਤਕ ਓਹ ਜੀਂਦਾ ਹੈ ਜਾਂ ਉਸ ਤੋਂ ਘਟ ਸਮੇਂ ਲਈ ਜੋ ਉਕਤ ਅਦਾਲਤ ਥਾਪੇ ਉਸ ਔਹਦੇ ਨਾਲ ਸੰਬੰਧ ਰਖਣ ਵਾਲੇ ਗੁਰਦੁਆਰੇ ਦੀ ਆਮਦਨ ਵਿਚੋਂ ਹਰ ਸਾਲ ਮਿਥੀ ਹੋਈ ਤ੍ਰੀਕ ਤੇ ਬਝੀ ਰਕਮ ਦਿਤੀ ਜਾਇਆ ਕਰੇ॥

ਦਫਾ ੨੪.

ਮੁਆਵਜ਼ਾ ਲੈਨ ਵਾਲੇ ਦੇ ਵਾਰਸਾਂ ਦੇ ਹਕ

ਜੇਕਰ ਕੋਈ ਆਦਮੀ ਜਿਸਦੇ ਹਕ ਵਿਚ ਅਦਾਲਤ ਖਾਸ ਨੇ ਮੁਆਵਜ਼ਾ ਦਾ ਫੈਸਲਾ ਕੀਤਾ ਹੋਵੇ, ਮਰ ਜਾਵੇ, ਤਾਂ ਉਸ ਦੇ ਵਾਰਸਾਂ ਨੂੰ ਕੇਵਲ ਉਤਨੀ ਰਕਮ ਮਿਲੇਗੀ ਜੋ ਫੈਸਲੇ ਅਨੁਸਾਰ ਮਿਥੀ ਹੋਈ ਹੈ, ਅਤੇ ਉਸ ਨੂੰ ਦਿਤੀ ਨਾ ਗਈ ਹੋਵੇ। ਪਰ ਜੇਕਰ ਅਦਾਲਤ ਦੇ ਹੁਕਮ

ਅਨੁਸਾਰ ਮੁਆਵਜ਼ਾ ਕਿਸੀ ਖਾਸ ਮੁਦਤ ਲਈ ਦਿਤਾ ਹੋਵੇ ਅਤੇ ਮੁਆਵਜ਼ਾ ਲੈਨ ਵਾਲੇ ਦੀ ਮੌਤ ਤੋਂ ਪੈਹਲਾਂ ਓਹ ਅਰਸਾ ਪੂਰਾ ਨ ਹੋਯਾ ਹੋਵੇ। ਤਾਂ ਉਸਦੇ ਵਾਰਸਾਂ ਨੂੰ ਓਹ ਰਕਮ ਲੈਨ ਦਾ ਹਕ ਹੋਵੇਗਾ, ਜਿਸ ਦੀ ਨਿਸਬਤ ਸਾਲਾਨਾ ਅਲਾਊਂਸ ਨਾਲ ਇਹ ਹੋਵੇਗੀ ਕਿ ਜਦੋਂ ਅੰਤਲੀ ਸਾਲਾਨਾ ਕਿਸ਼ਤ ਦੇਨੀ ਸੀ ਉਸ ਤਰੀਕ ਤੋਂ ਲੈਕੇ ਜਿੰਨੇ ਮਹੀਨੇ ਪਿਛੋਂ ਕਾਲ ਵਸੀ ਹੋਯਾ।

ਦਫਾ ੨੫.

ਮੁਆਵਜ਼ਾ ਦੇਨ ਦਾ ਢੰਗ

ਉਹ ਰਕਮ ਜੇਹੜੀ ਅਦਾਲਤ ਖਾਸ ਨੇ ਗੁਰਦੁਆਰੇ ਦੀ ਆਮਦਨ ਵਿਚੋਂ ਮੁਆਵਜ਼ਾ ਦੁਆਈ ਹੋਵੇ, ਉਹ ਉਸ ਤਸੀਲ ਦੇ ਖਜ਼ਾਨੇ ਵਿਚ ਜਮਾ ਕਰਾਈ ਜਾਵੇਗੀ ਜਿਸ ਵਿਚ ਕਿ ਉਹ ਗੁਰਦੁਆਰਾ ਹੈ। ਫਿਰ ਨੀਯਤ ਕੀਤੇ ਤ੍ਰੀਕੇ ਨਾਲ ਉਸ ਆਦਮੀ ਯਾ ਆਦਮੀਆਂ ਨੂੰ ਦਿਤੀ ਜਾਵੇਗੀ ਜੇਹੜੇ ਅੰਕ ੨੪ ਅਨੁਸਾਰ ਹੁਕਮ ਹੋਏ ਤੇ ਹਕਦਾਰ ਹੋਣਗੇ। ਜੇਕਰ ਉਕਤ ਰਕਮ ਉਕਤ ਤ੍ਰੀਕੇ ਨਾਲ ਜਮਾ ਨਾ ਕਰਾਈ ਗਈ ਤਾਂ ਕਲੈਕਟਰ ਨਾਂ ਉਘਰੇ ਹੋਏ ਮਾਮਲੇ ਸਮਝਕੇ ਉਸ ਗੁਰਦੁਆਰੇਦੀ ਆਮਦਨ ਵਿਚੋਂ ਵਸੂਲ ਕਰ ਸਕਦਾਹੈ

ਦਫਾ ੨੬.

ਮਾਲ ਦੇ ਕਾਗਜ਼ਾਂ ਵਿਚ ਗੁਰਦੁਵਾਰੇ ਦੇ ਹੁਕਾਂ ਦਾ ਨਾਵਾਂ

ਜਦ ਇਸ ਐਕਟ ਅਨੁਸਾਰ ਫੈਸਲਾ ਹੋ ਜਾਏ ਕਿ ਕਿਸੇ ਗੈਰ ਮਨਕੂਲਾ ਜਾਇਦਾਦ ਉਤੇ ਕਿਸੇ ਐਲਾਨ ਹੋਏ ਗੁਰਦੁਆਰੇ ਦਾ ਹਕ ਨਾਵਾਂ, ਯਾ ਵਾਹ ਪੈਂਦਾ ਹੈ ਜਾਂ ਉਕਤ ਹਕ ਨਾਵਾਂ ਜਾਂ ਵਾਹ ਪੈਂਦਾ ਅੰਕ ੫, (੩) ਜਾਂ ਅੰਕ ੧੦ (੩) ਅਨੁਸਾਰ ਪ੍ਰਕਾਸ਼ਤ ਹੋਈ ਫ਼ਰਿਸਤ ਵਿਚ ਸ਼ਾਮਲ ਕਰ ਲਿਆ ਹੋਵੇ ਤਾਂ ਜਿਸ ਜਿਲੇ ਵਿਚੋਂ ਗੁਰਦੁਆਰਾ ਹੋਵੇ ਉਸ ਦੇ ਕਲੈਕਟਰ ਲਈ ਜ਼ਰੂਰੀ ਹੋਵੇਗਾ ਕਿ ਜਦ ਓਹਦੇ ਪਾਸ ਇਸ ਦੇ ਸੰਬੰਧੀ ਕੋਈ ਦਰਖਾਸਤ ਆਵੇ ਤਾਂ ਓਹ ਇਸ ਗਲ ਦੀ ਯੋਗ ਤ੍ਰੀਕੇ ਨਾਲ ਪੜਤਾਲ ਕਰਕੇ ਕਿ ਸਚ ਮੁਚ ਉਕਤ ਫੈਸਲਾ ਹੋਯਾ ਹੈ ਤੇ ਅਗੇ ਕੋਈ ਉਜਰ ਨਹੀਂ ਉਠਾਯਾ ਗਿਆ, ਹੁਕਮ ਦੇਵੇ ਕਿ ੧੮੮੭ ਦੇ ਕਾਨੂਨ ਲਗਾਨ ਜ਼ਮੀਨ ਪੰਜਾਬ ਅਨੁਸਾਰ ਉਕਤ ਹਕ ਨਾਵੇਂ ਜਾਂ ਵਾਹ ਪੈਂਦੇ ਨੂੰ ਰਜਿਸਟਰ ਹਕੂਕ ਵਿਚ ਉਸ ਗੁਰਦੁਆਰੇ ਦੀ ਮਲਕੀਅਤ ਕਰਕੇ ਦਰਜ ਕੀਤਾ ਜਾਵੇ।

ਦਫਾ ੨੭.

ਉਸ ਜਾਇਦਾਦ ਦਾ ਇੰਤਜ਼ਾਮ ਜੇਹੜੀ ਐਲਾਨ ਹੋਏ ਗੁਰਦੁਆਰੇ ਦੀ ਹੋਵੇ ਪਰ ਟਰਸਟੀਅ ਦੇ ਪ੍ਰਬੰਧ ਹੇਠ ਹੋਵੇ

(੧) ਜਦ ਇਸ ਕਾਨੂਨ ਦੇ ਆਰੰਭ ਹੋਨ ਦੇ ਵੇਲੇ ਜਾਂ ਉਸ ਤੋਂ ਪਹਿਲਾਂ ਕਿਸੇ ਜਾਇਦਾਦ ਐਲਾਨ ਹੋਏ ਗੁਰ ਦੁਆਰਾ ਸੰਬੰਧੀ ਨਾਮ ਕਰਾਈ ਗਈ ਹੋਵੇ ਜਾਂ ਕੋਈ ਟਰਸਟ ਬਨਾਯਾ ਗਿਆ ਹੋਵੇ ਅਤੇ ਉਸ ਦੀ ਆਮ ਦਨ ਦਾ ਕੁਝ ਹਿਸਾ ਉਕਤ ਗੁਰਦਵਾਰੇ ਤੇ ਕੁਝ ਹਿਸਾ ਕਿਸੇ ਹੋਰ ਅਸਥਾਨ ਜਾਂ ਆਦਮੀਆਂ ਵਿਚ ਵੰਡੇ ਜਾਣ ਲਈ ਵਕਫ਼ ਲਿਖਤ ਦੁਆਰਾ ਬਨਾਯਾ ਗਿਆ ਹੋਵੇ ਤੇ ਜੇ ਕੋਈ ਆਦਮੀ ਉਸ ਵਕਫ਼ ਉਤੇ ਟਰਸਟੀ ਮੁਕਰਰ ਹੋਇਆ ਹੋਵੇ ਜਾਂ ਕੋਈ ਹੋਰ ਆਦਮੀ ਜਿਸਨੂੰ ਉਸ ਗੁਰਦਵਾਰੇ ਨਾਲ ਵਾਹ ਪੈਂਦਾ ਹੋਵੇ ਜਾਂ ਓਹਦਾ ਐਹੋ ਜੇਹੇ ਅਸਥਾਨਾਂ ਨਾਲ ਵਾਹ ਪੈਂਦਾ ਹੋਵੇ ਜਾਂ ਕੋਈ ਇਹੋ ਜੇਹਾ ਆਦਮੀ ਜਿਸ ਨੂੰ ਉਸ ਵਕਫ ਤੋਂ ਫਾਇਦਾ ਪਹੁੰਚਦਾ ਹੋਵੇ, ਓਹ ਉਸ ਐਲਾਨ ਦੁਆਰਾ ਕਿ ਉਹ ਸਿਖਗੁਰਦਵਾਰਾ ਮਿਥਿਆ ਗਿਆ ਹੈ,ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ੯੦ ਦਿਨ ਦੇ ਅੰਦਰ ੨ ਅਦਾਲਤ ਖਾਸ ਪਾਸ ਦਰਖਾਸਤ ਦੇਕੇ ਮੰਗ ਕਰੇ ਕਿ ਇਸ ਵਕਫ ਦਾ ਇੰਤਜ਼ਾਮ ਵਕਫ ਦੀਆਂ ਸ਼ਰਤਾਂ ਦੇ ਅਨੁਸਾਰ ਹੁੰਦਾ ਰਹੇ ਅਤੇ ਇਸ ਆਮਦਨੀ ਨੂੰ ਸ਼ਰਤਾਂ ਦੇ ਅਨੁਸਾਰ ਵੰਡ ਕਰੇ, ਅਤੇ ਇਹ ਦਾਹਵਾ ਭੀ ਸਕਦਾ ਹੈ ਕਿ ਅਦਾਲਤ ਖਾਸ ਇਸ ਗਲ ਦਾ ਫੈਸਲਾ ਕਰੇ ਕਿ ਆਮਦਨੀ ਦਾ ਕਿੰਨਾ ਹਿਸਾ ਅਜਹੇ ਸ਼ਖਸ ਨੂੰ ਦਿਤਾ ਜਾਵੇ ਜਿਸ ਨੂੰ ਉਸ ਆਮਦਨ ਦਾ ਫਾਇਦਾ ਪਹੁੰਚਦਾ ਹੋਵੇ।

(੨) ਜੇ ਅਦਾਲਤ ਖਾਸ ਨੂੰ ਪਤਾ ਲਗੇ ਕਿ ਉਕਤ ਜਾਇਦਾਦ ਦੀ ਆਮਦਨ ਦਾ ਵਧੀਕ ਹਿਸਾ ਵਕਫ ਦੀ ਸ਼ਰਤਾਂ ਦੇ ਅਨੁਸਾਰ ਗੁਰਦਵਾਰੇ ਨੂੰ ਨਹੀਂ ਮਿਲਦਾ ਤਾਂ ਇਸ ਕਾਨੂਨ ਵਿਚ ਕੋਈ ਅਜਿਹਾ ਹੁਕਮ ਹੁੰਦਿਆਂ ਭੀ ਅਦਾਲਤ ਖਾਸ ਇਹ ਹੁਕਮ ਪਾਸ ਕਰ ਸਕੇਗੀ ਕਿ ਓਹ ਟਰਸਟੀ ਜਾਇਦਾਦ ਦਾ ਪ੍ਰਬੰਧ ਕਰਦੇ ਰੈਹਣ ਤੇ ਸ਼ਰਤਾਂ ਦੇ ਅਨੁਸਾਰ ਆਮਦਨ ਵੰਡਦੇ ਰੈਹਣ, ਤੇ ਜੇਕਰ ਅਦਾਲਤ ਨੂੰ ਪਤਾ ਲਗੇ ਕਿ ਵਕਫ਼ ਦੀ ਸ਼ਰਤਾਂ ਦੇ ਅਨੁਸਾਰ ਆਮਦਨੀ ਦਾ ਵਧੀਕ ਹਿਸਾ ਗੁਰਦਵਾਰੇ ਨੂੰ ਮਿਲਦਾ ਹੈ ਤਾਂ ਅਦਾਲਤ ਖਾਸ ਹੁਕਮ ਪਾਸ ਕਰੇਗੀ ਕਿ ਐਸੇ ਗੁਰਦਵਾਰੇ ਦੀ ਜਾਇਦਾਦ ਦਾ ਗੁਰਦਵਾਰੇ ਦੀ ਕਮੇਟੀ ਪ੍ਰਬੰਧ ਕਰੇ ਤੇ ਆਮਦਨੀ ਸ਼ਰਤਾਂ ਅਨੁਸਾਰ ਵੰਡੇ।

(੩) ਜੇ ਕਰ ਵਕਫ਼ ਦੀ ਸ਼ਰਤਾਂ ਵਿਚ ਇਹ ਨਿਰਨਾ ਨ ਹੋਯਾ ਹੋਵੇ ਕਿ ਆਮਦਨੀ ਦਾ ਕਿੰਨਾ ਹਿਸਾ ਕਿਸੇ ਨੂੰ ਦਿਤਾ ਜਾਵੇ ਤਾਂ ਅਦਾਲਤ ਖਾਸ ਕਿਸੇ

ਫ਼ਰੀਕ ਦੀ ਦਰਖਾਸਤ ਉਤੇ ਇਹ ਫੈਸਲਾ ਕਰ ਸਕਦੀ ਹੈ ਕਿ ਆਮਦਨੀ ਦਾ ਕਿੰਨਾ ਹਿਸਾ ਕਿਸੇ ਸ਼ਖਸ ਨੂੰ ਦਿਤਾ ਜਾਵੇ।

(੪) ਜੇਕਰ ਲਘੂ ਅੰਕ ੧ ਅਨੁਸਾਰ ਮਿਆਦ ਦੇ ਅੰਦਰ ਦਰਖਾਸਤ ਨ ਕੀਤੀ ਜਾਵੇ ਤਾਂ ਉਕਤ ਗੁਰਦਵਾਰੇ ਦੀ ਕਮੇਟੀ ਜਾਇਦਾਦ ਦਾ ਇੰਤਜ਼ਾਮ ਕਰੇਗੀ ਤੇ ਉਸਦੀ ਆਮਦਨੀ ਨੂੰ ਵਕਫ ਦੀਆਂ ਸ਼ਰਤਾਂਦੇ ਅਨੁਸਾਰ ਵੰਡੇਗੀ।

ਦਫਾ ੨੮—(੧) ਜਦ ਲਘੂ ਅੰਕ ੫, (੩) ਯਾ ੧੦, (੩) ਅਨੁਸਾਰ ਐਲਾਨ ਨਿਕਲਿਆ ਹੋਵੇ ਤਾਂ ਉਕਤ ਗੁਰਦਵਾਰੇ ਦੀ ਕਮੇਟੀ ਨੂੰ ਅਧਿਕਾਰ ਹੋਵੇਗਾ ਕਿ ਗੁਰਦਵਾਰੇ ਵਲੋਂ ਅਜੇਹੀ ਜਾਇਦਾਦ ਦੇ ਕਬਜ਼ੇ ਵਾਸਤੇ ਨਾਲਸ਼ ਕਰੇ ਜਿਸ ਦਾ ਉਕਤ ਐਲਾਨ ਵਿਚ ਵੇਰਵਾ ਕੀਤਾ ਗਿਆ ਹੋਵੇ, ਪਰ ਜੇਕਰ ਗੁਰਦਵਾਰਾ ਉਕਤ ਜਾਇਦਾਦ ਉਤੇ ਝਟ ਪਟ ਕਬਜ਼ਾ ਕਰਨ ਦਾ ਹਕ ਰਖਦਾ ਹੋਵੇ, ਅਤੇ ਉਕਤ ਐਲਾਨ ਦੇ ਪ੍ਰਕਾਸ਼ਤ ਹੋਣ ਦੀ ਤਰੀਕ ਤੇ ਗੁਰਦਵਾਰੇ ਦਾ ਕਬਜ਼ਾ ਨ ਹੋਵੇ।

ਐਲਾਨਹੋਏ ਗੁਰਦਵਾਰਿਆਂ ਦੇ ਵਲੋਂ ਓਹਨਾਂ ਜਾਇਦਾਦਾਂ ਦੇ ਕਬਜ਼ੇ ਵਾਸਤੇ ਨਾਲਸ਼ਾਂ ਜਿਨਾਂ ਦਾ ਕੋਈ ਝਗੜਾ ਨ ਹੋਵੇ।

(੨) ਉਕਤ ਨਾਲਸ਼ ਐਲਾਨ ਪ੍ਰਕਾਸ਼ਤ ਹੋਨ ਦੇ ਜਾਂ ਉਕਤ ਕਮੇਟੀ ਬਨਣ ਦੇ (ਜੇਹੜੀ ਤਰੀਕ ਦੋਨਾਂ ਵਿਚੋਂ ਪਿਛੇ ਹੋਵੇ) ੯੦ ਦਿਨ ਦੇ ਅੰਦਰ ੨ ਉਸ ਅਦਾ-ਲਤ ਵਿਚ ਜਿਸ ਨੂੰ ਮੁਕਦਮੇ ਸੁਣਨ ਦਾ ਅਧਿਕਾਰ ਹੋਵੇ ਨਾਲਸ਼ ਕੀਤੀ ਜਾਵੇਗੀ। ਜੇਕਰ ਮਿਆਦ ਦੇ ਅੰਦਰ ਨਾਲਸ਼ ਨ ਕੀਤੀ ਜਾਵੇ ਤਾਂ ਇਸ ਤੋਂ ਮਗਰੋਂ ਗੁਰ-ਦੁਆਰੇ ਵਲੋਂ ਕਿਸੇ ਜਾਇਦਾਦ ਦੇ ਕਬਜੇ ਲਈ ਨਾਲਸ਼ ਨਹੀਂ ਕੀਤੀ ਜਾਏਗੀ। ਪਰ ਜੇਕਰ ਐਲਾਨ ਦੇ ਪ੍ਰਕਾਸ਼ਤ ਹੋਣ ਦੇ ਮਗਰੋਂ ਗੁਰਦੁਆਰੇ ਦਾ ਕਬਜ਼ਾ ਹਟਾਯਾ ਗਿਆ ਹੋਵੇ ਤਾਂ ਨਾਲਸ਼ ਹੋ ਸਕਦੀ ਹੈ।

(੩) ਭਾਵੇਂ ਕਿਸੇ ਕਾਨੂਨ ਵਿਚ ਉਕਤ ਹੁਕਮ ਦੇ ਵਿਰੁਧ ਕੁਝ ਭੀ ਲਿਖਿਆ ਹੋਵੇ ਤਾਂ ਭੀ ਇਸ ਕਿਸਮ ਦੇ ਦਾਵਿਆਂ ਉਤੇ ੫) ਰੁਪਏ ਦਾ ਕੋਟਫ਼ੀਸ ਲਗੇਗਾ।

ਦਫਾ ੨੯—ਭਾਵੇਂ ਕਿਸੇ ਹੋਰ ਪ੍ਰਚਲਤ ਕਾਨੂਨ ਵਿਚ ਕੁਝ ਲਿਖਿਆ ਹੋਵੇ ਹੇਠ ਲਿਖੀਆਂ ਹਾਲਤਾਂ ਵਿਚ ਕੋਈ ਨਾਲਸ਼ ਨਹੀਂ ਹੋ ਸਕੇਗੀ ਅਤੇ ਨ ਕੋਈ ਸੁਣੀ ਜਾ ਸਕੇਗੀ ਅਤੇ ਨ ਚਲ ਸਕੇਗੀ।

ਹੋਰਨਾਂ ਅਦਾਲਤਾਂ ਦੇ ਸੁਣਨ ਦੇ ਅਧਿਕਾਰਾਂ ਤੇ ਬੰਦਸ਼

(੧) ਕੋਈ ਦਾਹਵਾ ਜਾਂ ਦਰਖਾਸਤ ਇਸ ਮਨੋਰਥ ਲਈ ਕਿ ਕਿਸੇ ਐਲਾਨ ਹੋਏ ਸਿਖ ਗੁਰਦੁਆਰਾ ਸਬੰਧੀ ਕਿਸੇ ਔਹਦੇ ਤੇ ਕਿਸੇ ਸ਼ਖ਼ਸ ਨੂੰ ਬਹਾਲ ਕੀਤਾ ਜਾਵੇ ਜਾਂ ਉਸ ਪ੍ਰਬੰਧ ਨੂੰ ਜੇਹੜਾ ਕਿ ਉਕਤ ਐਲਾਨ ਤੋਂ ਭਾਗ (੩) ਅਨੁਸਾਰ ਕੀਤਾ ਗਿਆ ਹੈ ਪੇਹਲਾਂ ਥੀ ਬਹਾਲ ਕੀਤਾ ਜਾਵੇ।

(੨) ਕਿਸੇ ਸ਼ਖ਼ਸ ਨੂੰ ਕਿਸੇ ਗੁਰਦੁਆਰੇ ਵਿਚ ਓਸ ਔਹਦੇ ਤੇ ਬਹਾਲ ਕਰਨ ਲਈ ਜਿਸ ਸਬੰਧੀ ਅੰਕ ੭ (੩) ਅਨੁਸਾਰ ਐਲਾਨ ਪ੍ਰਕਾਸ਼ਤ ਹੋ ਚੁਕਾ ਹੋਵੇ ਉਸ ਸਬੰਧੀ ਕੋਈ ਦਾਹਵਾ ਯਾ ਦਰਖ਼ਾਸਤ ਇਸ ਭਾਵ ਦੀ ਕਿ ਉਕਤ ਅਸਥਾਨ ਦੇ ਪੁਰਾਣੇ ਪ੍ਰਬੰਧ ਨੂੰ ਮੁੜ ਬਹਾਲ ਜਾਂ ਅਸਥਾਪਨ ਕੀਤਾ ਜਾਵੇ, ਜਦ ਤਕ ਕਿ ਅੰਕ ੧੬ ਅਨੁਸਾਰ ਇਹ ਫੈਸਲਾ ਨ ਹੋਯਾ ਹੋਵੇ ਕਿ ਓਹ ਗੁਰਦੁਆਰਾ ਸਿਖ ਗੁਰਦਵਾਰਾ ਮਿਥਿਆ ਜਾਣਾਂ ਹੈ ਕਿ ਨਹੀਂ ॥

ਦਫਾ ੩੦—ਇਸ ਐਕਟ ਦੇ ਅਰੰਭ ਹੋਣ ਤੋਂ ਉਪਰੰਤ ਜੇ ਕਰ ਕੋਈ ਦਿਵਾਨੀ

ਮਦ | ਜਾਂ ਮਾਲ ਦੀ ਅਦਾਲਤ ਵਿਚ ਚਲਾਏ ਗਏ ਮੁਕਦਮੇ ਜਾਂ ਕਾਰਵਾਈ ਵਿਚ ਕੋਈ ਦਾਹਵਾ ਕੀਤਾ ਜਾਵੇ ।

(੧) ਕਿ ਅਮਕੀ ਜਾਇਦਾਦ ਅਮਕੇ ਐਲਾਨ ਹੋਏ ੨ ਸਿਖ ਗੁਰਦਵਾਰੇ ਦੀ ਮਲਕੀਅਤ ਹੈ ਅਤੇ ਅਦਾਲਤ ਇਸ ਫੈਸਲੇ ਤੇ ਪੁਜਦੀ ਹੈ ਕਿ ਇਹ ਮੰਗ ਅੰਕ ੩ (੧) ਜਾਂ ਅੰਕ ੭ (੨) ਅਨੁਸਾਰ ਸਥਾਨਕ ਸਰਕਾਰ ਦੇ ਪੇਸ਼ ਕੀਤੀ ਗਈ ਫਰਿਸਤ ਵਿਚ ਕੀਤੀ ਜਾ ਸਕਦੀ ਹੈ। ਜਾਂ ਜੇ ਕਰ ਅਜੇਹੇ ਦਾਹਵੇ ਨੀਯਤ ਕੀਤੀ ਗਈ ਮਿਆਦ ਦੇ ਅੰਦਰ ਨ ਕੀਤੇ ਗਏ ਹੋਣ ਤਾਂ ਉਕਤ ਅਦਾਲਤ ਦਾਹਵੇ ਦਾ ਫੈਸਲਾ ਗੁਰਦਵਾਰੇ ਦੇ ਬਰਖਲਾਫ ਕਰੇਗੀ, ਜਿਸ ਵਲੋਂ ਕਿ ਦਾਹਵਾ ਕੀਤਾ ਗਿਆ। ਪਰ ਜੇਕਰ ਅਦਾਲਤ ਨੂੰ ਤਸਲੀ ਹੋ ਜਾਵੇ ਕਿ ਦਾਹਵਾ ਨ ਕਰਨ ਦਾ ਕਾਰਨ ਇਹ ਸੀ ਕਿ ਜਿਸ ਸ਼ਖ਼ਸ ਨੇ ਫਰਿਸਤ ਭੇਜੀ ਸੀ ਜਾਂ ਭੇਜਨ ਵਿਚ ਸ਼ਾਮਲ ਸੀ, ਉਸ ਨੂੰ ਕਿਸੀ ਅਜੇਹੇ ਹਕ ਨਾਂਵੇ ਤੇ ਵਾਹ ਪੈਨ ਦਾ ਜਾਨੂੰ ਸੀ। ਜਿਸ ਉਤੇ ਦਾਹਵਾ ਕਰਨਾ ਸੀ।ਜਾਂ ਬਕਾਇਦਾ ਕੋਸ਼ਸ਼ ਕਰਨ ਦੇ ਨਾਲ ਭੀ ਨਾਵਾਕਫੀ ਹੀ ਰਹੀ, ਅਦਾਲਤ ਵਾਸਤੇ ਇਹ ਜਰੂਰੀ ਨਹੀਂ ਹੋਵੇਗਾ ਕਿ ਉਕਤ ਤਰੀਕੇ ਨਾਲ ਫੈਸਲਾ ਕਰੇ। ਜੇਕਰ ਕਿਸੇ ਪੁਰਸ਼ ਵਲੋਂ ਕਿਸੇ ਅਧਿਕਾਰ ਦਾ ਦਾਹਵਾ ਕੀਤਾ ਜਾਂਦਾ ਹੈ ਤੇ ਅਦਾਲਤ ਇਸ ਫੈਸਲੇ ਤੇ ਪੁਜਦੀ ਹੈ ਕਿ ਇਸ ਹਕ ਦਾ ਦਾਹਵਾ ਅੰਕ ੫, ੬, ੧੦, ੧੧, ਦੇ ਨਿਯਮਾਂ ਅਨੁਸਾਰ ਸਥਾਨਕ ਸਰਕਾਰ ਨੂੰ ਪੇਸ਼ ਕੀਤੀ ਗਈ ਦਰਖ਼ਾਸਤ ਵਿਚ ਅਥਵਾ ਅੰਕ ੧੯, ੨੦, ੨੧, ਜਾਂ ੨੭ ਅਨੁਸਾਰ ਖਾਸ ਅਦਾ-ਲਤ ਅਗੇ ਪੇਸ਼ ਕੀਤੀ ਗਈ ਦਰਖਾਸਤ ਵਿਚ ਪ੍ਰਗਟ ਕੀਤਾ ਜਾ ਸਕਦਾ ਸੀ। ਅਤੇ ਉਸਦੇ ਲਈ ਨਿਯਤ ਸਮੇ ਵਿਚ ਕੋਈ ਦਾਹਵਾ ਜਾਂ ਦਰਖਾਸਤ ਨਹੀਂ ਕੀਤੀ ਗਈ ਤਾਂ ਅਦਾਲਤ ਅਜੇਹੇ ਦਾਹਵੇ ਦਾ ਉਸ ਸ਼ਖਸ ਦੇ ਵਰੁਧ ਫੈਸਲਾ ਕਰੇਗੀ ਜਿਸ ਨੇ ਕਿ ਹਕ ਦਾ ਦਾਹਵਾ ਕੀਤਾ ਹੋਵੇ। ਪਰ ਸ਼ਰਤ ਇਹ ਹੈ ਕਿ ਉਸ ਦਾਹਵੇ ਦਾ ਫੈਸਲਾ ਜੇ ਅੰਕ ੫, ਜਾਂ ੧੦, ਅਨੁਸਾਰ ਕੀਤਾ ਗਿਆ ਹੋਵੇ।

ਅਦਾਲਤ ਨੂੰ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ। ਜੇ ਉਸ ਨੂੰ ਤਸੱਲੀ ਹੋ ਜਾਵੇ ਕਿ ਦਾਹਵਾ ਨ ਪੇਸ਼ ਕਰਨ ਦਾ ਕਾਰਨ ਇਹ ਸੀ ਕਿ ਜੇਹੜਾ ਸ਼ਖਸ ਦਾਹਵਾ ਕਰ ਸਕਦਾ ਸੀ ਉਸ ਨੂੰ ਹਕ ਨਾਂਵੇ ਜਾਂ ਵਾਹ ਪੈਨ ਦਾ ਪਤਾ ਨਹੀ ਸੀ ਜਾਂ ਇਸ ਗਲ ਦਾ ਕੋਈ ਪਤਾ ਨਹੀਂ ਸੀ ਕਿ ਉਕਤ ਹਕ ਦਾਹਵਾ ਜਾਂ ਵਾਹ ਪੈਨ ਦਾ ਨਾਂਵਾਂ ਉਸ ਫੈਰਿਸਤ ਵਿਚ ਸ਼ਾਮਲ ਹੋ ਚੁਕਾ ਹੈ ਜੇਹੜੀ ਕਿ ਅੰਕ ੩, (੨) ਜਾਂ ਅੰਕ ੭, (੩) ਦੇ ਅਨੁਸਾਰ ਪ੍ਰਕਾਸ਼ਤ ਕੀਤੀ ਗਈ ਸੀ ਅਤੇ ਉਹ ਕੋਸ਼ਸ਼ ਕਰਨ ਦੇ ਨਾਲ ਭੀ ਇਹ ਪਤਾ ਨਹੀ ਕਰ ਸਕਿਆ ਕਿ ਹਕ ਨਾਵਾਂ ਤੇ ਵਾਹ ਪੈਣਾ ਫਰਿਸਤ ਵਿਚ ਸ਼ਾਮਲ ਕਰ ਲਿਆ ਗਿਆ ਹੈ।

ਹੋਰ ਜੇ ਕਰ ਦਾਹਵਾ ਪੈਹਲੇ ਜਾਂ ਹੁਣ ਦੇ ਔਹਦੇ ਦਾਰ ਵਲੋਂ ਯਾ ਕਿਸੇ ਐਸੇ ਸ਼ਖਸ ਵਲੋਂ ਪੇਸ਼ ਕੀਤਾ ਜਾਵੇ ਜਿਸ ਨੂੰ ਇਕ ਜਨਵਰੀ ੧੯੨੦ ਦੇ ਪਿਛੋਂ ਉਕਤ ਔਹਦੇਦਾਰ ਵਲੋਂ ਹਕ ਮਿਲਿਆ ਹੋਵੇ। ਤਾਂ ਸਿਰਫ ਨਾਬਾਲਗ ਜਾਂ ਪਾਗਲ ਹੋਣ ਦੇ ਕਾਰਨ ਨ ਪਤਾ ਲਗਣਾ ਠੀਕ ਕਾਰਣ ਨਹੀ ਸਮਝਿਆ ਜਾਵੇਗਾ।

ਦਫਾ–੩੧ (੧) ਕੋਈ ਅਦਾਲਤ ਕੋਈ ਇਹੋ ਜੇਹੀ ਕਾਰਵਾਈ ਜਾਰੀ ਨਹੀ ਰਖੇਗੀ, ਜਿਸਦੇ ਬਾਰੇ ਅੰਕ ਨੰ: ੩ ਦੇ ਲਘੁ ਅੰਕ(੨) ਦੇ ਅਨੁਸਾਰ ਐਲਾਨ ਪ੍ਰਕਾਸ਼ਤ ਹੋ ਚੁਕਿਆ ਹੋਵੇ ਜਾਂ ਉਹ ਗੁਰਦਵਾਰਾ ਫਰਦ ੧ ਵਿਚ ਦਰਜ ਹੋ ਚੁਕਾ ਹੋਵੇ। ਜੇਕਰ ਕੋਈ ਦਾਹਵਾ ਉਸ ਦਰਖਾਸਤ ਵਿਚ ਪੇਸ਼ ਹੋ ਸਕਦਾ ਹੋਵੇ। ਜੇਹੜੀ ਕਿ ਅੰਕ ੫, ੬, ਦੇ ਅਨੁਸਾਰ ਸਥਾਨਕ ਸਰਕਾਰ ਨੇ ਜਾਣੀ ਹੋਵੇ ਜਾਂ ਅੰਕ ੧੯, ੨੦, ੨੧, ੨੭, ਦੇ ਅਨੁਸਾਰ ਕਿਸੇ ਖਾਸ ਅਦਾਲਤ ਵਿਚ ਪੇਸ਼ ਕੀਤੀ ਜਾਂਦੀ, ਲੇਕਨ ਪੇਸ਼ ਨਹੀਂ ਕੀਤੀ ਗਈ। ਪਰ ਸ਼ਰਤ ਇਹ ਹੈ ਕਿ ਅੰਕ ੪ ਦੇ ਅਨੁਸਾਰ ਉਕਤ ਅਸਥਾਨ ਫਰਦ ਅਵਲ ਵਿਚ ਨ ਆਉਂਦਾ ਹੋਵੇ।

> ਜਦਤਾਈਂ ਇਹ ਫੈਸਲਾ ਨ ਹੋ ਜਾਵੇ ਕਿ ਪੂਜਾ ਅਸਥਾਨ ਸਿਖ ਗੁਰਦਵਾਰਾ ਹੈ ਕਿ ਨਹੀਂ ਅਦਾਲਤ ਇਸ ਮਾਮਲੇ ਵਿਚ ਬਾਜ਼ੀਆਂ ਕਾਰਵਾਈਆਂ ਬੰਦ ਕਰ ਦੇਗੀ

(੨) ਕੋਈ ਅਦਾਲਤ ਕਾਰਵਾਈ ਜਾਰੀ ਨਹੀਂ ਰਖੇਗੀ। ਜੇ ਉਸ ਕਾਰਵਾਈ ਦਾ ਸਨਬੰਧ ਕਿਸੀ ਇਹੋ ਜੇਹੇ ਗੁਰਦਵਾਰੇ ਦੇ ਦਾਹਵੇ ਨਾਲ ਹੋਵੇ ਜਿਸ ਦੇ ਬਾਰੇ ਵਿਚ ਅੰਕ ੭, (੩) ਅਨੁਸਾਰ ਐਲਾਨ ਪ੍ਰਕਾਸ਼ਤ ਹੋ ਚੁਕਾ ਹੋਵੇ।

ਅਤੇ ਜੇ ਕਰ ਦਾਹਵਾ ਉਸ ਦਰਖਾਸਤ ਵਿਚ ਪੇਸ਼ ਹੋ ਸਕਦਾ ਸੀ ਜੇਹੜੀ ਕਿ ਅੰਕ ੧੦, ੧੧, ਦੇ ਅਨੁਸਾਰ ਸਥਾਨਕ ਸਰਕਾਰ ਨੂੰ ਭੇਜੀ ਜਾਂਦੀ ਜਾਂ ਅੰਕ ੧੯, ੨੦, ੨੧, ਜਾਂ ੨੭ ਦੇ ਅਨੁਸਾਰ ਖਾਸ ਅਦਾਲਤ ਵਿਚ ਪੇਸ਼ ਕੀਤੀ ਜਾਂਦੀ

ਲੇਕਨ ਪੇਸ਼ ਨਹੀਂ ਕੀਤੀ ਗਈ, ਨਾਲ ਹੀ ਇਸ ਸਬੰਧੀ ਅੰਕ ੧੬ ਦੇ ਨਿਯਮਾਂ ਅਨੁਸਾਰ ਇਹ ਫ਼ੈਸਲਾ ਨ ਦਿਤਾ ਜਾ ਚੁਕਾ ਹੋਵੇ ਕਿ ਉਕਤ ਗੁਰਦਵਾਰਾ ਸਿਖ ਗੁਰਦਵਾਰਾ ਨਹੀਂ ਹੈ ।

ਦਫਾ—੩੨ (੧)ਇਸ ਐਕਟ ਦੇ ਸ਼ੁਰੂ ਹੋਣ ਪਰ ਜਾਂ ਸ਼ੁਰੂ ਹੋਣ ਤੋਂ ਪੈਹਲਾਂ ਕਿਸੇ

ਅਦਾਲਤਾਂ ਵਿਚ ਚਲ ਰਹੇ ਮੁਕਦਮਿਆਂ ਦੀ ਤਬਦੀਲੀ

ਦਿਵਾਨੀ ਜਾਂ ਮਹਕਮਾਂ ਮਾਲ ਦੀ ਅਦਾਲਤ ਵਿਚ ਚਲਾਏ ਗਏ ਕਿਸੇ ਮੁਕਦਮੇ ਸਨਬੰਧੀ ਜਦ ਇਹ ਜ਼ਰੂਰੀ ਪ੍ਰਤੀਤ ਹੁੰਦਾ ਹੋਵੇ ਜਾਂ ਹੋਣ ਲਗ ਪਵੇ ਕਿ ਅਮਕੇ ਮੁਸ਼ਤਹਰ ਸਿਖ ਗੁਰਦਵਾਰਾ ਜਾਂ ਧਰਮਸਾਲਾ ਦੇ ਬਾਰੇ ਕਿਸੇ ਦਾਹਵੇ ਜਾਂ ਅਧਿਕਾਰ ਦਾ ਫੈਸਲਾ ਕਰਨਾ ਹੈ। ਜਿਸ ਦੀ ਬਿਨਾ ਉਤੇ ਅਦਾਲਤ ਦੀ ਰਾਇ ਵਿਚ ਅੰਕ ੩, ੫, ੬, ੧੦, ੧੧, ੧੯, ੨੦, ੨੧, ਜਾਂ ੨੭ ਦੇ ਨੇਮਾਂ ਅਨੁਸਾਰ ਇਸ ਕਾਨੂੰਨ ਦੇ ਨੀਯਤ ਸਮੇਂ ਅੰਦਰ ਦਾਹਵਾ ਜਾਂ ਅਰਜ਼ੀ ਕੀਤੀ ਜਾ ਸਕਦੀ ਹੈ। ਤਾਂ ਅਦਾਲਤ ਇਸ ਮੰਗ ਜਾਂ ਅਧਿਕਾਰ ਸੰਬੰਧੀ ਫਰਦ ਲਾਵੇਗੀ। ਅਤੇ ਇਸ ਮੁਕਦਮੇ ਜਾਂ ਅਰਜ਼ੀ ਦੀ ਮਿਸਲ ਅਤੇ ਉਸ ਦੀ ਕਾਰਵਾਈ ਖਾਸ ਅਦਾਲਤ ਦੇ ਪੇਸ਼ ਕਰ ਦੇਵੇਗੀ।

(੨) ਲਘੁ ਅੰਕ (੧) ਦੇ ਨਿਯਮਾਂ ਅਨੁਸਾਰ ਪੇਸ਼ ਕੀਤੀ ਗਈ ਮਿਸਲ ਦੇ ਮਿਲਨ ਪਰ ਖਾਸ ਅਦਾਲਤ ਸੁਨਵਾਈ ਕਰੇਗੀ। ਅਤੇ ਨਤੀਜੇ ਤੇ ਪੁਜੇਗੀ। ਅਤੇ ਆਪਣਾ ਫੈਸਲਾ ਹੁਕਮ ਦੀ ਸ਼ਕਲ ਵਿਚ ਜਾਰੀ ਕਰੇਗੀ। ਮਿਸਲ ਨੂੰ ਆਪਣੇ ਫੈਸਲੇ ਦੀ ਨਕਲ ਸਮੇਤ ਅਦਾਲਤ ਪਾਸ ਵਾਪਸ ਭੇਜ ਦੇਵੇਗੀ। ਅਤੇ ਅਦਾਲਤ ਫਿਰ ਮੁਕਦਮੇ ਨੂੰ ਨਜਿਠਣ ਲਈ ਇਸ ਫੈਸਲੇ ਦੇ ਅਨਕੂਲ ਦਫਾ ੩੪ ਅਨੁਸਾਰ ਕਾਰਵਾਈ ਸ਼ੁਰੂ ਕਰੇਗੀ।

ਦਫਾ—੩੩ ਜਦ ਕੋਈ ਅਸਥਾਨ ਇਸ ਐਕਟ ਦੇ ਨਿਯਮਾਂ ਅਨੁਸਾਰ ਐਲਾਨ

ਕਾਨੂੰਨ ਦੇ ਅਰੰਭ ਹੋਣ ਤੋਂ ਇਕ ਸਾਲ ਮਗਰੋਂ ਔਹਦ ਦੇ ਹਕਾਂ ਸੰਬੰਧੀ ਝਗੜਾ

ਦੁਆਰਾ ਸਿਖ ਗੁਰਦਵਾਰਾ ਮਿਥ ਲਿਆ ਜਾਵੇਗਾ ਤਾਂ ਓਹਦੇ ਕਿਸੇ ਅਜਹੇ ਔਹਦੇਦਾਰ ਦੇ ਇਸ ਸਬੰਧੀ ਹਕਾਂ ਦਾ ਜੇਹੜਾ ਕਿ ਐਲਾਨ ਦੀ ਤਰੀਕ ਵਾਲੇ ਦਿਨ ਮੁਕਰਰ ਹੋਵੇ ਭਾਗ ੩ ਦੇ ਨੇਮਾਂ ਅਨੁਸਾਰ ਫੈਸਲਾ ਹੋਵੇਗਾ।

ਦਫਾ—੩੪ (੧) ਇਸ ਕਾਨੂਨ ਦੇ ਨਿਯਮਾਂ ਅਨੁਸਾਰ ਕਿਸੇ ਮਾਮਲੇ ਦਾ

ਖਾਸ ਅਦਾਲਤ ਦੇ ਫੈਸਲੇ ਦੇ ਵਰੁਧ ਅਪੀਲ

ਫੈਸਲਾ ਕਰਦੇ ਹੋਏ ਖਾਸ ਅਦਾਲਤ ਵਲੋਂ ਸੁਨਾਏ ਗਏ ਹੁਕਮ ਨਾਲ ਜਿਸ ਪਾਰਟੀ ਨੂੰ ਨੁਕਸਾਨ ਪੁਜੇ ਓਹ ਇਸ ਤਰੀਕ ਦੇ ੯੦ ਦਿਨ ਦੇ ਅੰਦਰ ੨ ਹਾਈ ਕੋਰਟ ਦੇ ਵਿਚ ਅਪੀਲ ਕਰ ਸਕਦਾਹੈ।

(੨) ਖਾਸ ਅਦਾਲਤ ਦੇ ਹੁਕਮ ਦੇ ਵਰੁਧ ਕੋਈ ਅਪੀਲ ਜਾਂ ਨਜ਼ਰ ਸਾਨੀ ਲਈ ਦਰਖਾਸਤ ਨਹੀ ਕੀਤੀ ਜਾ ਸਕੇਗੀ। ਸਿਵਾਏ ਇਸ ਦੇ ਕਿ ਜਿਸ ਦੀ ਆਗਿਆ ਲਘੂ ਅੰਕ (੧) ਵਿਚ ਦਿਤੀ ਗਈ ਹੈ।

(੩) ਇਸ ਅੰਕ ਦੇ ਨਿਯਮਾਂ ਅਨੁਸਾਰ ਦਾਇਰ ਕੀਤੀ ਗਈ ਅਪੀਲ ਦੀ ਸੁਨਵਾਈ ਹਾਈ ਕੋਰਟ ਦੀ ਡਵੀਜ਼ਨ ਕੋਰਟ ਕਰੇਗੀ।

ਕੋਰਟ ਫਾਸ ਰਸੂਮ ਅਦਾਲਤ

ਦਫਾ—੩੫ (੧) ਭਾਂਵੇ ਇਸ ਕਾਨੂਨ ਵਿਚ ਕੋਈ ਨਿਯਮ ਇਸ ਗਲ ਦੇ ਵਰੁਧ ਹੋਵੇ ਤਾਂ ਭੀ ਫਰਦ ਨੰ: ੩ ਖਾਨਾ ਨੰ: ੨ ਵਿਚ ਦਸੀਆਂ ਦਸਤਾਵੇਜ਼ਾਂ ਉਤੇ ਖਾਨਾ ਨੰ: ੩ ਵਿਚ ਦਸੀਆਂ ਹੋਈਆਂ ਰਕਮਾਂ ਕੋਰਟ ਫੀਸ ਦੀਆਂ ਤਾਰੀਆਂ ਜਾਣ ਗੀਆਂ। ਇਸ ਤ੍ਰੀਕੇ ਨਾਲ ਤਾਰੀਆਂ ਜਾਣ ਗੀਆਂ ਜੇਹੜਾ ਕਿ ਤਜਵੀਜ਼ ਕੀਤਾ ਜਾਵੇਗਾ।

ਕੋਈ ਹੋਰ ਅਦਾਲਤ ਸਥਾਨਕ ਸਰਕਾਰ ਜਾਂ ਖਾਸ ਅਦਾਲਤ ਇਸ ਐਕਟ ਦੇ ਸਬੰਧ ਅਖਤਿਆਰਾਂ ਦੇ ਵਰੁਧ ਨਾਲਸ਼ ਨਹੀ ਸੁਣ ਸਕੇਗੀ

ਦਫਾ—੩੬ ਇਸ ਐਕਟ ਵਿਚ ਜੇਹੜੇ ਅਧਿਕਾਰ ਦਿਤੇ ਗਏ ਹਨ ਉਹਨਾਂ ਦੇ ਸਥਾਨਕ ਸਰਕਾਰ ਜਾਂ ਖਾਸ ਅਦਾਲਤਾਂ ਦੇ ਵਰਤੇ ਜਾਣ ਦੇ ਵਰੁਧ ਕੋਈ ਨਾਲਸ਼ ਕਿਸੇ ਅਦਾਲਤ ਵਿਚ ਨਹੀਂ ਹੋ ਸਕੇਗੀ।

ਅਦਾਲਤਾਂ ਨੂੰ ਖਾਸ ਅਦਾਲਤ ਦੇ ਕਿਸੀ ਫੈਸਲੇ ਦੇ ਬਰਖਲਾਫ ਹੁਕਮ ਯਾ ਡਿਗਰੀ ਦੇਨ ਦਾ ਜਾਂ ਅਜਰਾ ਕਰਾਉਣ ਦਾ ਅਖਤਿਆਰ ਨਹੀ ਹੋਵੇਗਾ

ਦਫਾ—੩੭ ਇਸ ਤੋਂ ਛੁਟ ਜਿਹਾ ਕਿ ਇਸ ਐਕਟ ਵਿਚ ਅਖਤਿਆਰ ਦਿਤਾ ਗਿਆ ਹੈ ਕੋਈ ਅਦਾਲਤ ਹੁਕਮ ਜਾਂ ਡਿਗਰੀ ਨਹੀਂ ਦੇਵੇਗੀ। ਜਾਂ ਕਿਸੇ ਅਜੇਹੇ ਫੈਸਲੇ ਤੇ ਤਾਮੀਲ ਨਹੀਂ ਕਰਾਵੇਗੀ, ਜੇਹੜਾ ਖਾਸ ਅਦਾਲਤ ਦੇ ਫੈਸਲੇ ਦੇ ਯਾ ਹੁਕਮ ਦੇ ਯਾ ਉਸ ਫੈਸਲੇ ਦੇ ਖਲਾਫ ਅਪੀਲ ਦੇ ਫੈਸਲੇ ਹੋਏ ੨ ਦਾ ਉਲੰਘਨ ਕਰਦਾ ਹੋਵੇ।

ਭਾਗ ਦੂਸਰਾ

ਕਾਂਡ ੪

ਅਦਾਲਤ ਖਾਸ ਤੋਂ ਬਿਨਾਂ ਹੋਰਨਾਂ ਅਦਾਲਤਾਂ ਦੀ ਰਾਹੀਂ ਇਸ ਐਕਟ ਅਨੁਸਾਰ ਸਾਬਤ ਹੋਏ ਸਿਖ ਗੁਰਦਵਾਰਿਆਂ ਉਤੇ ਭਾਗ ੩ ਦੇ ਨਿਯਮਾਂ ਦਾ ਲਗਨਾ।

ਦਫਾ—੩੮ (੧) ਭਾਂਵੇ ਇਸ ਐਕਟ ਜਾਂ ਕਿਸੇ ਹੋਰ ਪ੍ਰਚਲਤ ਐਕਟ ਜਾਂ ਕਾਨੂਨ

ਉਨ੍ਹਾ ਹਾਲਤਾਂ ਵਿਚ ਜਦਕ ਕਾਂਡ ੧ ਦੇ ਅਨੁਸਾਰ ਕਾਰਵਾਈ ਨਾਂ ਕੀਤੀ ਗਈ ਹੋਵੇ ਤਾਂ ਕਾਂਡ ੩ ਦੇ ਅਨੁਸਾਰ ਕਿਸੇ ਗੁਰਦਵਾਰੇ ਦੇ ਉਤੇ ਲਗਨਾਂ ਮਮੂਲੀ ਅਦਾਲਤਾਂ ਦੀ ਰਾਹੀਂ ਚਾਰਾ ਜੋਈ

ਵਿਚ ਕੁਝ ਲਿਖਿਆ ਹੋਵੇ। ਇਸ ਐਕਟ ਦੇ ਜਾਰੀ ਹੋਣ ਦੇ ਵੇਲੇ ੨ ਜਾਂ ੨ ਤੋਂ ਵਧੀਕ ਸ਼ਖਸਾਂ ਨੂੰ-ਕਿਸੀ ਅਜੇਹੇ ਗੁਰਦਵਾਰਿਆਂ ਨਾਲ ਸੰਬੰਧ ਹੋਵੇ ਜਿਸ ਨੂੰ ਕਿ ਸਿਖ ਗੁਰਦਵਾਰਾ ਐਲਾਨ ਦਵਾਰਾ ਮਿਥਿਆ ਨਾਂ ਗਿਆ ਹੋਵੇ—ਅਧਿਕਾਰ ਹੋਵੇਗਾ ਕਿ ਇਸ ਐਕਟ ਦੇ ਅਰੰਭ ਤੋਂ ਇਕ ਸਾਲ ਪਿਛੋਂ ਜਾਂ ਹੋਰ ਵਧੇਰੇ ਸਮੇਂ ਪਿਛੋਂ ਜੋ ਸਥਾਨਕ ਸਰਕਾਰ ਨੇ ਅੰਕ ੭ (੧) ਹੇਠ ਨੀਯਤ ਕੀਤਾ ਹੋਵੇ। ਅਤੇ ਉਸ ਜਿਲੇ ਦੇ ਡਿਪਟੀ ਕਮਿਸ਼ਨਰ ਕੋਲੋਂ ਮਨਜ਼ੂਰੀ ਲੈਕ ਜਿਸ ਦੇ ਵਿਚ ਗੁਰਦਵਾਰਾ ਹੋਵੇ ੧੯੦੮ ਵਾਲੇ ਜ਼ਾਬਤਾ ਦੀਵਾਨੀ ਜੋ ਦਫਾ ੪੨ ਵਿਚ ਦਸੀਆਂ ਹੋਈਆਂ ਚਾਰਾਜੋਈਆਂ ਲਈ ਦਾਹਵਾ ਕਰ ਸਕਦੇ ਹਨ। ਅਰ ਉਸ ਦੇ ਨਾਲ ਦਰਖਾਸਤ ਕਰ ਸਕਦੇ ਹਨ। ਜੋ ਉਹ ਅਸਥਾਨ ਇਜਿਹਾ ਹੈ ਕਿ ਜਿਧੇ ਉਤੇ ਭਾਗ ੩ ਦੇ ਨਿਯਮ ਲਗ ਸਕਦੇ ਹਨ। ਏਹ ਦਾਹਵਾ ਕਿਸੇ ਵਡੀ ਸ਼ੁਰੂ ਮੁਕਦਮਾਂ ਸੁਣਨ ਵਾਲੀ ਅਦਾਲਤ ਵਿਚ-ਜਾਂ ਕਿਸੇ ਹੋਰ ਅਦਾਲਤ ਵਿਚ ਜਿਸ ਨੂੰ ਸਥਾਨਕ ਸਰਕਾਰ ਇਸ ਮਨੋਰਥ ਲਈ ਅਧਿਕਾਰ ਦੇਵੇ। ਅਤੇ ਜਿਸ ਦੀ ਸਥਾਨਕ ਹਦਾਂ ਵਿਚ ਅਸਥਾਨ ਹੋਵੇ—ਹੋਵੇਗਾ।

(੨) ਜਿਸ ਅਦਾਲਤ ਵਿਚ ਲਘੂ ਅੰਕ (੧) ਦੇ ਅਨੁਸਾਰ ਦਾਹਵਾ ਕੀਤਾ ਗਿਆ ਹੋਵੇ। ਉਸ ਨੂੰ ਇਸ ਗਲ ਦਾ ਫੈਸਲਾ ਕਰਨਾ ਹੋਵੇਗਾ। ਕਿ ਉਹ ਅਸਥਾਨ ਉਸ ਕਿਸਮ ਦਾ ਪੂਜਾ ਅਸਥਾਨ ਹੈ ਕਿ ਨਹੀ। ਜਿਸ ਦਾ ਜ਼ਿਕਰ ਅੰਕ ੧੬ ਲਘੂ ਅੰਕ ੨ (੧) ਵਿਚ ਆਇਆ ਹੈ। ਜੇਕਰ ਉਸ ਅਦਾਲਤ ਦਾ ਫੈਸਲਾ ਹਾਂ ਵਿਚ ਹੋਵੇ ਅਤੇ ਨਾਲ ਹੀ ਸਾਰੇ ਹਾਲਾਤ ਨੂੰ ਵੇਖਕੇ ਉਸਦੀ ਰਾਏ ਹੋਵੇ ਕਿ ਉਸ ਅਸਥਾਨ ਉਤੇ ਭਾਗ ੩ ਵਾਲੇ ਨਿਯਮ ਲਗਨੇ ਚਾਹੀਦੇ ਹਨ ਤਾਂ ਉਹ ਅਦਾਲਤ ਐਲਾਨ ਦੁਆਰਾ ਜਾਂ ਹੋਰ ਤ੍ਰੀਕੇ ਨਾਲ ਜਿਵੇਂ ਉਹ ਹਦਾਇਤ ਕਰੇ। ਕਿਸੇ ਆਦਮੀ ਨੂੰ ਜਿਸ ਦਾ ਉਸ ਅਸਥਾਨ ਨਾਲ ਵਾਹ ਪੈਂਦਾ ਹੋਵੇ। ਹੁਕਮ ਦੇਵੇ ਕੇ ਉਸ ਦੇ ਸਾਹਮਣੇ ਪੇਸ਼ ਹੋਕੇ ਕਾਰਨ ਦਸੇ ਕਿ ਕਿਉਂ ਨਾਂ ਉਸ ਅਸਥਾਨ ਉਤੇ ਭਾਗ ੩ ਵਾਲੇ ਨਿਯਮ ਵਰਤੇ ਜਾਨ। ਆਪਣੇ ਇਸ ਹੁਕਮ ਵਿਚ ਉਸ ਪੇਸ਼ ਹੋਣ ਵਾਲੇ ਆਦਮੀ ਦਾ ਉਤਰ ਸੁਨਣ ਲਈ ਹੁਕਮ ਸੁਨਾਂਣ ਵਾਲੇ ਦਿਨ ਤੋਂ ਘਟੋ ਘਟ ਇਕ ਮਹੀਨੇ ਦੀ ਤਰੀਕ ਪਾਏਗੀ।

(੩) ਉਤਲੇ ਲਘੂ ਅੰਕ ੨ ਅਨੁਸਾਰ ਦਿਤੀ ਤਰੀਕ ਉਤੇ ਜਾਂ ਕਿਸੇ ਹੋਰ ਤਰੀਕ ਉਤੇ ਜਦੋਂ ਅਗਲੀ ਪੇਸ਼ੀ ਪਾਈ ਜਾਏ। ਜੋ ਆਦਮੀ ਪੇਸ਼ ਹੋਣ ਉਨਾਂ ਦੇ ਬਿਆਨ ਲਏ ਜਾਣਗੇ। ਜੇਕਰ ਅਦਾਲਤ ਨੂੰ ਤਸੱਲੀ ਹੋ ਜਾਵੇ ਕਿ ਉਸ ਪੂਜਾ ਅਸਥਾਨ ਉਤੇ ਭਾਗ ੩ ਨਿਯਮ ਵਰਤਨ ਲਗਿਆਂ ਕਿਸੇ ਅਜੇਹੇ ਹੁਕਮ ਜਾਂ

ਡਿਗਰੀ ਦਾ ਉਲੰਘਨ ਨਹੀ ਹੋਂਦਾ। ਜਿਸ ਦਾ ਸੰਬੰਧ ਉਸ ਅਸਥਾਨ ਨਾਲ ਹੋਵੇ ਤੇ ਜਿਸ ਦਵਾਰਾ ਕਿਸੇ ਆਦਮੀ ਨੂੰ ਉਸ ਦੇ ਪ੍ਰਬੰਧ ਵਿਚ ਕੋਈ ਹਕ ਨਾਂਵਾਂ ਜਾਂ ਢਾਹ ਪੈਣਾ ਪ੍ਰਾਪਤ ਹੋਵੇ। ਤਾਂ ਉਹ ਅਦਾਲਤ ਡਿਗਰੀ ਦੇ ਦੇਵੇਗੀ ਕਿ ਭਾਗ ੩ ਦੇ ਨਿਯਮ ਉਸ ਅਸਥਾਨ ਤੇ ਵਰਤੇ ਜਾਣ।

੪–ਜਿਸ ਵੇਲੇ ਉਤੇ ਦਸੀ ਡਿਗਰੀ ਦਿਤੀ ਗਈ ਹੋਵੇ (ਅਧੀਨ ਉਸ ਹੁਕਮ ਦੇ ਜੋ ਅਪੀਲ ਜਾਂ ਨਜ਼ਰ ਸਾਨੀ ਉਤੇ, ਉਤੇ ਪਾਸ ਕੀਤਾ ਗਿਆ ਹੋਵੇ) ਤਾਂ ਭਾਗ ੩ ਵਾਲੇ ਨੇਮ ਉਸ ਪੂਜਾ ਅਸਥਾਨ ਉਤੇ ਇਵੇਂ ਹੀ ਵਰਤੀਨਗੇ, ਜਿਵੇਂ ਕਿ ਮਾਨੋਂ ਉਸ ਅਸਥਾਨ ਨੂੰ ਇਸ ਐਕਟ ਦੇ ਨੇਮਾਂ ਅਨੁਸਾਰ ਐਲਾਨ ਦੁਆਰਾ ਸਿਖ ਗੁਰਦਵਾਰਾ ਮਿਥਿਆ ਗਿਆ ਹੈ।

੫–ਜਦ ਉਤੇ ਦਸੇ ਲਘੂ ਅੰਕ ਅਨੁਸਾਰ ਕਿਸੇ ਪੂਜਾ ਅਸਥਾਨ ਉਤੇ ਭਾਗ ੩ ਦੇ ਨੇਮ ਲਾਏ ਗਏ ਹੋਨ। ਤਾਂ ਉਸ ਅਸਥਾਨ ਦੇ ਕਿਸੇ ਮੌਰੂਸੀ ਅਹੁਦੇਦਾਰ ਨੂੰ ਜਿਸਨੇ ਅਸਤੀਫਾ ਦਿਤਾ ਹੋਵੇ, ਜਾਂ ਜਿਹਨੂੰ ਹਟਾ ਦਿਤਾ ਗਿਆ ਹੋਵੇ (ਪਰ ਜਿਸ ਨੂੰ ਕਿਸੇ ਪ੍ਰਬੰਧਕ ਕਮੇਟੀ ਨੇ ਅੰਕ ੧੩੫ (੧) ਵਿਚ ਦਿਤੇ ਕਿਸੇ ਕਾਰਨ ਕਰਕੇ ਨਾਂ ਹਟਾਇਆ ਹੋਵੇ) ਅਧਿਕਾਰ ਹੋਵੇਗਾ, ਕਿ ਉਕਤ ਡਿਗਰੀ ਦੀ ਤਰੀਕ ਤੋਂ ਲੈਕੇ ੧੨ ਮਹੀਨਿਆਂ ਦੇ ਅੰਦਰ ੨ ਡਿਗਰੀ ਦੇਣ ਵਾਲੀ ਅਦਾਲਤ ਪਾਸ ਦਰਖਾਸਤ ਕਰੇ ਕਿਉਂਕਿ ਉਸ ਅਸਥਾਨ ਦੇ ਪ੍ਰਬੰਧ ਬਦਲੇ ਜਾਨ ਕਰਕੇ ਉਸਨੂੰ ਮਾਲੀ ਨੁਕਸਾਨ ਹੋਇਆ ਹੈ, ਜਾਂ ਹੋਵੇਗਾ। ਇਸ ਲਈ ਉਸਨੂੰ ਮੁਆਵਜ਼ਾ ਦਿਤਾ ਜਾਵੇ, ਅਤੇ ਭਾਂਵੇ ਉਸਨੇ ਆਪਨੀ ਮਰਜ਼ੀ ਨਾਲ ਅਸਤੀਫ਼ਾ ਦਿਤਾ ਹੋਵੇ। ਉਕਤ ਅਦਾ-ਲਤ ਦਿਉਂ ਸਮਝੇਗੀ ਕਿ ਜਿਵੇਂ ਉਸਨੂੰ ਬੇ-ਕਾਨੂਨੇ ਤਰੀਕੇ ਨਾਲ ਹਟਾਇਆ ਹੈ। ਅਤੇ ਮੁਆਵਜ਼ੇ ਦੀ ਡਿਗਰੀ ਉਸਦੇ ਹਕ ਵਿਚ ਕਰ ਦੇਵੇਗੀ।

੬–ਜੋ ਕਾਰਵਾਈ ਉਤਲੇ ਲਘੂ ਅੰਕ (੫) ਅਨੁਸਾਰ ਜਾਂ ਇਸਤੋਂ ਨਿਕਲੀ ਹੋਈ ਹੋਵੇਗੀ। ਉਸ ਉਤੇ ਜਿਥੇ ਤਕ ਹੋ ਸਕੇ ਅੰਕ ੨੨, ੨੩, ੨੪ ਅਤੇ ੨੫, ਵਾਲੇ ਨੇਮ ਉਸੇਤਰਾਂ ਵਰਤੀਨਗੇ ਜਿਵੇਂ ਕਿ ਉਸ ਅਦਾਲਤ ਦੀ ਥਾਂ ਅਦਾਲਤ ਖਾਸ ਹੈ॥

ਭਾਗ ਤੀਸਰਾ

ਕਾਂਡ ੫

ਸਿਖ ਗੁਰਦਵਾਰਿਆਂ ਅਤੇ ਮੰਦਰਾਂ ਦਾ ਪ੍ਰਬੰਧ

ਸਿਖ ਗੁਰਦਵਾਰਿਆਂ ਅਤੇ ਮੰਦਰਾਂ ਉਤੇ ਜ਼ਾਬਤਾ ਦਿਵਾਨੀ ਦੇ ਕਈ ਅੰਕ ਨਹੀਂ ਵਰਤੀਣਗੇ

ਦਫਾ ੩੯—(ਉਨ੍ਹਾਂ ਥਾਵਾਂ ਤੋਂ ਛੁਟ ਜਿਥੇ ਇਸ ਐਕਟ ਵਿਚ ਇਸਦੇ ਉਲਟ ਲਿਖਿਆ ਹੈ) ਕਿਸੇ ਅਦਾਲਤ ਵਿਚ ਕੋਈ ਨਾਲਸ਼ ਦਾਇਰ ਨਹੀਂ ਕੀਤੀ ਜਾਵੇਗੀ ਯਾ ਜਾਰੀ ਨਹੀਂ ਰਖੀ ਜਾਵੇਗੀ, ਜੋ ਕਿਸੇ ਇਹੋ ਜਹੇ ਗੁਰਦਵਾਰੇ ਦੇ ਪ੍ਰਬੰਧ ਦੇ ਸਬੰਧ ਵਿਚ ਹੋਵੇ, ਜਿਸਦਾ ਕਿ ਐਲਾਨ ਨਿਕਲ ਚੁਕਿਆ ਹੋਵੇ। ਜੇ ਦਰਖਾਸਤ ਵਿਚ ਏਹੋ ਜੇਹੀ ਮਾਂਗ ਕੀਤੀ ਜਾਵੇ, ਤਾਂ ਇਸ ਕਾਨੂੰਨ ਅਨੁਸਾਰ ਉਸਦੀ ਇਜਾਜ਼ਤ ਹੈ।

ਇਸ ਐਕਟ ਦੇ ਮਨੋਰਥਾਂ ਨੂੰ ਸਿਰੇ ਚਾੜਨ ਲਈ ਬੋਰਡ ਕਮੇਟੀਆਂ ਅਤੇ ਕਮੀਸ਼ਨ

ਦਫਾ ੪੦—ਇਸ ਐਕਟ ਦੇ ਮਨੋਰਥਾਂ ਨੂੰ ਸਿਰੇ ਚਾੜਨ ਲਈ ਇਕ ਸੈਂਟਰਲ ਬੋਰਡ ਅਤੇ ਹਰ ਇਕ ਮੁਸ਼ਤਹਰ (ਨੋਟੀ ਫਾਈਡ) ਸਿਖ ਗੁਰਦਵਾਰੇ ਲਈ ਇਕ ਪ੍ਰਬੰਧਕ ਕਮੇਟੀ ਹੋਵੇਗੀ ਤੇ ਸਮੇਂ ੨ ਸਿਰ ਮੁਨਸਫੀ ਕਮੀਸ਼ਨ ਭੀ ਥਾਪੀ ਜਾਯਾ ਕਰੇਗੀ, ਓਹਨਾਂ ਢੰਗਾਂ ਅਨੁਸਾਰ ਜੇਹੜੇ ਇਸ ਤੋਂ ਪਿਛੇ ਦਸੇ ਗਏ ਹਨ।

ਸਿਖ ਗੁਰਦਵਾਰਿਆਂ ਦਾ ਪ੍ਰਬੰਧ

ਦਫਾ ੪੧—ਹਰ ਇਕ ਮੁਸ਼ਤਹਰ ਸਿਖ ਗੁਰਦਵਾਰੇ ਦਾ ਪ੍ਰਬੰਧ ਉਸ ਸਬੰਧੀ ਨੀਯਤ ਕੀਤੀ ਗਈ ਕਮੇਟੀ ਅਤੇ ਇਸ ਭਾਗ ਦੇ ਨਿਯਮਾਂ ਅਨੁਸਾਰ "ਸੈਂਟਰਲ ਬੋਰਡ" ਅਤੇ ਕਮੀਸ਼ਨ ਦੇ ਹਥ ਹੋਵੇਗਾ।

ਕਾਂਡ ੬

ਪ੍ਰਬੰਧਕ ਸੈਂਟਰਲ ਬੋਰਡ

ਬੋਰਡ ਦਾ ਨਾਮ

ਦਫਾ ੪੨—(੧) ਇਸ ਬੋਰਡ ਦਾ ਨਾਮ ਓਹ ਹੋਵੇਗਾ ਜੋ ਕਿ ਇਸ ਕਾਨੂੰਨ ਅਨੁਸਾਰ ਥਾਪੇ ਹੋਏ ਪੈਹਲੇ ਬੋਰਡ ਦੀ ਜਨਰਲ ਇਕਤ੍ਰਤਾ ਨੀਯਤ ਕਰੇ, ਪਰ ਇਸ ਸ਼ਰਤ ਤੇ ਕਿ ਇਸ ਇਕਤ੍ਰਤਾ ਵਿਚ ਹਾਜਰ ਹੋਏ ਮੈਂਬਰਾਂ ਦੇ ੩-੫ ਭਾਗ ਨੇ ਇਸ ਚੁਣੇ ਹੋਏ ਨਾਮ ਦੇ ਹਕ ਵਿਚ ਰਾਇ ਦਿਤੀ ਅਤੇ ਇਸ ਨਾਮ ਨੂੰ ਸਥਾਨਕ ਸਰਕਾਰ ਪ੍ਰਵਾਨ ਕਰ ਲਵੇ।

(੨) ਜੇ ਇਹ ਬੋਰਡ ਲਘੂ ਅੰਕ (੧) ਅਨੁਸਾਰ ਅਪਨਾ ਨਾਮ ਚੁਣਨ ਤੋਂ ਅਸਮਰਥ ਹੋਵੇ ਯਾ ਇਸ ਚੁਣੇ ਹੋਏ ਨਾਮ ਨੂੰ ਸਥਾਨਕ ਸਰਕਾਰ ਪ੍ਰਵਾਨ ਨ ਕਰੇ ਤੇ ਇਸਦਾ ਨਾਮ ਸੈਂਟਰਲ ਬੋਰਡ ਹੀ ਰਖਿਆ ਜਾਵੇਗਾ।

(੩) ਇਹ ਜਥਾ ਇਸਤਰਾਂ ਚੁਣੇ ਗਏ ਨਾਮ ਨਾਲ ਪ੍ਰਸਿਧ ਹੋਵੇਗਾ ਅਤੇ ਸਦਾ ਲਈ ਐਸੇ ਨਾਮ ਪਰ ਇਸਦੀ ਵਰਾਸਤ ਚਲਦੀ ਰਹੇਗੀ ਅਤੇ ਇਸੇ ਨਾਮ ਪਰ ਇਸਦੀ ਸਾਂਝੀ ਮੋਹਰ ਚਲਦੀ ਰਹੇਗੀ ਅਤੇ ਇਸੇ ਨਾਮ ਹੇਠਾਂ ਦਾਹਵੇ ਹੋਣਗੇ ਤੇ ਦਾਹਵੇ ਕਰੇਗਾ।

ਬੋਰਡ ਦੀ ਬਨਾਵਟ

ਦਫਾ ੪੩—ਇਸ ਬੋਰਡ ਦੀ ਬਨਤਰ ਇਸ ਪ੍ਰਕਾਰ ਹੋਵੇਗੀ:—

(ੳ) ੧੨੦ ਚੁਣੇ ਹੋਏ ਮੈਂਬਰ

(ਅ) ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ
ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦ ਪੁਰ। ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦਖਨ। ਤਖ਼ਤ ਸ੍ਰੀ ਅਕਾਲ ਅੰਮ੍ਰਿਤਸਰ ਦੇ ਹੈਡ ਜਥੇਦਾਰ।

(ੲ) ਬਾਰਾਂ ਮੈਂਬਰ ਬਦੇਸ਼ੀ ਰਿਆਸਤਾਂ ਦੇ ਦਰਬਾਰਾਂ ਵਲੋਂ ਆਉਣ ਅਤੇ ਓਹ ਨਾਮਜ਼ਦ ਹੋਣਗੇ, ਜਿਨ੍ਹਾਂ ਦਾ ਜ਼ਿਕਰ ਲਘੂ ਅੰਕ (੨) ਵਿਚ ਆਯਾ ਹੈ।

(ਸ) ੧੪ ਮੈਂਬਰ ਬੋਰਡ ਆਪ ਨਾਮਜ਼ਦ ਕਰੇਗਾ ਜੋ ਹਿੰਦੁਸਤਾਨ ਵਿਚ ਹੋਣ ਅਤੇ ਜਿਨ੍ਹਾਂ ਵਿਚੋਂ ੫ ਤੋਂ ਵਧੀਕ ਪੰਜਾਬ ਵਿਚੋਂ ਨ ਹੋਣ।

(੨) ਸਥਾਨਕ ਸਰਕਾਰ ਹੇਠ ਲਿਖੀ ਫੈਹਰਿਸਤ ਵਿਚ ਦਰਜ ਹੋਈਆਂ ਹਿੰਦੀ ਰਿਆਸਤਾਂ ਦੇ ਦਰਬਾਰਾਂ ਨੂੰ ਓਹਨਾਂ ਦੇ ਅਗੇ ਦਰਜ ਕੀਤੇ ਗਏ ਮੈਂਬਰਾਂ ਦੀ ਨਾਮਜ਼ਦਗੀ ਲਈ ਆਖੇਗੀ।

ਪਟਿਆਲਾ—੪	ਫਰੀਦਕੋਟ—੨	ਕਪੂਰਥਲਾ—੨
ਨਾਭਾ—੨	ਜੀਂਦ—੧	ਕਲਸੀਆ—੧

(੩) ਜੇਕਰ ਕੋਈ ਹਿੰਦੁਸਤਾਨੀ ਰਿਆਸਤ ਦਾ ਦਰਬਾਰ ਲੋਕਲ ਗੌਰਮੈਂਟ ਦੇ ਸੱਦੇ ਪੜ੍ਹ ਕੇ ਜਵਾਬ ਵਿਚ ਕੋਈ ਮੈਂਬਰ ਨਾਮਜ਼ਦ ਨਹੀ ਕਰੇਗਾ। ਤਾਂ ਉਨ੍ਹਾਂ ਹਾਲਤਾਂ ਵਿਚ ਵੀ ਬੋਰਡ ਮ੍ਰਯਾਦਾ ਪੂਰਬਕ ਬਨਿਆ ਹੋਇਆ ਮੰਨਿਆ ਜਾਵੇਗਾ।

(੪) ਲੋਕਲ ਗਵਰਨਮੈਂਟ ਜਿਥੋਂ ਤਕ ਹੋ ਸਕੇ ਬਹੁਤ ਜਲਦੀ ਬੋਰਡ ਦੇ ਮੈਂਬਰਾਂ ਦਾ (ਜੇਹਾ ਕਿ ਏਸ ਦਫਾ ਦੇ ਅੰਕ ਪਹਲਾ, ਦੂਸਰਾ ਅਤੇ ਤੀਸਰਾ ਵਿਚ ਦਸਿਆ ਗਿਆ ਹੈ।) ਇਕ ਜਲਸਾ ਉਹਨਾਂ ਮੈਂਬਰਾਂ ਨੂੰ (ਜਿਨਾਂ ਦਾ ਜ਼ਿਕਰ

ਏਸ ਦਫਾ ਦੇ ਚੌਥੇ ਅੰਕ ਵਿਚ ਦਰਜ ਹੈ।) ਬੋਰਡ ਵਿਚ ਸ਼ਾਮਲ ਕਰਨ ਵਾਸਤੇ ਕਰੇਗੀ ਅਤੇ ਜਦੋਂ ਮੈਂਬਰ ਸ਼ਾਮਲ ਹੋ ਜਾਣਗੇ। ਤਾਂ ਉਸ ਦੇ ਮਗਰੋਂ ਲੋਕਲ ਗਵਰਨਮੈਂਟ ਏਸ ਗਲ ਦਾ ਐਲਾਨ ਕਰ ਦੇਵੇਗੀ ਕਿ ਬੋਰਡ ਮਰਯਾਦਾ ਪੂਰਬਕ ਬਨ ਗਿਆ ਹੈ। ਅਤੇ ਜਿਸ ਤਾਰੀਖ ਨੂੰ ਏਹ ਇਸ਼ਤਿਹਾਰ ਨਿਕਲੇਗਾ ਉਹੋ ਤਾਰੀਖ ਬੋਰਡ ਦੇ ਬਣਨ ਦੀ ਮੰਨੀ ਜਾਵੇਗੀ।

ਦਫਾ—੪੪ ਬੋਰਡ ਦੇ ਚੁਣੇ ਹੋਏ ਮੈਂਬਰ ਲੋਕ ਮਤ ਅਨੁਸਾਰ ਓਹਨਾਂ ਹਲਕਿਆਂ ਵਲੋਂ ਚੁਣੇ ਜਾਣਗੇ ਜੇਹੜੇ ਕਿ ਚੌਥੀ ਫਰਦ ਵਿਚ ਦਸੇ ਗਏ ਹਨ। ਅਤੇ ਓਹਨਾਂ ਹਲਕਿਆਂ ਵਿਚੋਂ ਚੁਣੇ ਹੋਏ ਮੈਂਬਰਾਂ ਦੀ ਗਿਣਤੀ ਓਹ ਹੋਵੇਗੀ ਜੇਹੜੀ ਕਿ ਉਹਨਾਂ ਹਲਕਿਆਂ ਦੇ ਸਾਹਮਣੇ ਦਸੀ ਗਈ ਹੈ ਪਰੰਤੂ ਸ਼ਰਤ ਇਹ ਹੈ ਕਿ ਲੋਕਲ ਗੌਰਮੈਂਟ ਜਿਸ ਵੇਲੇ ਚਾਹੇ ਅਤੇ ਬੋਰਡ ਨਾਲ ਐਸੀ ਸਲਾਹ ਮਸ਼ਵਰਾ ਜੇਹੜਾ ਕਿ ਉਹ ਯੋਗ ਸਮਝੇ ਕਰਨ ਦੇ ਮਗਰੋਂ ਇਸ਼ਤਿਹਾਰ ਦਵਾਰਾ ਕਿਸੇ ਹਲਕੇ ਦੀ ਹਦੂਦ ਬਦਲ ਸਕਦੀ ਹੈ।

ਬੋਰਡ ਦੇ ਮੈਂਬਰਾਂ ਦੀ ਚੋਣ ਦੇ ਹਲਕੇ

ਦਫ਼ਾ ੪੫.

ਚੁਣੇ ਹੋਏ ਮੈਂਬਰਾਂ ਦੀ ਕਾਬਲੀਯਤ

(੧) ਕੋਈ ਪੁਰਸ਼ ਬੋਰਡ ਦਾ ਮੈਂਬਰ ਬਣਨ ਦਾ ਅਧਿਕਾਰੀ ਨਹੀਂ ਹੋਵੇਗਾ, ਜੇ ਓਹ ਪੁਰਸ਼:—

ਪਹਲੇ—ਜਿਸਦੇ ਹੋਸ਼ ਹਵਾਸ ਕਾਇਮ ਨਾ ਹੋਣ।

ਦੂਜੇ—ਐਸਾ ਦੀਵਾਲੀਆ ਹੋਵੇ ਜਿਨ੍ਹੂੰ ਕਿਸੇ ਅਦਾਲਤ ਨੇ ਕਰਜ਼ੇ ਤੋਂ ਬਰੀ ਹੋਏ ਹੋਏ ਦਾ ਸਰਟੀਫਕੇਟ ਨਾ ਦਿਤਾ ਹੋਵੇ।

ਤੀਜੇ—ਪਤਤ ਹੋਵੇ।

ਚੌਥੇ—ਕਿਸੇ ਸਿਖ ਗੁਰਦਵਾਰੇ—ਜੇਹਦਾ ਨਾਮ ਕਿ ਫਰਦ ਵਿਚ ਦਰਜ ਹੈ—ਦਾ ਸੇਵਾਦਾਰ ਹੋਵੇ—ਸਵਾਏ ਦਰਬਾਰ ਸਾਹਿਬ ਅਮ੍ਰਿਤਸਰ ਦੇ ਵਡੇ ਸੇਵਾਦਾਰ ਯਾ ਓਹਨਾਂ ਚੌਹਾਂ ਸਿਖ ਤਖਤਾਂ ਵਿਚੋਂ ਕਿਸੇ ਇਕ ਦਾ ਵਡਾ ਸੇਵਾਦਾਰ ਹੋਵੇ ਜਿਨ੍ਹਾਂ ਦਾ ਹਵਾਲਾ ਕਿ ਦਫਾ ੪੩ ਦੇ ਅੰਕ (੧) ਦੀ ਦੂਜੀ ਜਿਮਨ ਵਿਚ ਦਿਤਾ ਹੋਇਆ ਹੈ।

ਪੰਜਵੇਂ—ਕਿਸੇ ਸਿਖ ਗੁਰਦਵਾਰੇ-ਜਿਹਦਾ ਨਾਮ ਕੇ ਫਰਦ ਵਿਚ ਦਰਜ ਹੈ-ਦਾ ਯਾ ਬੋਰਡ ਦਾ ਤਨਖਾਹਦਾਰ ਨੌਕਰ ਹੋਵੇ ਸਵਾਏ ਬੋਰਡ ਦੀ ਅੰਤ੍ਰਿੰਗ ਕਮੇਟੀ ਦੇ ਕਿਸੇ ਮੈਂਬਰ ਦੇ।

(੨) ਕੋਈ ਪੁਰਸ਼ ਬੋਰਡ ਦਾ ਮੈਂਬਰ ਲੋਕ-ਮਤ ਅਨੁਸਾਰ ਚੁਣੇ ਜਾਣ ਦਾ ਅਧਕਾਰੀ ਨਹੀਂ ਹੋਵੇਗਾ ਜੇਕਰ ਓਹਦਾ ਨਾਮ ਕਿਸੇ ਹਲਕੇ ਦੀ ਵੋਟ ਦੇਣ

ਵਾਲੇ ਪੁਰਸ਼ਾਂ ਦੀ ਫਰਿਸਤ ਵਿਚ ਨਾ ਹੋਵੇ। ਜਿਨ੍ਹਾਂ ਹਲਕਿਆਂ ਦਾ ਹਵਾਲਾ ਚੌਥੀ ਫ਼ਰਦ ਵਿਚ ਦਿਤਾ ਗਿਆ ਹੈ।

(੩) ਬਾਵਜੂਦ ਉਸਦੇ ਜੋ ਕੁਛ ਕੇ ਇਸ ਦਫਾ ਦੇ ਅੰਕ (੧) ਵਿਚ ਦਰਜ ਹੈ ਕਿਸੇ ਪੁਰਸ਼ ਨੂੰ ਬੋਰਡ ਦੀ ਚੋਣ ਵਾਸਤੇ ਉਮੈਦਵਾਰ ਖੜੇ ਹੋਣ ਤੋਂ ਮਨਾ ਨਹੀਂ ਕੀਤਾ ਜਾਵੇਗਾ ਕਿ ਓਹ ਪਤੱਤ ਹੈ, ਪ੍ਰੰਤੂ ਜੇਹੜਾ ਉਮੈਦਵਾਰ ਚੁਣੇ ਜਾਣ ਦੇ ਮਗਰੋਂ ਦਫਾ ੮੪ ਹੇਠ ਪਤੱਤ ਸਾਬਤ ਹੋਵੇਗਾ ਓਹਦੀ ਚੋਣ ਨਿਸਫਲ ਹੋ ਜਾਵੇਗੀ।

ਨਾਮਜ਼ਦ ਕੀਤੇ ਮੈਂਬਰਾਂ ਦੀ ਕਾਬਲੀਅਤ

ਦਫ਼ਾ ੪੬—ਕੋਈ ਪੁਰਸ਼ ਬੋਰਡ ਦਾ ਮੈਂਬਰ ਨੀਯਤ ਨਹੀਂ ਕੀਤਾ ਜਾਵੇਗਾ ਜੇਕਰ ਓਹ ਪੁਰਸ਼ः—

ਪਹਲੇ—੨੧ ਸਾਲ ਨਾਲੋਂ ਘਟ ਉਮਰ ਦਾ ਹੋਵੇ।

ਦੂਜੇ—ਸਿਖ ਨਾ ਹੋਵੇ।

ਤੀਜੇ—ਹੋਸ਼ ਹਵਾਸ ਕਾਇਮ ਨ ਹੋਣ।

ਚੌਥੇ—ਐਸਾ ਦੀਵਾਲੀਆ ਹੋਵੇ ਜਿਸਨੂੰ ਅਦਾਲਤ ਵਲੋਂ ਕਰਜ਼ੇ ਤੋਂ ਬਰੀ ਹੋਏ ਹੋਏ ਦਾ ਸਰਟੀਫਿਕਟ ਨਾ ਮਿਲਿਆ ਹੋਵੇ।

ਪੰਜਵੇਂ—ਪਤੱਤ ਹੋਵੇ।

ਛੇਵੇਂ—ਕਿਸੇ ਸਿਖ ਗੁਰਦਵਾਰ—ਜਿਹਦਾ ਨਾਮ ਕੇ ਫਰਦ ਵਿਚ ਦਰਜ ਹੈ-ਦਾ ਸੇਵਾਦਾਰ ਹੋਵੇ। ਸਵਾਇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਵਡੇ ਸੇਵਾਦਾਰ ਯਾ ਓਹਨਾ ਚੌਂਹ ਸਿਖ ਤਖਤਾਂ ਵਿਚੋਂ ਕਿਸੇ ਇਕ ਦਾ ਵਡਾ ਸੇਵਾਦਾਰ ਹੋਵੇ ਜਿਨ੍ਹਾਂ ਦਾ ਹਵਾਲਾ ਕੇ ਦਫਾ ੪੩ ਦੇ ਅੰਕ (੧) ਦੀ ਦੂਜੀ ਜਿਮਣ ਵਿਚ ਦਿਤਾ ਹੋਇਆ ਹੈ।

ਸਤਵੇਂ—ਕਿਸੇ ਸਿਖ ਗੁਰਦਵਾਰੇ—ਜਿਹਦਾ ਨਾਮ ਕਿ ਫਰਦ ਵਿਚ ਹੈ—ਯਾ ਬੋਰਡ ਦਾ ਤਨਖਾਹਦਾਰ ਨੌਕਰ ਹੋਵੇ ਸਵਾਇ ਬੋਰਡ ਦੀ ਅੰਤ੍ਰਿੰਗ ਕਮੇਟੀ ਦੇ ਕਿਸੇ ਮੈਂਬਰ ਦੇ।

ਬੋਰਡ ਦੀ ਚੋਣ ਦੀ ਤਰੀਕ

ਦਫ਼ਾ ੪੭—ਬੋਰਡ ਦੇ ਮੈਂਬਰਾਂ ਦੀ ਚੋਣ ਇਸ ਕਨੂਨ ਅਨੁਸਾਰ ਓਹਨਾਂ ਤ੍ਰੀਕਾਂ ਤੇ ਹੋਵੇਗੀ ਜੇਹੜੀਆਂ ਕਿ ਲੋਕਲ ਗਵਰਮੈਂਟ ਨੀਯਤ ਕਰੇਗੀ।

ਵੋਟਾਂ ਦੇਣ ਵਾਲਿਆਂ ਦੀ ਫ਼ੈਹਰਿਸਤ

ਦਫ਼ਾ ੪੮—ਵੋਟਾਂ ਦੇਣ ਵਾਲਿਆਂ ਦੀ ਫਰਿਸਤ ਏਸੇ ਤਰੀਕੇ ਨਾਲ ਬਨਾਈ ਜਾਵੇਗੀ ਜੇਹਾ ਕਿ ਹਰ ਇਕ ਹਲਕੇ ਲਈ ਨੀਯਤ ਕੀਤਾ ਜਾਵੇ ਅਤੇ ਜਿਸ ਵਿਖੇ ਓਹਨਾਂ ਸਾਰੇ ਪੁਰਸ਼ਾਂ ਦੇ ਨਾਮ

ਦਰਜ ਕੀਤੇ ਜਾਨਗੇ ਜੇਹੜੇ ਕਿ ਓਸ ਹਲਕੇ ਵਲੋਂ ਰਜਿਸਟਰ ਵਿਚ ਵੋਟ ਦੇਣ ਦੀ ਹੈਸੀਯਤ ਵਿਚ ਦਰਜ ਕੀਤੇ ਜਾਨ ਦੇ ਅਧਿਕਾਰੀ ਹੋਣ।

ਵੋਟ ਦੇਣ ਵਾਲਿਆਂ ਅਥਵਾ ਮੈਂਬਰ ਚੁਣਨ ਵਾਲਿਆਂ ਦੀ ਕਾਬਲੀਅਤ

ਦਫਾ ੪੯—ਹਰ ਇਕ ਪੁਰਸ਼ ਅਪਨਾ ਨਾਮ ਵੋਟ ਦੇਣ ਵਾਲਿਆਂ ਦੀ ਓਸ ਹਲਕੇ—ਜੇਹੜਾ ਕੇ ਬੋਰਡ ਦੇ ਮੈਂਬਰ ਯਾ ਮੈਂਬਰਾਂ ਦੀ ਚੋਣ ਵਾਸਤੇ ਬਨਾਇਆ ਗਿਆ ਹੋਵੇ—ਦੀ ਫਰਿਸਤ ਵਿਚ ਦਰਜ ਕਰਵਾਨ ਦਾ ਅਧਕਾਰੀ ਹੋਵੇਗਾ ਜੇਹੜਾ:—

ਪਹਲੇ—ਉਸ ਹਲਕੇ ਦਾ ਵਸਨੀਕ ਹੋਵੇ ਅਤੇ ਯਾ:—

ਦੂਜੇ—ਉਸਦਾ ਨਾਮ ਓਹਨਾਂ ਪੁਰਸ਼ਾਂ ਦੀ ਵਰਤਮਾਨ ਫਰਿਸਤ ਵਿਚ ਦਰਜ ਹੋਵੇ ਜਿਨਾਂ ਨੂੰ ਕਿ ਸ੍ਰੀ ਹਜੂਰ ਗਵਰਨਰ ਬਹਾਦਰ ਪੰਜਾਬ ਦੀ ਕਾਨੂਨ ਘੜਨੀ ਕੌਂਸਲ ਲਈ ਕਿਸੀ ਸਿਖ ਸ਼ਹਰੀ ਯਾ ਦੇਹਾਤੀ ਹਲਕੇ ਵਲੋਂ ਮੈਂਬਰ ਚੁਣਨ ਦਾ ਹਕ ਹੋਵੇ—ਯਾ

ਤੀਸਰੇ—ਓਹ ੨੧ ਸਾਲ ਤੋਂ ਵਧ ਉਮਰ ਦਾ ਸਿਖ ਹੋਵੇ ਜਿਸਨੇ ਕਿ ਅਪਨਾ ਨਾਮ ਇਕ ਵੋਟ ਦੇਣ ਵਾਲੇ ਦੀ ਹੈਸੀਯਤ ਵਿਚ ਏਸੇ ਤਰੀਕੇ ਨਾਲ ਰਜਿਸਟਰ ਵਿਚ ਦਰਜ ਕਰਵਾਇਆ ਹੋਵੇ ਜਿਹਾ ਕੇ ਯੋਗ ਦਸਿਆ ਗਿਆ ਹੋਵੇ।

ਵੋਟ ਦੇਣ ਦਾ ਅਧਕਾਰ

ਦਫਾ ੫੦—ਹਰ ਇਕ ਪੁਰਸ਼ ਜਿਸਦਾ ਨਾਮ ਕਿ ਕਿਸੇ ਹਲਕੇ ਵਲੋਂ ਬੋਰਡ ਸੰਬੰਧੀ ਮੈਂਬਰ ਚੁਣਨ ਵਾਲਿਆਂ ਦੀ ਵਰਤਮਾਨ ਫਰਿਸਤ ਵਿਚ ਦਰਜ ਹੋਵੇ ਓਹ ਓਸ ਵੇਲੇ ਤੀਕ ਉਸ ਹਲਕੇ ਵਲੋਂ ਇਕ ਮੈਂਬਰ ਦੀ ਚੋਣ ਸਬੰਧੀ ਵੋਟ ਦੇ ਸਕੇਗਾ ਜਿੰਨਾ ਚਿਰ ਕਿ ਉਸਦਾ ਨਾਮ ਫਰਿਸਤ ਵਿਚ ਦਰਜ ਰਹੇਗਾ ਪ੍ਰੰਤੂ ਸ਼ਰਤ ਏਹ ਹੈ ਕਿ ਕੋਈ ਪੁਰਸ਼ ਇਸ ਗਲ ਦਾ ਅਧਿਕਾਰੀ ਨਹੀਂ ਹੋਵੇਗਾ ਕਿ ਓਹ ਇਕ ਹਲਕੇ ਤੋਂ ਜ਼ਿਆਦਾ ਵਿਚ ਵੋਟ ਦੇ ਸਕੇ।

ਮੈਂਬਰੀ ਦੀ ਮਿਆਦ

ਦਫ਼ਾ ੫੧—ਬੋਰਡ ਦੇ ਮੈਂਬਰ ਦੇ ਅਹੁਦੇ ਦੀ ਮਿਆਦ ਬੋਰਡ ਦੇ ਬਣਨ ਦੀ ਤ੍ਰੀਕ ਤੋਂ ੩ ਸਾਲ ਹੋਵੇਗੀ ਯਾ ਜਦੋਂ ਤੀਕ ਕਿ ਨਵਾਂ ਬੋਰਡ ਨਾ ਬਨ ਜਾਵੇ ਯਾ ਜੋ ਏਹਨਾਂ ਦੋਹਾਂ ਵਿਚੋਂ ਪਿਛੋਂ ਹੋਵੇ।

ਬੋਰਡ ਦੀ ਮੈਂਬਰੀ ਦੀ ਹਾਲਤ ਵਿਚ ਮਗਰੋਂ ਪਈਆਂ ਓਣਤਾਂ ਦਾ ਅਸਰ

ਦਫਾ ੫੨—ਜੇਕਰ ਕਿਸੇ ਪੁਰਸ਼ ਵਿਚ ਬੋਰਡ ਦਾ ਮੈਂਬਰ ਚੁਣੇ ਯਾ ਨੀਯਤ ਕੀਤੇ ਜਾਣ ਮਗਰੋਂ ਕੋਈ ਊਨਤਾ ਪੈਦਾ ਹੋ ਜਾਵੇ ਜਿਨਾਂ ਦਾ ਜ਼ਿਕਰ ਦਫਾ ੪੫ ਯਾ ਦਫਾ ੪੬ ਵਿਚ ਕੀਤਾ ਗਿਆ ਹੈ ਜੈਸੀ ਸੂਰਤ ਹੋਵੇ ਯਾ ਲਗਾਤਾਰ ਬੋਰਡ ਦੇ ਤਿੰਨ ਆਮ

ਇਕਤਰਤਾਵਾਂ ਵਿਚ ਹਾਜਰ ਨਾ ਹੋਵੇ ਤਾਂ ਉਹ ਪੁਰਸ਼ ਬੋਰਡ ਦਾ ਮੈਂਬਰ ਨਹੀਂ ਰਹੇਗਾ, ਪ੍ਰੰਤੂ ਸ਼ਰਤ ਏਹ ਹੈ ਕਿ ਜੇਹੜਾ ਪੁਰਸ਼ ਨਾ ਹਾਜ਼ਰ ਹੋਣ ਦੇ ਕਾਰਨ ਮੈਂਬਰ ਨਾ ਰਿਹਾ ਹੋਵੇ, ਜੇਕਰ ਓਹ ਏਸੇ ਤੀਸਰੀ ਆਮ ਇਕਤਰਤਾ ਦੇ ਹੋਣ ਤੋਂ ਮਗਰੋਂ ਇਕ ਮਹੀਨੇ ਦੇ ਅੰਦਰ, ਜਿਸ ਵਿੱਚ ਕਿ ਓਹ ਹਾਜ਼ਰ ਨਹੀਂ ਸੀ, ਮੈਂਬਰੀ ਦੇ ਓਹਦੇ ਉਤੇ ਮੁੜ ਥਾਪੇ ਜਾਨ ਸੰਬੰਧੀ ਦਰਖਾਸਤ ਕਰੇ ਤਾਂ ਬੋਰਡ ਨੂੰ ਅਧਕਾਰ ਹੈ ਕਿ ਓਹ ਉਸ ਇਕਤਰਤਾ ਵਿਚ ਜੇਹੜਾ ਕਿ ਦਰਖਾਸਤ ਮਿਲਨ ਤੋਂ ਠੀਕ ਮਗਰੋਂ ਹੋਵੇ ਐਸੇ ਮੈਂਬਰ ਨੂੰ ਮੁੜ ਮੈਂਬਰੀ ਦੇ ਅਹੁਦੇ ਉਤੇ ਥਾਪ ਦੇਵੇ ਪ੍ਰੰਤੂ ਇਕ ਹੋਰ ਸ਼ਰਤ ਏਹ ਹੈ ਕਿ ਕੋਈ ਮੈਂਬਰ ਤਿੰਨ ਵਾਰ ਤੋਂ ਜ਼ਜਾਦਾ ਵਾਰੀ ਮੁੜ ਬਹਾਲ ਨਹੀਂ ਕੀਤਾ ਜਾ ਸਕੇਗਾ।

ਦਫਾ ੫੩—ਜਦੋਂ ਬੋਰਡ ਵਿਚ ਕਿਸੇ ਮੈਂਬਰ ਦੇ ਮਰ ਜਾਨ, ਅਸਤੀਫਾ ਦੇ ਦੇਨ ਅਥਵਾ ਕਿਸੇ ਹੋਰ ਕਾਰਨ ਕੋਈ ਜਗਾ ਖਾਲੀ ਹੋ ਜਾਵੇ ਤਾਂ ਉਸਦੀ ਥਾਂ ਇਕ ਨਵਾਂ ਮੈਂਬਰ ਉਸੇ ਤਰਾਂ ਚੁਨਿਆ ਨਿਯਤ ਕੀਤਾ ਯਾ ਸ਼ਾਮਲ ਕੀਤਾ ਜਾਵੇ ਜਿਸ ਤਰੀਕੇ ਨਾਲ ਓਹ ਮੈਂਬਰ ਜਿਸ ਦੀ ਜਗਾ ਪੂਰੀ ਕਰਨੀ ਹੈ, ਚੁਨਿਆ ਨਿਯਤ ਕੀਤਾ ਯਾ ਸ਼ਾਮਲ ਕੀਤਾ ਗਿਆ ਸੀ।

ਬੋਰਡ ਵਿਚ ਖਾਲੀ ਜਗਾ ਕਿਸ ਤਰਾਂ ਭਰੀ ਜਾਵੇਗੀ

ਦਫਾ ੫੪—ਬੋਰਡ ਦੀ ਪਹਿਲੀ ਇਕਤਰਤਾ ਓਸ ਤਰੀਕ ਤੋਂ ਇਕ ਮਹੀਨੇ ਦੇ ਅੰਦਰ ਕਰਨੀ ਜਰੂਰੀ ਹੈ ਜਿਸ ਤਰੀਕ ਨੂੰ ਕਿ ਲੋਕਲ ਗਵਰਨ-ਮਿੰਟ ਐਲਾਨ ਕਰੇ ਕਿ ਬੋਰਡ ਬਾਕਾਇਦਾ ਬਨ ਗਿਆ ਹੈ। ਏਸ ਸੰਬੰਧੀ ਲੋਕਲ ਗੌਰਮਿੰਟ ਇਸ਼ਤਿਹਾਰ ਦੀ ਰਾਹੀਂ ਨੋਟਸ ਜਾਰੀ ਕਰੇਗੀ।

ਬੋਰਡ ਦੀ ਪਹਿਲੀ ਇਕਤਰਤਾ

ਦਫਾ ੫੫—ਬੋਰਡ ਦੀ ਇਕ ਸਾਲਾਨਾ ਆਮ ਇਕਤਰਤਾ ਹਰ ਸਾਲ ਹੋਇਆ ਕਰੇਗੀ।

ਬੋਰਡ ਦੀ ਸਾਲਾਨਾ ਇਕਤਰਤਾ

ਦਫਾ ੫੬—ਪਹਿਲੀ ਇਕਤ੍ਰਤਾ ਤੋਂ ਬਿਨਾ ਬੋਰਡ ਦੀਆਂ ਦੂਸਰੀਆਂ ਇਕਤਰਤਾਂ ਬੀਸ ਦਿਨਾਂ ਦੇ ਲਿਖਤੀ ਨੋਟਸ ਤੇ ਬੁਲਾਈਆਂ ਜਾਣ ਗੀਆਂ ਜਿਸਦੀ ਤਾਮੀਲ ਬੋਰਡ ਦੇ ਹਰ ਇਕ ਮੈਂਬਰ ਪਾਸੋਂ ਐਸੇ ਤਰੀਕੇ ਅਨੁਸਾਰ ਕਰਾਈ ਜਾਵੇਗੀ ਜੇਹੜਾ ਕਿ ਬੋਰਡ ਨੀਯਤ ਕਰੇਗਾ।

ਇਕਤਰਤਾ ਦਾ ਨੋਟਸ

ਦਫਾ ੫੭—ਕਿਸੇ ਦਸ ਯਾ ਜ਼ਿਆਦਾ ਮੈਂਬਰ ਲਿਖਤੀ ਦਰਖਾਸਤ ਦਵਾਰਾ ਜੇਹੜੀ ਕੇ ਪਰਧਾਨ ਪਾਸ ਦਿਤੀ ਜਾਵੇਗੀ, ਕਹ ਸਕਦੇ ਹਨ ਕਿ ਬੋਰਡ ਦੀ ਇਕ ਆਮ ਇਕਤਰਤਾ ਹੋਵੇ ਅਤੇ

ਇਕਤਰਤਾ ਬੁਲਾਣ ਸੰਬੰਧੀ ਮੈਂਬਰਾਂ ਦਾ ਅਧਕਾਰ

ਜੇਕਰ ਐਸਾ ਕਰਨ ਪਰ ਇਕਤ੍ਰਤਾ ਦਾ ਨੋਟਸ ਇਸ ਤਾਰੀਖ ਤੋਂ ਪੰਦਰਾਂ ਦਿਨਾਂ ਦੇ ਅੰਦਰ ਜਿਸ ਦਿਨ ਕੇ ਦਰਖਾਸਤ ਪਰਧਾਨ ਪਾਸ ਪੁਜੀ ਹੋਵੇ ਨਾ ਦਿਤਾ ਜਾਵੇ ਤਾਂ ਦਰਖਾਸਤ ਕਰਨ ਵਾਲੇ ਦਸਾਂ ਦਿਨਾਂ ਦੇ ਲਿਖਤੀ ਨੋਟਸ ਜੇਹੜਾ ਕਿ ਦਫਾ ੫੬ ਅਨੁਸਾਰ ਦਿਤਾ ਜਾਵੇਗਾ ਦੇਕੇ ਇਕਤਰਤਾ ਬੋਰਡ ਦੇ ਦਫਤਰ ਉਤੇ ਬੁਲਾ ਸਕਨਗੇ।

ਦਫਾ ੫੮—ਕੰਮ ਕਾਜ ਵਾਸਤੇ ਬੋਰਡ ਦਾ ਇਕ ਦਫਤਰ ਅਮ੍ਰਿਤਸਰ ਹੋਵੇਗਾ, ਜਿਸਨੂੰ ਕਿ ਸਾਰੇ ਖਤ ਪਤ ਅਤੇ ਨੋਟਸ ਭੇਜਣੇ ਚਾਹੀਦੇ ਹਨ

ਬੋਰਡ ਦਾ ਦਫਤਰ

ਦਫਾ ੫੯—ਜੇਹੜੇ ਅਧਕਾਰ ਕਿ ਬੋਰਡ ਦੀ ਆਮ ਇਕਤਰਤਾ ਨੂੰ ਏਸ ਕਾਨੂਨ ਨਾਲ ਮਿਲਦੇ ਹਨ ਓਹ ਵਰਤੋਂ ਵਿਚ ਨਹੀ ਲਿਆਂਦੇ ਜਾਣਗੇ। ਸਵਾਏ ਬੋਰਡ ਦੀ ਉਸ ਇਕਤਰਤਾ ਤੋਂ ਜਿਹਦੇ ਵਿਚ ੩੧ ਯਾ ਜ਼ਿਆਦਾ ਮੈਂਬਰ ਹਾਜਰ ਹੋਣ।

ਬੋਰਡ ਦਾ ਕੋਰਮ ਆਮ ਇਕਤਰਤਾ ਵਾਸਤੇ

ਦਫਾ ੬੦—ਚੁਨਿਆ ਹੋਇਆ ਪਰਧਾਨ ਇਕਤਰਤਾ ਦਾ ਪਰਧਾਨ ਹੋਵੇਗਾ। ਅਤੇ ਅੰਤਰੰਗ ਇਕਤਰਤਾ ਦਾ ਵੀ, ਪ੍ਰੰਤੂ ਜੇ ਪਰਧਾਨ ਹਾਜਰ ਨਾ ਹੋਵੇ ਤਾਂ ਮੀਤ ਪਰਧਾਨ ਇਕਤਰਤਾ ਦਾ ਪਰਧਾਨ ਹੋਵੇਗਾ। ਪਰ ਜੇਕਰ ਪਰਧਾਨ ਅਤੇ ਮੀਤ ਪਰਧਾਨ ਦੋਵੇਂ ਹਾਜਰ ਨਾ ਹੋਣ ਤਾਂ ਹਾਜਰ ਮੈਂਬਰ ਅਪਨੇ ਵਿਚੋਂ ਕਿਸੇ ਨੂੰ ਓਸ ਇਕਤਰਤਾ ਦਾ ਪਰਧਾਨ ਚੁਨ ਲੈਣਗੇ।

ਬੋਰਡ ਦੀ ਇਕਤਰਤਾ ਦਾ ਪਰਧਾਨ

ਦਫਾ ੬੧—ਸਵਾਏ ਏਸਦੇ ਕਿ ਏਸ ਕਾਨੂਨ ਵਿਚ ਕੋਈ ਹੋਰ ਹੁਕਮ ਏਸ ਦੇ ਵਰੁਧ ਹੋਣ ਯਾ ਬਨਾਏ ਗਏ ਹੋਣ, ਉਹ ਸਾਰੇ ਸਵਾਲ ਜੇਹੜੇ ਕੇ ਬੋਰਡ ਯਾ ਉਸ ਦੀ ਅੰਤਰੰਗ ਕਮੇਟੀ ਦੇ ਸਾਹਮਣੇ ਪੇਸ਼ ਹੋਣਗੇ ਉਹਨਾਂ ਦੇ ਫੈਸਲੇ ਹਾਜਰ ਮੈਂਬਰਾਂ ਦੀ ਬਹੁਸੰਮਤੀ ਨਾਲ ਕੀਤੇ ਜਾਣਗੇ ਅਤੇ ਵੋਟਾਂ ਦੇ ਬਰਾਬਰ ਹੋਣ ਦੀ ਹਾਲਤ ਵਿਚ ਪਰਧਾਨ ਦੂਸਰੀ ਯਾ ਫੈਸਲਾ ਕਰਨ ਵਾਲੀ ਵੋਟ ਦੇਵੇਗਾ।

ਬੋਰਡ ਦੇ ਸਾਹਮਣੇ ਪੇਸ਼ ਹੋਏ ਸਵਾਲਾਂ ਦਾ ਫੈਸਲਾ

ਦਫਾ ੬੨—ਬੋਰਡ ਅਪਨੀ ਪਹਿਲੀ ਆਮ ਇਕਤਰਤਾ ਵਿਚ ਪ੍ਰਚੀਆਂ ਦਵਾਰਾ ਅਪਨੇ ਮੈਂਬਰਾਂ ਵਿਚੋਂ ਇਕ ਨੂੰ ਬੋਰਡ ਦਾ ਪਰਧਾਨ ਅਤੇ ਇਕ ਹੋਰ ਨੂੰ ਮੀਤ ਪਰਧਾਨ ਚੁਣੇਗਾ ਜੇਹੜੇ ਬੋਰਡ ਦੇ ਔਹਦੇਦਾਰ ਸਮਝੇ ਜਾਣਗੇ। ਅਤੇ ਨਾਲ ਹੀ ਉਸੇ ਇਕਤਰਤਾ ਵਿਖੇ ਉਸੇ ਤ੍ਰੀਕੇ ਨਾਲ ਘਟ ਤੋਂ ਘਟ ਪੰਜ ਅਤੇ ਜ਼ਿਆਦਾ ਤੋਂ ਜ਼ਿਆਦਾ ਗਿਆਰਾਂ, ਜੈਸਾ ਕੇ ਬੋਰਡ ਯੋਗ ਸਮਝੇ, ਬੋਰਡ ਦੀ ਅੰਤਰੰਗ ਕਮੇਟੀ ਦੇ ਮੈਂਬਰ ਚੁਣੇਗੀ ਅਤੇ ਏਹ ਔਹਦੇਦਾਰ ਅਤੇ ਮੈਂਬਰ ਜੇਹੜੇ ਏਸ ਤਰਾਂ ਚੁਣੇ ਜਾਣ ਬੋਰਡ ਦੀ ਅੰਤਰੰਗ ਕਮੇਟੀ

ਬੋਰਡ ਦੇ ਓਹਦੇਦਾਰ ਅਤੇ ਓਸ ਦੀ ਅੰਤਰੰਗ ਕਮੇਟੀ

ਹੋਵੇਗੀ ।

ਦਫਾ ੬੩—(੧)ਦਫਾ ੬੨ ਦੇ ਹੁਕਮ ਅਨੁਸਾਰ ਅੰਤਰੰਗ ਕਮੇਟੀ ਦੇ ਬਣਨ ਤੋਂ ਉਪਰੰਤ ਇਕ ਐਸੀ ਅੰਤਰੰਗ ਕਮੇਟੀ ਉਸੇ ਕਮੇਟੀ ਵਰਗੀ ਜਿਸ ਦਾ ਹਵਾਲਾ ਕਿ ਉਸ ਦਫਾ ਵਿਚ ਦਿਤਾ ਗਿਆ ਹੈ। ਬੋਰਡ ਦੀ ਸਾਲਾਨਾ ਆਮ ਇਕਤਰਤਾ ਵਿਚ ਪਰਚੀਆਂ ਦਵਾਰਾ ਚੁਣੀ ਜਾਵੇਗੀ । ਔਹਦੇਦਾਰ ਅਤੇ ਅੰਤਰੰਗ ਕਮੇਟੀ ਦੇ ਦੂਸਰੇ ਮੈਂਬਰ ਜੇਹੜੇ ਕੇ ਬੋਰਡ ਦੀ ਪਹਿਲੀ ਇਕਤਰਤਾ ਵਿਚ ਚੁਣੇ ਜਾਣਗੇ । ਉਹ ਆਪਣੇ ਔਹਦਿਆਂ ਉਤੇ ਕੈਮ ਰੈਹਣਗੇ । ਜਿੰਨਾਂ ਚਿਰ ਕਿ ਨਵੀਂ ਅੰਤਰੰਗ ਕਮੇਟੀ ਬੋਰਡ ਦੀ ਪਹਿਲੀ ਸਾਲਾਨਾ ਚੋਣ ਵਿਚ ਨਾ ਚੁਣੀ ਜਾਵੇ ਅਤੇ ਸਾਲਾਨਾ ਆਮ ਇਕਤਰਤਾ ਉਤੇ ਚੁਣੇ ਹੋਏ ਮੈਂਬਰ ਔਹਦਿਆਂ ਉਤੇ ਰੈਹਣਗੇ । ਜਿੰਨਾਂ ਚਿਰ ਕੇ ਇਕ ਨਵੀਂ ਕਮੇਟੀ ਉਸ ਤੋਂ ਬਾਦ ਸਾਲਾਨਾ ਆਮ ਇਕਤਰਤਾ ਵਿਖੇ ਨਾ ਚੁਣੀ ਜਾਵੇ ।

ਅੰਤਰੰਗ ਕਮੇਟੀ ਦੀ ਸਾਲਾਨਾ ਚੋਣ

(੨) ਏਸ ਦਫਾ ਦੇ ਅੰਕ (੧) ਵਿਚ ਕੋਈ ਗਲ ਐਸੀ ਨਹੀ ਜੋ ਪੁਰਾਣੀ ਅੰਤਰੰਗ ਕਮੇਟੀ ਦੇ ਮੈਂਬਰ ਫਿਰ ਚੁਣੇ ਜਾਣ ਤੋਂ ਮਨਾ ਕਰੇ ।

ਦਫਾ ੬੪—ਬੋਰਡ ਦੀ ਅੰਤਰੰਗ ਕਮੇਟੀ ਨੂੰ ਬੋਰਡ ਦੇ ਉਨਾਂ ਸਾਰੇ ਅਖਤਿਆਰਾਂ ਨੂੰ ਵਰਤੋਂ ਵਿਚ ਲਿਆਨ ਦਾ ਅਧਕਾਰ ਹੋਵੇਗਾ। ਜੇਹੜੇ ਕਿ ਬੋਰਡ ਨੂੰ ਇਸ ਕਾਨੂਨ ਅਨੁਸਾਰ ਪ੍ਰਾਪਤ ਹੋਣ । ਅਤੇ ਜੇਹੜੇ ਕਿ ਬੋਰਡ ਵਲੋਂ ਆਮ ਇਕਤਰਤਾ ਵਿਚ ਵਰਤੋਂ ਵਿਚ ਲਿਆਵਣ ਵਾਸਤੇ ਮਖਸੂਸ ਨਾ ਹੋਣ ।

ਬੋਰਡ ਦੀ ਅੰਤਰੰਗ ਕਮੇਟੀ ਦੇ ਅਖਤਿਆਰ

ਦਫਾ ੬੫—ਜੇਕਰ ਅੰਤਰੰਗ ਕਮੇਟੀ ਵਿਚ ਕੋਈ ਜਗਾ ਖਾਲੀ ਹੋ ਜਾਵੇ ਤਾਂ ਬਾਕੀ ਅੰਤਰੰਗ ਕਮੇਟੀ ਦੇ ਮੈਂਬਰਾਂ ਨੂੰ ਅਖਤਿਆਰ ਹੈ ਕਿ ਉਹ ਜੇਕਰ ਓਹਦੇਦਾਰ ਦੀ ਜਗਾ ਖਾਲੀ ਹੋਵੇ ਤਾਂ ਅਪਨੇ ਵਿਚੋਂ ਇਕ ਨੂੰ ਥਾਪ ਦੇਣ ਅਤੇ ਜੇਕਰ ਕਿਸੇ ਮੈਂਬਰ ਦੀ ਜਗਾ ਖਾਲੀ ਹੋਵੇ ਜੇਹੜਾ ਕਿ ਉਹਦੇਦਾਰ ਤੇ ਨਹੀ, ਤਾਂ ਬੋਰਡ ਦੇ ਕਿਸੇ ਮੈਂਬਰ ਨੂੰ ਤੇ ਬੋਰਡ ਦੀ ਬਾਦ ਵਿਚ ਹੋਣ ਵਾਲੀ ਆਮ ਇਕਤਰਤਾ ਤੀਕ ਆਰਜ਼ੀ ਤੌਰ ਤੇ ਮੈਂਬਰ ਨੀਯਤ ਕਰ ਸਕਦੇ ਹਨ ਅਤੇ ਬੋਰਡ ਆਪਣੀ ਐਸੀ ਇਕਤਰਤਾ ਵਿਖੇ ਇਕ ਬੋਰਡ ਦਾ ਮੈਂਬਰ ਉਸ ਜਗਾ ਨੂੰ ਪੂਰ ਕਰਨ ਵਾਸਤੇ ਚੁਣੇਗਾ।

ਅੰਤਰੰਗ ਕਮੇਟੀ ਵਿਚ ਖਾਲੀ ਜਗਾ ਦੇ ਪੂਰ ਕਰਨ ਦਾ ਤਰੀਕਾ

ਦਫਾ ੬੬–(ਸਥਾਨਕ) ਪਰਬੰਧਕ ਕਮੇਟੀ ਦਾ ਕੋਈ ਮੈਂਬਰ ਬੋਰਡ ਦੀ ਅੰਤ੍ਰੰਗ ਕਮੇਟੀ ਦਾ ਮੈਂਬਰ ਚੁਣੇ ਜਾਨ ਦਾ ਹਕਦਾਰ ਨਹੀ ਹੋਵੇਗਾ ਅਤੇ ਜੇਕਰ ਕਿਸੇ ਵੇਲੇ ਅੰਤਰੰਗ ਕਮੇਟੀ ਦਾ ਮੈਂਬਰ ਪਰਬੰਧਕ ਕਮੇਟੀ ਦਾ ਮੈਂਬਰ ਚੁਣਿਆਂ ਵੀ ਜਾਵ ਤਾਂ ਉਹ ਉਸੇ ਵੇਲੇ ਅੰਤਰੰਗ ਕਮੇਟੀ ਦਾ ਮੈਂਬਰ ਨਹੀਂ ਰਹੇਗਾ।

ਪਰਬੰਧਕ ਕਮੇਟੀ (ਸਥਾਨਕ) ਦਾ ਮੈਂਬਰ ਬੋਰਡ ਦੀ ਅੰਤਰੰਗ ਕਮੇਟੀ ਦਾ ਮੈਂਬਰ ਨਹੀ ਹੋ ਸਕਦਾ

ਦਫਾ ੬੭–ਅੰਤਰੰਗ ਕਮੇਟੀ ਦਾ ਕੋਈ ਮੈਂਬਰ ਅਪਨੇ ਓਹਦੇ ਤੋਂ ਲਿਖਤ ਦਵਾਰਾ ਪਰਧਾਨ ਨੂੰ ਨੋਟਸ ਦੇ ਕੇ ਅਸਤੀਫਾ ਦੇ ਸਕਦਾ ਹੈ ਅਤੇ ਕੋਈ ਅਹੁਦੇਦਾਰ ਅੰਤ੍ਰੰਗ ਕਮੇਟੀ ਨੂੰ ਨੋਟਸ ਦੇਕੇ ਅਸਤੀਫਾ ਦੇ ਸਕਦਾ ਹੈ ਅਤੇ ਐਸਾ ਅਸਤੀਫਾ ਉਸ ਤਰੀਕ ਤੋਂ ਮੰਨਿਆ ਆਵੇਗਾ ਜਿਸ ਤ੍ਰੀਕ ਤੋਂ ਉਹਦੀ ਪਰਵਾਨਗੀ ਪਰਧਾਨ ਯਾ ਅੰਤਰੰਗ ਕਮੇਟੀ ਦੇਵੇਗੀ ਜੈਸੀ ਸੂਰਤ ਹੋਵੇ।

ਅੰਤਰੰਗ ਕਮੇਟੀ ਦੇ ਮੈਂਬਰਾਂ ਦਾ ਅਸਤੀਫਾ

ਦਫਾ ੬੮–ਕੋਈ ਅੰਤਰੰਗ ਕਮੇਟੀ ਦਾ ਮੈਂਬਰ ਬੋਰਡ ਦੇ ਸਰਮਾਏ ਵਿਚੋਂ ਐਸੀ ਤਨਖਾਹ ਯਾ ਮੁਆਵਜ਼ਾ ਜੇਹੜਾ ਕੇ ਬੋਰਡ ਨੇ ਅਪਨੀ ਆਮ ਇਕਤਰਤਾ ਦਵਾਰਾ ਕਦੀ ੨ ਮੰਨਜ਼ੂਰ ਕੀਤਾ ਹੋਵੇ ਲੈ ਸਕੇਗਾ।

ਅੰਤਰੰਗ ਕਮੇਟੀ ਦੇ ਮੈਂਬਰਾਂ ਨੂੰ ਮੁਆਵਜ਼ਾ

ਦਫਾ ੬੯–ਬੋਰਡ ਦੀ ਅੰਤਰੰਗ ਕਮੇਟੀ ਐਸੇ ਨੌਕਰਾਂ ਨੂੰ ਜੇਹੜੇ ਕਿ ਓਹ ਅਪਨੀ ਜੁਮੇਵਾਰੀਆਂ ਨੂੰ ਪੂਰਾ ਕਰਨ ਵਾਸਤੇ ਜਰੂਰੀ ਸਮਝੇ ਰਖ ਸਕੇਗੀ ਅਤੇ ਕਦੀ ੨ ਐਸੇ ਨੌਕਰਾਂ ਦੀ ਗਿਣ-ਤੀ, ਓਹਦੇ, ਤਨਖਾਹਾਂ ਦੇ ਦਰਜੇ ਆਦਿਕ ਯਾ ਮੁਆਵਜੇ ਮੁਕਰਰ ਕਰ ਸਕੇਗੀ। ਅਤੇ ਕਿਸੇ ਵੇਲੇ ਐਸੇ ਨੌਕਰਾਂ ਨੂੰ ਜੁਰਮਾਨਾ, ਤਨੱਜ਼ਲ ਯਾ ਮੌਕੂਫ ਕਰ ਸਕੇਗੀ।

ਬੋਰਡ ਦੇ ਨੌਕਰ ਨੂੰ ਰਖਨਾ ਅਤੇ ਸਜ਼ਾ ਦੇਣੀ

ਸਤਵਾਂ ਭਾਗ

ਜੁਡੀਸ਼ਲ ਕਮਿਸ਼ਨ

ਦਫਾ ੭੦–(੧) ਜੁਡੀਸ਼ਲ ਕਮਿਸ਼ਨ ਦੇ ਤਿੰਨ ਮੈਂਬਰ ਹੋਣਗੇ। ਜੇਹੜੇ ਕਿ ਸਿਖ ਹੀ ਹੋਣਗੇ ਅਤੇ ਜਿਨ੍ਹਾਂ ਨੂੰ ਲੋਕਲ ਗਵਰਨਮੈਂਟ ਲੋੜ ਅਨੁਸਾਰ ਮੁਕਰਰ ਕਰੇਗੀ।

ਜੁਡੀਸ਼ਲ ਕਮਿਸ਼ਨ

(੨) ਕੋਈ ਐਸਾ ਪੁਰਸ਼ ਕਮਿਸ਼ਨ ਦਾ ਮੈਂਬਰ ਨਹੀ ਬਨਾਇਆ ਜਾਵੇਗਾ। ਜੇਕਰ ਉਹ:–

(ਪਹਿਲੇ) ਦਰਜਾ ਅਵਲ ਦਾ ਡਿਸਟਿਕਟ ਜਜ ਯਾ ਸਬ ਜਜ ਨਾ ਹੋਵੇ, ਯ
ਸਰਕਾਰੀ ਨੌਕਰੀ ਛਡਨ ਯਾ ਅਸਤੀਫਾ ਦੇਨ ਵੇਲੇ ਅੱਵਲ ਦਰਜੇ ਦ
ਡਿਸਟ੍ਰਿਕਟਜਜ ਯਾ ਸਬ ਜਜ ਨਹੀਂ ਸੀ ਯਾ ਘਟ ਤੋਂ ਘਟ ਦ
ਸਾਲ ਦੀ ਨੌਕਰੀ ਨਾ ਹੋਵੇ ਯਾ ਨਹੀ ਸੀ।

(ਦੂਜੇ) ਘਟ ਤੋਂ ਘਟ ਦਸ ਸਾਲ ਦੇ ਤਜਰਬੇ ਦਾ ਬੈਰਿਸਟਰ ਨਾ ਹੋਵੇ।

(ਤੀਜੇ) ਕੋਈ ਐਸਾ ਪੁਰਸ਼ ਨਾ ਹੋਵੇ ਜੇਹੜਾ ਕਿਸੇ ਹਾਈ ਕੋਰਟ ਵਿਚ ਘ
ਤੋਂ ਘਟ ਸਾਰੇ ਦਸਾਂ ਸਾਲਾਂ ਦੇ ਤਜਰਬੇ ਦਾ ਪਲੀਡਰ ਨਾਂ ਹੋਵੇ।

(੩) ਕਮਿਸ਼ਨ ਦੇ ਮੈਂਬਰਾਂ ਵਿਚੋਂ ਦੋ ਨੂੰ ਲੋਕਲ ਗਵਰਨਮੈਂਟ ਚੁਣੇਗੀ ਜੇਹੜੇ ਕਿ ਓਸ ਯੋਗ ਪੁਰਸ਼ਾਂ ਦੀ ਫਰਿਸਤ ਵਿਚੋਂ ਹੋਣਗੇ ਜੇਹੜੀ ਕਿ ਦਫਾ ੭੧ ਅਨੁਸਾਰ ਬਨਾਈ ਅਤੇ ਰਖੀ ਜਾਵੇਗੀ।

ਦਫਾ੭੧—(੧) ਕਮਿਸ਼ਨ ਦੇ ਮੈਂਬਰਾਂ ਦੀ ਤਕਰਰੀ ਵਾਸਤੇ ਬੋਰਡ ਦੇ

ਕਮਿਸ਼ਨ ਦੇ ਮੈਂਬਰਾਂ ਦੀ ਤਕਰੱਰੀ

ਬਣਨ ਮਗਰੋਂ ਜਿਤੀ ਛੇਤੀ ਹੋ ਸਕੇ, ਸਤਾਂ ਪੁਰਸ਼ਾਂ ਦੀ ਇਕ ਫਰਿਸਤ ਭੇਜੇਗੀ ਜਿਨਾਂ ਨੂੰ ਕਿ ਬੋਰਡ ਨੇ ਨੀਯਤ ਕੀਤ ਹੋਵੇ। ਅਤੇ ਲੋਕਲ ਗਵਰਨਮੈਂਟ ਏਸ ਗਲ ਦੀ ਖੋਜ ਭਾਲ ਮਗਰੋਂ ਕਿ ਉ ਪੁਰਸ਼ ਦਫਾ ੭੦ ਅਨੁਸਾਰ ਯੋਗ ਹਨ ਫਰਿਸਤ ਨੂੰ ਮਿਸਲ ਵਿਚ ਸ਼ਾਮਲ ਕਰੇਗੀ ਪਰ ਸ਼ਰਤ ਇਹ ਹੈ ਕਿ ਜੇਕਰ ਬੋਰਡ ਐਸੀ ਫਰਿਸਤ ਆਪਣੇ ਬਣਨ ਤੋਂ ੯੦ ਦਿਨਾਂ ਦੇ ਅੰਦਰ ਨਾ ਭੇਜ ਸਕੇਗੀ ਤਾਂ ਲੋਕਲ ਗਵਰਨਮੈਂਟ ਆਪ ਯੋਗ ਪੁਰਸ਼ ਦੀ ਫਰਿਸਤ ਤਿਆਰ ਕਰੇਗੀ।

(੨) ਕਿਸੇ ਪੁਰਸ਼ ਨੂੰ ਜਿਸ ਦਾ ਨਾਮ ਕਿ ਅੰਕ (੧) ਅਨੁਸਾਰ ਬਨਾਈ ਲਿਸਟ ਵਿਚ ਹੋਵੇ ਉਸ ਨੂੰ ਹਕ ਹਾਸਲ ਹੋਵੇਗਾ ਕਿ ਉਹ ਅਪਨਾ ਨਾਮ ਮਨਜ਼ੂਰ ਅਤੇ ਮਿਸਲ ਸ਼ਾਮਲ ਹੋਣ ਮਗਰੋਂ ਦੋ ਸਾਲ ਵਾਸਤੇ ਰਖਵਾ ਸਕੇ। ਪਰ ਸ਼ਰਤ ਇਹ ਹੈ ਕਿ ਲੋਕਲ ਗਵਰਨਮੈਂਟ ਕਿਸੇ ਵੇਲੇ ਓਹਦਾ ਨਾਮ ਕਟ ਸਕਦੀ ਹੈ ਜੇਕਰ ਏਸਨੂੰ ਬੋਰਡ ਦੇ ਰਪੋਰਟ ਕਰਨ ਪੁਰ ਅਤੇ ਉਸ ਸੰਬੰਧੀ ਮੁਨਾਸਬ ਖੋਜ ਭਾਲ ਦੇ ਮਗਰੋਂ ਨਿਸਚਾ ਹੋ ਜਾਵੇ ਕਿ ਉਹ ਪੁਰਸ਼ ਕਮਿਸ਼ਨ ਉਤੇ ਮੈਂਬਰ ਕੰਮ ਕਰਨ ਦੇ ਯੋਗ ਨਹੀਂ ਹੈ।

(੩) ਜੇਕਰ ਕੋਈ ਪੁਰਸ਼ ਜਿਸਦਾ ਨਾਮ ਕਿ ਫਹਰਿਸਤ ਉਤੇ ਹੋਵੇ ਮਰ ਜਾਵੇ ਯਾ ਬੋਰਡ ਨੂੰ ਅਪਨਾ ਨਾਮ ਫਰਿਸਤ ਵਿਚੋਂ ਕਟਵਾਨ ਸਬੰਧੀ ਲਿਖੇ ਤਾਂ ਬੋਰਡ, ਲੋਕਲ ਗਵਰਨਮੈਂਟ ਨੂੰ ਲਿਖੇਗੀ ਅਤੇ ਉਸਦਾ ਨਾਮ ਫਰਿਸਤ ਵਿਚੋਂ ਕਟਿਆ ਜਾਵੇਗਾ।

(੪) ਬੋਰਡ ਦੇ ਏਸ ਬਾਰੇ ਦਰਖਾਸਤ ਕਰਨ ਪੁਰ ਲੋਕਲ ਗਵਰਨਮੈਂਟ ਕਿਸੇ ਪੁਰਸ਼ ਦਾ ਨਾਮ ਫਰਿਸਤ ਵਿਚੋਂ ਕਟ ਦੇਵੇਗੀ, ਜਿਹਦਾ ਨਾਮ ਕਿ ਫਰਿਸਤ ਉਤੇ ਤਿੰਨਾ ਸਾਲਾਂ ਤੋਂ ਜ਼ਿਆਦਾ ਅਰਸੇ ਦਾ ਹੋਵੇ ਪਰ ਸ਼ਰਤ ਏਹ ਹੈ ਕਿ ਕਿਸੇ ਪੁਰਸ਼ ਦਾ ਨਾਮ ਨਹੀਂ ਕਟਿਆ ਜਾਵੇਗਾ ਜਦੋਂ ਕਿ ਉਹ ਪੁਰਸ਼ ਕਮਿਸ਼ਨ ਦਾ ਮੈਂਬਰ ਹੋਵੇ।

(੫) ਜਦੋਂ ਕੋਈ ਨਾਮ ਫਰਿਸਤ ਵਿਚੋਂ ਕਟਿਆ ਜਾਵੇ, ਤਦ ਬੋਰਡ ਉਸਦੀ ਥਾਂ ਕਿਸੇ ਯੋਗ ਪੁਰਸ਼ ਦਾ ਨਾਮ ਉਸ ਜਗਾ ਨੂੰ ਪੁਰ ਕਰਨ ਵਾਸਤੇ ਦੇਵੇਗੀ ਅਤੇ ਲੋਕਲ ਗਵਰਨਮੈਂਟ ਨਿਸਚਾ ਕਰਨ ਮਗਰੋਂ ਕਿ ਉਹ ਏਸਦੇ ਯੋਗ ਹੈ ਉਸਦਾ ਨਾਮ ਫਰਿਸਤ ਉਤੇ ਦਰਜ ਕਰ ਦੇਵੇਗੀ।

(੬) ਜੇਕਰ ਬੋਰਡ ਏਸਦੇ ਅਸਮਰਥ ਨਾ ਹੋਵੇਗਾ ਕਿ ਉਹ ਕਿਸੇ ਪੁਰਸ਼ ਦਾ ਨਾਮ ਖਾਲੀ ਜਗਾ ਵਾਸਤੇ ਅੰਕ (੫) ਅਨੁਸਾਰ ਦੇਵੇ ਤਾਂ ਲੋਕਲ ਗਵਰਨਮੈਂਟ ਨੂੰ ਅਧਕਾਰ ਹੋਵੇਗਾ ਕਿ ਉਹ ਬੋਰਡ ਨੂੰ ਏਸ ਸੰਬੰਧੀ ਇਕ ਮਹੀਨੇ ਦਾ ਨੋਟਸ ਦੇਕੇ ਖਾਲੀ ਜਗਾ ਨੂੰ ਪੁਰ ਕਰ ਲਵੇ।

ਬੋਰਡ ਯਾ ਕਮੇਟੀ ਦੇ ਮੈਂਬਰ ਨੂੰ ਅਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਵੇਗਾ ਜੇਕਰ ਓਹ ਕਮਿਸ਼ਨ ਦਾ ਮੈਂਬਰ ਬਨਾਇਆ ਜਾਵੇ।

ਦਫ਼ਾ ੭੨—ਕੋਈ ਪੁਰਸ਼ ਜੇਹੜਾ ਕਿ ਬੋਰਡ ਯਾ ਕਮੇਟੀ ਯਾ ਦੋਹਾਂ ਦਾ ਮੈਂਬਰ ਹੋਵੇ ਜੇਕਰ ਉਹ ਕਮਿਸ਼ਨ ਦਾ ਮੈਂਬਰ ਬਨਾਇਆ ਜਾਵੇ ਅਤੇ ਓਹ ਏਸਦੀ ਪ੍ਰਵਾਨਗੀ ਦੇ ਦੇਵੇ ਤਾਂ ਓਹ ਓਸੇ ਵੇਲੇ ਤੋਂ ਬੋਰਡ ਯਾ ਕਮਿਸ਼ਨ ਯਾ ਦੋਹਾਂ ਦਾ ਮੈਂਬਰ ਨਹੀਂ ਰਹੇਗਾ, ਜੈਸੀ ਵੀ ਸੂਰਤ ਹੋਵੇ।

ਕਮਿਸ਼ਨ ਦੇ ਮੈਂਬਰਾਂ ਨੂੰ ਮੁਆਵਜ਼ਾ

ਦਫ਼ਾ ੭੩—ਕਮਿਸ਼ਨ ਦੇ ਮੈਂਬਰ ਜਿੰਨਾਂ ਚਿਰ ਓਹ ਮੈਂਬਰ ਰਹਨ, ਓਸ ਮੁਆਵਜ਼ੇ ਦੇ ਲੈਨ ਦੀ ਹੈਸੀਯਤ ਵਿਚ ਹਕਦਾਰ ਹੋਣਗੇ ਜੇਹੜਾ ਕਿ ਲੋਕਲ ਗਵਰਨਮੈਂਟ ਵੇਲੇ ਕਵੇਲੇ ਮੁਕਰਰ ਕਰੇਗੀ ਅਤੇ ਓਹ ਦਫ਼ਾ ੨੨ ਤਾਜ਼ੀਰਾਤ ਹਿੰਦ ਅਨੁਸਾਰ ਸਰਕਾਰੀ ਨੌਕਰ ਸਮਝੇ ਜਾਣਗੇ।

ਕਮਿਸ਼ਨ ਦੇ ਅਖ਼ਤਿਆਰ ਅਤੇ ਨੌਕਰ

ਦਫ਼ਾ ੭੪—ਲੋਕਲ ਗਵਰਨਮੈਂਟ ਵੇਲੇ ਕਵੇਲੇ ਐਸੇ ਅਫ਼ਸਰ ਅਤੇ ਨੌਕਰ ਰਖੇਗੀ, ਜੇਹੜੇ ਕਿ ਕਮਿਸ਼ਨ ਦੀਆਂ ਜੁਮੇਵਾਰੀਆਂ ਨੂੰ ਨਭਾਹਨ ਵਾਸਤੇ ਜ਼ਰੂਰੀ ਸਮਝੇ ਜਾਨਗੇ ਅਤੇ ਐਸੇ ਅਫਸਰ ਅਤੇ ਨੌਕਰ ਜਿੰਨਾਂ ਚਿਰ ਕਿ ਓਹ ਨੌਕਰ ਰਹਨਗੇ ਦਫ਼ਾ ੨੧ ਤਾਜ਼ੀਰਾਤ ਹਿੰਦ ਅਨੁਸਾਰ ਸਰਕਾਰੀ ਨੌਕਰ ਸਮਝੇ ਜਾਨਗੇ।

ਦਫ਼ਾ ੭੫—(੧) ਓਹ ਸਾਰੇ ਖਰਚ ਜੇਹੜੇ ਕਿ ਕਮਿਸ਼ਨ ਦੇ ਬਨਾਨ ਸਮੇਤ ਉਸਦੇ ਮੈਂਬ੍ਰਾਂ, ਅਫਸ੍ਰਾਂ ਤੇ ਨੌਕਰਾਂ ਦੇ ਮੁਆਵਜ਼ੇ ਹੋਨ ਲੋਕਲ ਗਵਰਨਮੈਂਟ ਅਤੇ ਬੋਰਡ ਦੇਵਨਗੇ, ਲੋਕਲ ਗਵਰਨਮੈਂਟ ਸਾਰੇ ਖਰਚ ਦਾ ਤੀਸਰਾ ਹਿਸਾ, ਪਰ ਸ਼ਰਤ ਏਹ ਹੈ ਕਿ ਸ਼ੁਰੂ ਵਿਚ ਮੈਂਬਰਾਂ, ਅਫਸਰਾਂ ਅਤੇ ਨੌਕਰਾਂ ਦਾ ਸਮੁਹ ਮੁਆਵਜ਼ਾ ਲੋਕਲ ਗਵਰਮੈਂਟ ਦੇਵੇਗੀ ਅਤੇ ਬੋਰਡ ਦਾ ਹਿਸਾ ਮਾਲੀ ਸਾਲ ਦੇ ਪੂਰਾ ਹੋਨ ਪੁਰ ਬੋਰਡ ਪਾਸੋਂ ਵਸੂਲ ਕੀਤਾ ਜਾਵੇਗਾ।

ਖਰਚ ਗਵਰਨਮੈਂਟ ਅਤੇ ਸਰਕਾਰ ਦੋਨੋ ਮਿਲਕੇ ਦੇਨਗੇ

(੨) ਕੋਈ ਰਕਮ ਜੇਹੜੀ ਕਿ ਅੰਕ (੧) ਅਨੁਸਾਰ ਲੋਕਲ ਗਵਰਨਮੈਂਟ ਨੂੰ ਦੇਣੀ ਹੋਵੇਗੀ, ਜੇਕਰ ਓਹ ਮੰਗ ਕਰਨ ਤੋਂ ਤਿੰਨਾ ਮਹੀਨਿਆਂ ਦੇ ਅੰਦਰ ੨ ਨਾ ਦਿਤੀ ਜਾਵੇਗੀ ਤਾਂ ਓਹ ਰਕਮ ਓਸਤਰਾਂ ਵਸੂਲ ਕੀਤੀ ਜਾਵੇਗੀ ਜਿਸਤਰਾਂ ਕਿ ਬਕਾਇਆ ਮਾਮਲਾ ਜ਼ਮੀਨ ਵਸੂਲ ਕੀਤਾ ਜਾਂਦਾ ਹੈ।

ਦਫਾ ੭੬—(੧) ਕਮਿਸ਼ਨ ਨੂੰ ਕਿਸੇ ਮੁਆਮਲੇ ਸੰਬੰਧੀ ਫੈਸਲਾ ਕਰਨ ਦਾ ਜਿਸਦਾ ਕਿ ਓਹਨੂੰ ਏਸ ਕਨੂਨ ਅਨੁਸਾਰ ਕਰਨ ਦਾ ਅਧਕਾਰ ਹੈ ਓਹੀ ਅਖ਼ਤਿਆਰ ਹੋਣਗੇ ਜੇਹੜੇ ਕਿ ਕਿਸੇ ਅਦਾਲਤ ਨੂੰ ਜ਼ਾਬਤਾ ਦੀਵਾਨੀ ੧੯੦੮ ਦੇ ਮਾਤੈਹਤ ਹੁੰਦੇ ਹਨ ਅਤੇ ਉਸਨੂੰ ਮਾਲੀਯਤ ਦੇ ਬਾਰੇ ਸਾਰੇ ਪੰਜਾਬ ਵਿਚ ਕੁਲ (ਬਗੈਰ ਕਿਸੇ ਹਦ ਦੇ) ਅਖ਼ਤਿਆਰ ਹੋਣਗੇ ਪਰ ਉਸਨੂੰ ਕਿਸੇ ਕਾਰਵਾਈ ਉਤੇ ਕੋਈ ਅਖ਼ਤਿਆਰ ਨਹੀ ਹੋਵੇਗਾ ਸਵਾਏ ਓਸਦੇ ਜੋ ਕਿ ਏਸ ਕਾਨੂਨ ਅਨੁਸਾਰ ਏਸਨੂੰ ਖਾਸ ਤੌਰ ਤੇ ਦਿਤੇ ਗਏ ਹੋਣ।

ਕਮਿਸ਼ਨ ਦੇ ਅਖ਼ਤਿਆਰਾਂ ਦੀ ਹਦ ਅਤੇ ਉਸਦੇ ਕੰਮ ਕਰਨ ਦਾ ਤਰੀਕਾ

(੨) ਕਮਿਸ਼ਨ ਦੀ ਕਿਸੇ ਡਿਗਰੀ ਯਾ ਹੁਕਮ ਦੀ ਪਾਲਨਾ ਯਾ ਦੂਸਰੀ ਹਾਲਤ ਵਿਚ ਉਸ ਉਤੇ ਅਮਲਦਰਆਮਦ ਉਸ ਜ਼ਿਲੇ ਦੀ ਅਦਾਲਤ, ਜਿਸ ਵਿਚ ਕਿ ਉਹ ਗੁਰਦਵਾਰਾ ਹੋਵੇ ਜਿਸ ਸੰਬੰਧੀ ਕਿ ਡਿਗਰੀ ਯਾ ਹੁਕਮ ਪਾਸ ਹੋਇਆ ਹੋਵੇ ਯਾ ਉਸ ਜ਼ਿਲੇ ਦੀ ਅਦਾਲਤ ਜਿਸਦੀ ਬਾਬਤ ਕਿ ਕਮਿਸ਼ਨ ਹਦਾਇਤ ਕਰੇ ਕਿ ਏਸ ਮਤਲਬ ਵਾਸਤੇ ਓਹਦੇ ਪਾਸ ਡਿਗਰੀ ਯਾ ਹੁਕਮ ਭੇਜਿਆ ਜਾਵੇ। ਏਸ ਤਰਾਂ ਕਰੇਗੀ ਜਿਸਤਰਾਂ ਕਿ ਉਹ ਹੁਕਮ ਯਾ ਡਿਗਰੀ ਓਸ ਅਦਾਲਤ ਵਲੋਂ ਦਿਤਾ ਗਿਆ ਹੈ।

(੩) ਕਮਿਸ਼ਨ ਦੀ ਕਾਰਵਾਈ ਜਿਥੋਂ ਤੀਕ ਹੋ ਸਕੇ ਅਤੇ ਏਸ ਕਾਨੂਨ ਦੇ ਅਨੁਸਾਰ ਜ਼ਾਬਤਾ ਦੀਵਾਨੀ ੧੯੦੮ ਦੇ ਮੁਤਾਬਕ ਕੀਤੀ ਜਾਵੇਗੀ ਅਤੇ ਏਸਦੇ ਸਾਰੇ ਹੁਕਮਾਂ ਦੀ ਕੋਈ ਅਪੀਲ ਨਹੀਂ ਹੋਵੇਗੀ ਸਵਾਏ ਉਸ ਸੂਰਤ ਦੇ ਜਿਸ

ਵਿਚ ਏਹ ਕਾਨੂਨ ਏਸਦੇ ਵਿਰੁਧ ਆਗਿਆ ਕਰਦਾ ਹੈ।

ਦਫਾ ੭੭—ਕਮਿਸ਼ਨ ਦੀ ਅਦਾਲਤ ਅਤੇ ਦਫਤਰ ਐਸੀ ਥਾਂ ਯਾ ਥਾਂਵਾਂ ਉਤੇ ਹੋਵੇਗਾ ਜੇਹੜੀਆਂ ਕਿ ਲੋਕਲ ਗਵਰਨਮੈਂਟ ਵੇਲੇ ਕਵੇਲੇ ਨੀਯਤ ਕਰੇਗੀ।

ਕਮਿਸ਼ਨ ਦਾ ਦਫਤਰ ਅਤੇ ਕਚੈਹਰੀ

ਦਫਾ ੭੮—ਜੇਕਰ ਕਮਿਸ਼ਨ ਵਿਚ ਕੋਈ ਜਗਾ ਖਾਲੀ ਹੋਵੇ ਤਾਂ ਓਸ ਥਾਂ ਲੋਕਲ ਗਵਰਨਮੈਂਟ ਕੋਈ ਯੋਗ ਆਦਮੀ ਓਸੇ ਤਰੀਕੇ ਨਾਲ ਨੀਯਤ ਕਰੇਗੀ ਜਿਸ ਤਰੀਕੇ ਨਾਲ ਕਿ ਓਹ ਪੁਰਸ਼ ਰਖਿਆ ਗਿਆ ਸੀ ਜਿਸਦੀ ਥਾਂ ਪੁਰ ਕਰਨੀ ਹੈ।

ਕਮਿਸ਼ਨ ਵਿਚ ਖਾਲੀ ਜਗਾ

ਕਮਿਸ਼ਨ ਦੇ ਮੈਂਬਰ ਨੂੰ ਹਟਾਨਾ

ਦਫ਼ਾ ੭੯—ਲੋਕਲ ਗਵਰਨਮੈਂਟ ਕਮਿਸ਼ਨ ਦੇ ਕਿਸੇ ਮੈਂਬਰ ਨੂੰ ਹਟਾ ਸਕੇਗੀ:—

ਪਹਲੇ—ਜੇਕਰ ਓਹ ਮੈਂਬਰ ਦੀ ਹੈਸੀਯਤ ਵਿਚ ਕੰਮ ਕਰਨੋ ਇਨਕਾਰ ਕਰੇ ਯਾ ਲੋਕਲ ਗਵਰਨਮੈਂਟ ਦੀ ਰਾਏ ਵਿਚ ਮੈਂਬਰ ਦੀ ਹੈਸੀਯਤ ਦਾ ਕੰਮ ਨਹੀਂ ਕਰ ਸਕਦਾ ਯਾ ਕਰਨੇ ਦੇ ਯੋਗ ਨਹੀਂ। ਯਾ:—

ਦੂਜੇ—ਜੇਕਰ ਓਹ ਕਮਿਸ਼ਨ ਦੇ ਹੇਠ ਉਤਲੇ ਤਿੰਨ ਤੋਂ ਜ਼ਿਆਦਾ ਇਕਤਰਤਾਂ ਵਿਚ ਹਾਜ਼ਰ ਨ ਹੋਇਆ ਹੋਵੇ, ਯਾ

ਤੀਜੇ—ਜੇਕਰ ਉਸਨੂੰ ਅਸੀ ਖੋਜ ਜੇਹੜੀ ਕਿ ਜ਼ਰੂਰੀ ਸਮਝੀ ਜਾਵੇ ਕਰਨ ਦੇ ਮਗਰੋਂ ਏਸ ਗਲ ਦਾ ਨਿਸਚਾ ਹੋ ਜਾਵੇ ਕਿ ਓਸਨੇ ਅਪਨੀ ਮੈਂਬਰ ਦੀ ਹੈਸੀਯਤ ਦੀ ਖੁਲਮ ਖੁਲਾ ਗਲਤ ਵਰਤੋਂ ਕੀਤੀ ਹੈ, ਯਾ

ਚੌਥੇ—ਜੇਕਰ ਓਸਨੇ ਤਿੰਨ ਸਾਲ ਤੋਂ ਜ਼ਿਆਦਾ ਮੈਂਬਰੀ ਦੀ ਹੈਸੀਯਤ ਵਿਚ ਕੰਮ ਕੀਤਾ ਹੋਵੇ।

ਕਮਿਸ਼ਨ ਦੇ ਪਰਧਾਨ ਦੀ ਚੋਣ

ਦਫ਼ਾ ੮੦—(੧) ਕਮਿਸ਼ਨ ਦੇ ਮੈਂਬਰ ਆਪਨੇ ਵਿਚੋਂ ਇਕ ਮੈਂਬਰ ਨੂੰ ਕਮਿਸ਼ਨ ਦਾ ਪ੍ਰਧਾਨ ਚੁਣਨਗੇ।

(੨) ਜੇਕਰ ਕਮਿਸ਼ਨ ਦੇ ਮੈਂਬਰ ਕਮਿਸ਼ਨ ਦੇ ਬਣਨ ਤੋਂ ਦਸਾਂ ਦਿਨਾਂ ਦੇ ਅੰਦਰ ਬਹੁ ਸੰਮਤੀ ਨਾਲ ਪ੍ਰਧਾਨ ਨਹੀਂ ਚੁਣਨਗੇ ਤਾਂ ਲੋਕਲ ਗਵਰਨਮੈਂਟ ਪ੍ਰਧਾਨ ਨੀਯਤ ਕਰੇਗੀ।

(੩) ਕਮਿਸ਼ਨ ਉਨਾਂ ਚਿਰ ਕੋਈ ਕਾਰਰਵਾਈ ਨਹੀਂ ਕਰੇਗੀ ਜਿਨਾਂ ਚਿਰ ਕਿ ਘਟ ਤੋਂ ਘਟ ਦੋਂ ਮੈਂਬਰ ਹਾਜ਼ਰ ਨਾ ਹੋਣ ਅਤੇ ਮਿਲਕਰ ਇਕਤ੍ਰਤਾ ਨਾ ਕਰਨ। ਪਰ ਸ਼ਰਤ ਇਹ ਹੈ ਕਿ ਨੋਟਸ ਅਤੇ ਸਮਨ ਪਰਧਾਨ ਯਾ ਕੋਈ ਮੈਂਬਰ ਜਿਸਨੂੰ ਕਿ ਪ੍ਰਧਾਨ ਨੇ ਏਸ ਗਲ ਵਾਸਤੇ ਨੀਯਤ ਕੀਤਾ ਹੋਵੇ ਅਕੱਲਾ ਬੈਠ ਕੇ

ਜਾਰੀ ਕਰੇਗਾ।

(੪) ਜੇਕਰ ਪ੍ਰਧਾਨ ਹਾਜ਼ਰ ਨਾ ਹੋਵੇ ਤਾਂ ਦੋ ਹਾਜ਼ਰ ਮੈਂਬਰ ਏਸ ਗਲ ਦਾ ਫੈਸਲਾ ਕਰਨਗੇ ਕਿ ਓਹਨਾਂ ਵਿਚੋਂ ਕੌਨ ਪ੍ਰਧਾਨ ਬਣੇ ਅਤੇ ਓਹ ਮੈਂਬਰ ਜਿਸਦਾ ਫੈਸਲਾ ਹੋਇਆ ਹੋਵੇ ਓਹ ਪ੍ਰਧਾਨ ਦੇ ਤੌਰ ਤੇ ਕੰਮ ਕਰੇਗਾ।

ਦਫ਼ਾ ੮੧—ਜੇਕਰ ਕਮਿਸ਼ਨ ਦੇ ਮੈਂਬਰਾਂ ਦੀ ਕਿਸੇ ਮੁਆਮਲੇ ਸੰਬੰਧੀ ਸੰਮਤੀ ਨਾ ਹੋਵੇ ਤਾਂ ਜਿਸ ਪਾਸੇ ਜ਼ਿਆਦਾ ਰਾਵਾਂ ਹੋਣਗੀਆਂ ਓਹੋ ਫੈਸਲਾ ਹੋ ਜਾਵੇਗਾ ਪਰ ਸ਼ਰਤ ਏਹ ਹੈ ਜੇਕਰ ਦੋ ਮੈਂਬਰ ਹਾਜ਼ਰ ਹੋਵਨ ਜਿਨਾਂ ਵਿਚੋਂ ਇਕ ਪ੍ਰਧਾਨ ਹੋਵੇ ਅਤੇ ਓਹਨਾਂ ਦੀ ਆਪਸ ਵਿਚ ਸੰਮਤੀ ਨਾ ਹੋਵੇ ਤਾਂ ਪ੍ਰਧਾਨ ਦੀ ਰਾਏ ਮੰਨੀ ਜਾਵੇਗੀ ਅਤੇ ਜੇਕਰ ਪ੍ਰਧਾਨ ਹਾਜ਼ਰ ਨਾ ਹੋਵੇ ਅਤੇ ਦੂਸਰੇ ਮੈਂਬਰਾਂ ਵਿਚ ਸੰਮਤੀ ਨਾ ਹੋਵੇ ਤਾਂ ਉਸ ਮੁਆਮਲੇ ਉਤੇ ਕਮਿਸ਼ਨ ਦੀ ਦੂਸਰੀ ਇਕਤਰਤਾ ਦੇ ਹੋਨ ਤੀਕ ਜਿਸ ਵਿਚ ਪਰਧਾਨ ਹਾਜ਼ਰ ਹੋਵੇ ਅਤੇ ਬਹੁ ਸੰਮਤੀ ਦਾ ਫੈਸਲਾ ਯਾ ਜਿਸ ਪਾਸੇ ਪ੍ਰਧਾਨ ਦੀ ਰਾਏ ਹੋਵੇ ਜਦੋਂ ਕਦੇ ਮੈਂਬਰ ਹਾਜ਼ਰ ਹੋਣ, ਕਮਿਸ਼ਨ ਦਾ ਫੈਸਲਾ ਸਮਝਿਆ ਜਾਵੇਗਾ।

> ਕਮਿਸ਼ਨ ਦੇ ਮੈਂਬਰਾਂ ਦੀਆਂ ਵਖੋ ਵਖ ਰਾਵਾਂ ਦਾ ਫੈਸਲਾ

ਦਫਾ ੮੨—ਕਮੀਸ਼ਨ ਦੀ ਕਾਰਵਾਈ ਅਤੇ ਉਸ ਸੰਬੰਧੀ ਹੋਏ ਖਰਚ ਅਖਰਾਜਾਤ ਦਾ ਦਿਵਾਣਾ ਕਮੀਸ਼ਨ ਦੀ ਮਰਜੀ ਉਤੇ ਨਿਰਭਰ ਹੋਵੇਗਾ ਅਤੇ ਕਮਿਸ਼ਨ ਨੂੰ ਅਖਤਿਆਰ ਹੋਵੇਗਾ ਕਿ ਕਿਸੇ ਕਾਰਵਾਈ ਦਾ ਫੈਸਲਾ ਕਰਨ ਵੇਲੇ ਏਹ ਹੁਕਮ ਦੇਵੇ ਕਿ ਐਸੇ ਕੁਲ ਯਾ ਉਸਦਾ ਕੁਝ ਹਿਸਾ ਕਿਸੇ ਧੜੇ ਵਲੋਂ ਦਿਤਾ ਜਾਵੇਗਾ ਯਾ ਉਸ ਫਰਦ ਵਿਚ ਦਰਜ ਹੋਏ ਗੁਰਦਵਾਰੇ ਦੀ ਜਾਇ-ਦਾਦ ਯਾ ਆਮਦਨੀ ਵਿਚੋਂ ਦਿਤਾ ਜਾਵੇ ਜਿਸ ਨਾਲ ਕਿ ਓਸ ਕਾਰਵਾਈ ਦਾ ਸੰਬੰਧ ਹੋਵੇ।

> ਕਾਰਵਾਈ ਦਾ ਖਰਚਾ ਸਿਖ ਗੁਰਦਵਾਰੇ ਦੀ ਆਮ-ਦਨੀ ਵਿਚੋਂ ਦਿਤਾ ਜਾ ਸਕਦਾ ਹੈ

ਦਫਾ ੮੩—ਲੋਕਲ ਗਵਰਨਮੈਂਟ ਕਿਸੇ ਵੇਲੇ ਕਮਿਸ਼ਨ ਨੂੰ ਤੋੜ ਸਕਦੀ ਹੈ ਜੇਕਰ ਉਸ ਵੇਲੇ ਉਸਦੇ ਸਾਹਮਣੇ ਕੋਈ ਕਾਰਵਾਈ ਕਰਨ ਵਾਲੀ ਨਾ ਹੋਵੇ।

> ਕਮਿਸ਼ਨ ਦਾ ਤੋੜਨਾ

ਦਫਾ ੮੪—ਜੇਕਰ ਏਸ ਕਨੂਨ ਹੇਠਾਂ ਬੋਰਡ ਯਾ ਕਿਸੇ ਕਮੇਟੀ ਦੀ ਬਨਾ-ਵਟ ਸੰਬੰਧੀ ਏਸ ਗਲ ਦਾ ਫੈਸਲਾ ਕਰਨ ਦੀ ਜ਼ਰੂਰਤ ਭਾਸਦੀ ਹੋਵੇ ਕਿ ਕੀ ਕੋਈ ਪੁਰਸ਼ ਪਤੱਤ ਹੋ ਗਿਆ ਹੈ ਯਾ ਨਹੀਂ। ਤਾਂ ਏਸਦਾ ਫੈਸਲਾ ਕਮਿਸ਼ਨ ਕਰੇਗੀ ਜੇਕਰ ਏਸ ਸੰਬੰਧੀ ਏਸ ਪਾਸ ਦਰਖਾਸਤ ਪੇਸ਼ ਕੀਤੀ ਜਾਵੇਗੀ।

> ਏਸ ਗਲ ਦਾ ਫੈਸਲਾ ਕਿ ਕੋਈ ਪੁਰਸ਼ ਪਤੱਤ ਹੈ ਯਾ ਨਹੀਂ

ਭਾਗ ਅਠਵਾਂ

ਗੁਰਦੁਵਾਰਿਆਂ ਦੀਆਂ ਕਮੇਟੀਆਂ

ਦਫਾ ੮੫ ਦਫਾ ੮੮ ਦੇ ਹੁਕਮਾ ਅਨੁਸਾਰ

ਕੁਝਕੁ ਗੁਰਦੁਵਾਰਿਆਂ ਦੀ ਪ੍ਰਬੰਧਕ ਕਮੇਟੀ ਆਂ ਦੀ ਬਨਾਵਟ

(੧) ਸ੍ਰੀ ਅਕਾਲ ਤਖਤ ਸਾਹਿਬ ਅਮ੍ਰਿਤਸਰ ਅਤੇ ਤਖਤ ਸ੍ਰੀ ਕੇਸਗੜ ਸਾਹਿਬ ਅਨੰਦਪੁਰ ਸਾਹਿਬ ਦੀ ਕਮੇਟੀ ਬੋਰਡ ਹੀ ਹੋਵੇਗਾ ਪਰ ਸ਼ਰਤ ਏਹ ਹੈ ਕਿ ਬੋਰਡ ਕੋਈ ਕੰਮ ਐਸੀ ਕਮੇਟੀ ਦਾ ਆਮ ਇਕਤਤ੍ਰਾ ਤੋ ਸਿਵਾ ਨਹੀਂ ਕਰੇਗਾ।

(੨) ਸਿਵਾਏ ਸ੍ਰੀ ਅਕਾਲ ਤਖਤ ਦੇ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ, ਬਾਬਾ ਅਟਲ ਸਾਹਿਬ ਅਤੇ ਅਮ੍ਰਿਤਸਰ ਦੀ ਕਮੇਟੀ ਦੀ ਹਦ ਦੇ ਅੰਦਰ ਸਾਰੇ ਫਰਦ ਵਿਚ ਦਰਜ ਹੋਏ ਸਿਖ ਗੁਰਦੁਵਾਰਿਆਂ ਦੀ ਇਕ ਕਮੇਟੀ ਹੋਵੇਗੀ ਅਤੇ ਜੀਹਦੇ

(ੳ) ਤਿਨ ਮੈਂਬਰ ਅਮ੍ਰਿਤਸਰ ਕਮੇਟੀ ਦੀ ਹਦਦੇ ਅੰਦਰ ਰਹਿਨ ਵਾਲੇ ਵੋਟਰ ਚੁਨਨਗੇ ਜਿਨਾ ਦੇ ਨਾਮ ਦਫਾ ੯੨ ਅਨੁਸਾਰ ਫਰਿਸਤ ਵਿਚ ਦਰਜ ਹੋਨ।

(ਅ) ਚਾਰ ਮੈਂਬਰ ਅਮ੍ਰਿਤਸਰ ਜ਼ਿਲੇ ਦੇ ਵੋਟਰ ਚੁਨਨਗੇ ਜਿਨਾ ਦੇ ਨਾਮ ਦਫਾ ੯੨ ਅਨੁਸਾਰ ਫਹਿਰਿਸਤ ਵਿਚ ਦਰਜ ਹੋਨ ਪਰ ਸਿਵਾਏ ਉਹਨਾਂ ਦੇ ਜੇਹੜੇ ਏਸੇਤਰਾਂ ਅਮ੍ਰਿਤਸਰ ਦੀ ਕਮੇਟੀ ਦੀ ਹੱਦ ਦੇ ਅੰਦਰ ਦਰਜ ਹੋਣ।

(ੲ) ਪੰਜ ਮੈਂਬਰ ਬੋਰਡ ਅਪਨੀ ਆਮ ਇਕਤ੍ਰਤਾ ਦੁਵਾਰਾ ਚੁਣੇਗਾ ਜਿਨਾ ਵਿਚੋਂ ਇਕ ਉਹ ਪੁਰਸ਼ ਜਰੂਰ ਹੋਵੇਗਾ ਜਿਸਨੂੰ ਦਫਾ ੪੩ ਦੇ ਅੰਕ (੨) ਅਨੁਸਾਰ ਨੀਯਤ ਕੀਤਾ ਗਿਆ ਹੋਵੇ।

(੩) ਸ੍ਰੀ ਦਰਬਾਰ ਸਾਹਿਬ ਤਰਨਤਾਰਨ ਅਤੇ ਹੋਰ ਤਰਨਤਾਰਨ ਦੀ ਕਮੇਟੀ ਦੀ ਹੱਦ ਅੰਦਰ ਉਹਨਾਂ ਸਾਰੇ ਫਰਦ ਵਿਚ ਦਰਜ ਹੋਏ ਸਿੱਖ ਗੁਰ-ਦੁਵਾਰਿਆਂ ਦੀ ਇਕ ਕਮੇਟੀ ਹੋਵੇਗੀਅਤੇ ਜਿਸਦਾਃ-

(ੳ) ਇਕ ਮੈਂਬਰ ਤਰਨਤਾਰਨ ਦੀ ਕਮੇਟੀ ਦੀ ਹੱਦ ਵਿੱਚ ਰਹਿਣ ਵਾਲੇ ਵੋਟਰ ਚੁਨਣਗੇ ਜੇਹੜੇ ਕਿ ਦਫਾ ੯੨ ਅਨੁਸਾਰ ਦਰਜ ਫਰਿਸਤ ਹੋਣ।

(ਅ) ਤਿੰਨ ਮੈਂਬਰ ਅਮ੍ਰਿਤਸਰ ਜਿਲੇ ਦੇ ਵੋਟਰ ਚੁਨਣਗੇ ਜਿਨਾਂ ਦੇ ਨਾਮ ਦਫਾ ੯੨ ਅਨੁਸਾਰ ਫਰਿਸਤ ਵਿਚ ਦਰਜ ਹੋਣ ਪਰ ਸਿਵਾਏ ਉਹਨਾਂ ਦੇ ਜੇਹੜੇ ਕਿ ਤਰਨ ਤਾਰਨ ਦੀ ਕਮੇਟੀ ਦੀ ਹੱਦ ਅੰਦਰ ਰਹਿੰਦੇ ਹੋਣ।

(ੲ) ਤਿੰਨ ਮੈਂਬਰ ਬੋਰਡ ਆਮ ਇਕਤ੍ਰਤਾ ਦੁਵਾਰਾ ਚੁਣੇਗੀ।

(੪) ਨਨਕਾਣੇ ਸਾਹਿਬ ਦੇ ਸਾਰੇ ਫਰਦ ਵਿਚ ਦਰਜ ਹੋਏ ਸਿੱਖ ਗੁਰਦੁਵਾਰਿਆਂ ਦੀ ਇਕ ਕਮੇਟੀ ਹੋਵੇਗੀ ਜਿਸਦਾ:—

(ੳ) ਇਕ ਮੈਂਬਰ ਨਨਕਾਣਾ ਦੀ ਕਮੇਟੀ ਦੀ ਹੱਦ ਅੰਦਰ ਰਹਿਣ ਵਾਲੇ ਵੋਟਰ ਚੁਨਣਗੇ ਜਿਨਾਂ ਦੇ ਨਾਮ ਦਫਾ ੯੨ ਅਨੁਸਾਰ ਫਰਿਸਤ ਵਿਚ ਦਰਜ ਹੋਣ।

(ਅ) ਦੋ ਮੈਂਬਰ ਸ਼ੇਖੂਪੁਰਾ ਜਿਲੇ ਦੇ ਵੋਟਰ ਚੁਨਣਗੇ ਜਿਨਾਂ ਦੇ ਨਾਮ ਦਫਾ ੯੨ ਅਨੁਸਾਰ ਫਰਿਸਤ ਵਿਚ ਦਰਜ ਹੋਣ ਪਰ ਸਿਵਾਏ ਉਹਨਾਂ ਦੇ ਜੇਹੜੇ ਨਨਕਾਣੇ ਸਾਹਿਬ ਦੀ ਕਮੇਟੀ ਦੀ ਹੱਦ ਅੰਦਰ ਰਹਿੰਦੇ ਹੋਣ।

(ੲ) ਦੋ ਮੈਂਬਰ ਗੁਜਰਾਂਵਾਲਾ ਜਿਲੇ ਦੇ ਵੋਟਰ ਚੁਨਣਗੇ ਜਿਨਾਂ ਦੇ ਨਾਮ ਦਫਾ ੯੨ ਅਨੁਸਾਰ ਦਰਜ਼ ਫਰਿਸਤ ਹੋਣ।

(ਸ) ਇਕ ਮੈਂਬਰ ਲਾਹੌਰ ਜਿਲੇ ਦੇ ਵੋਟਰ ਚੁਨਣਗੇ। ਜਿਨਾਂ ਦੇ ਨਾਮ ਕਿ ਦਫਾ ੯੨ ਅਨੁਸਾਰ ਫਰਿਸਤ ਵਿਚ ਦਰਜ ਹੋਣ।

(ਹ) ਦੋ ਮੈਂਬਰ ਲਾਇਲਪੁਰ ਜ਼ਿਲੇ ਦੇ ਵੋਟਰ ਚੁਨਨਗੇ ਜਿਨ੍ਹਾਂ ਦੇ ਨਾਮ ਦਫਾ ੯੨ ਅਨੁਸਾਰ ਫਰਿਸਤ ਵਿਚ ਦਰਜ ਹੋਨ।

(ਕ) ਪੰਜ ਮੈਂਬਰ ਬੋਰਡ ਆਮ ਇਕੱਤ੍ਰਤਾ ਦੁਵਾਰਾ ਚੁਣੇਗੀ।

(੫) ਸਿਵਾਏ ਸ੍ਰੀ ਤਖਤ ਕੇਸ਼ਗੜ੍ਹ ਦੇ ਅਨੰਦਪੁਰ ਦੇ ਸਾਰੇ ਫਰਦ ਵਿਚ ਦਰਜ ਹੋਏ ਸਿਖ ਗੁਰਦਵਾਰਿਆਂ ਅਤੇ ਓਨ੍ਹਾਂ ਨਾਲ ਸਬੰਧਤ ਗੁਰਦਵਾਰਿਆਂ ਦੀ ਇਕ ਕਮੇਟੀ ਹੋਵੇਗੀ ਜੀਹਦੇ:—

(ੳ) ਦੋ ਮੈਂਬਰ ਅਨੰਦਪੁਰ ਤਾਰਾਪੁਰ ਲੋਦੀਪੁਰ ਬਸਾਲੀ ਅਤੇ ਚਕ ਦੇ ਵੋਟਰ ਚੁਨਨਗੇ ਜਿਨ੍ਹਾਂ ਦੇ ਨਾਮ ਦਫਾ ੯੨ ਅਨੁਸਾਰ ਫਰਿ-ਸਤ ਵਿਚ ਦਰਜ ਹੋਨ।

(ਅ) ਦੋ ਮੈਂਬਰ ਹੁਸ਼ਿਆਰ ਪੁਰ ਜ਼ਿਲੇ ਦੇ ਵੋਟਰ ਚੁਨਨਗੇ ਜਿਨਾਂ ਦੇ ਨਾਮ ਦਫਾ ੯੨ ਅਨੁਸਾਰ ਫਰਿਸਤ ਵਿਚ ਦਰਜ ਹੋਨ ਸਵਾਏ ਓਹਨਾਂ ਦੇ ਜਿਨਾਂ ਦਾ ਜਿਕਰ (ਪਹਿਲੇ) ਅੰਕ ਵਿਚ ਆਇਆ ਹੈ।

(ੲ) ਇਕ ਮੈਂਬਰ ਅੰਬਾਲੇ ਜਿਲੇ ਦੇ ਵੋਟਰ ਚੁਨਨਗੇ ਜਿਨਾਂ ਦੇ ਨਾਮ ਦਫਾ. ੯੨ ਅਨੁਸਾਰ ਫਰਿਸਤ ਵਿਚ ਦਰਜ ਹੋਨ।

(ਸ) ਇਕ ਮੈਂਬਰ ਜਲੰਧਰ ਜਿਲੇ ਦੇ ਵੋਟਰ ਚੁਨਨਗੇ ਜਿਨਾਂ ਦੇ ਨਾਮ ਕਿ ਦਫਾ ੯੨ ਅਨੁਸਾਰ ਫਰਿਸਤ ਵਿਚ ਦਰਜ ਹੋਨ।

(ਹ) ਤਿੰਨ ਮੈਂਬਰ ਬੋਰਡ ਅਪਨੀ ਆਮ ਇਕਤ੍ਰਤਾ ਵਿਚ ਚੁਨੇਗੀ।

(ਕ) ਦੋ ਮੈਂਬਰ ਕਪੂਰਥਲਾ ਰਿਆਸਤ ਦੇ ਰਹਿਨ ਵਾਲੇ ਹੋਨਗੇ ਜਿਨਾਂ ਨੂੰ (ੳ) (ਅ) (ੲ) (ਸ) ਅਤੇ (ਹ) ਅੰਕ ਵਾਲੇ ਮੈਂਬਰ ਸ਼ਾਮਲ ਕਰ ਲੈਨਗੇ।

(੬) ਮੁਕਤਸਰ ਦੇ ਫਰਦ ਵਿਚ ਦਰਜ ਹੋਏ ਸਿਖ ਗੁਰਦੁਵਾਰਿਆਂ ਜਿਨਾਂ ਦੀ ਇਕ ਕਮੇਟੀ ਹੋਵੇਗੀ ਜੀਹਦਾ:—

(ੳ) ਇਕ ਮੈਂਬਰ ਮੁਕਤਸਰ ਦੀ ਕਮੇਟੀ ਦੀ ਹਦ ਵਿਚ ਰਹਿਨ ਵਾਲੇ ਵੋਟਰ ਚੁਨਨਗੇ ਜਿਨਾ ਦੇ ਨਾਮ ਕਿ ਦਫਾ ੯੨ ਅਨੁਸਾਰ ਫਰਿ-ਸਤ ਵਿਚ ਦਰਜ ਹੋਨ।

(ਅ) ਦੋ ਮੈਂਬਰ ਫੀਰੋਜਪੁਰ ਜਿਲੇ ਦੇ ਵੋਟਰ ਚੁਨਨਗੇ ਜਿਨਾ ਦੇ ਨਾਮ ਕਿ ਦਫਾ ੯੨ ਅਨੁਸਾਰ ਫਰਿਸਤ ਵਿਚ ਦਰਜ ਹੋਨ ਪਰ ਸਵਾਏ ਓਹਨਾਂ ਦੇ ਜਿਹੜੇ ਕਿ ਮੁਕਤਸਰ ਦੀ ਕਮੇਟੀ ਦੀ ਹਦ ਵਿਚ ਰਹਿਨ ਵਾਲੇ ਹੋਨ

(ੲ) ਇਕ ਮੈਂਬਰ ਲੁਧਿਹਾਨੇ ਜਿਲੇ ਦੇ ਵੋਟਰ ਚੁਨਨਗੇ ਜਿਨਾਂ ਦੇ ਨਾਮ ਕਿ ਦਫਾ ੯੨ ਅਨੁਸਾਰ ਫਰਿਸਤ ਵਿਚ ਦਰਜ ਹੋਨ।

(ਸ) ਤਿੰਨ ਮੈਂਬਰ ਬੋਰਡ ਅਪਨੀ ਆਮ ਇਕਤ੍ਰਤਾ ਦੁਵਾਰਾ ਚੁਨੇਗਾ।

(ਹ) ਦੋ ਮੈਂਬਰ ਰਿਆਸਤਾਂ, ਇਕ ਨਾਭਾ ਅਤੇ ਦੂਜਾ ਫਰੀਦਕੋਟ ਰਿਆ ਸਤ ਦੇ ਹੋਨਗੇ ਜਿਨਾਂ ਨੂੰ (ੳ) (ਅ) (ੲ) ਅਤੇ (ਸ) ਅੰਕ ਵਾਲੇ ਮੈਂਬਰ ਸ਼ਾਮਲ ਕਰ ਲੈਨਗੇ।

(੭) ਹਸਨ ਅਬਦਾਲ ਕਮੇਟੀ ਦੀ ਹਦ ਦੇ ਅੰਦਰ ਫਰਦ ਵਿਚ ਦਰਜ ਹੋਏ ਤੇ ਸਿਖ ਗੁਰਦੁਵਾਰਿਆਂ ਦੀ ਇਕ ਕਮੇਟੀ ਹੋਵੇਗੀ ਜੀਹਦੇ:—

(ੳ) ਦੋ ਮੈਂਬਰ ਰਾਵਲਪਿੰਡੀ ਜਿਲੇ ਦੇ ਵੋਟਰ ਚੁਨਨਗੇ ਜਿਨਾ ਦੇ ਨਾਮ ਦਫਾ ੯੨ ਅਨੁਸਾਰ ਫਰਿਸਤ ਵਿਚ ਦਰਜ ਹੋਨ।

(ਅ) ਇਕ ਮੈਂਬਰ ਅਟਕ ਜਿਲੇ ਦੇ ਵੋਟਰ ਚੁਨਨਗੇ ਜਿਨਾਂ ਦੇ ਨਾਮ ਦਫਾ ੯੨ ਅਨੁਸਾਰ ਫਰਿਸਤ ਵਿਚ ਦਰਜ ਹੋਨ।

(ੲ) ਇਕ ਮੈਂਬਰ ਜੇਹਲਮ ਜਿਲੇ ਦੇ ਵੋਟਰ ਚੁਨਨਗੇ ਜਿਨਾਂ ਦੇ ਨਾਮ

ਦਫਾ ੯੨ ਅਨੁਸਾਰ ਫਰਿਸਤ ਵਿਚ ਦਰਜ ਹੋਨ।

(ਸ) ਦੋ ਮੈਂਬਰ ਬੋਰਡ ਅਪਨੀ ਆਮ ਇਕਤ੍ਰਤਾ ਦੁਵਾਰਾ ਚੁਨੇਗੀ।

(ਹ) ਤਿੰਨ ਮੈਂਬਰ (ੳ) (ਅ) (ੲ) ਅਤੇ (ਸ) ਅੰਕ ਦੇ ਮੈਂਬਰ ਅਪਣੇ ਨਾਲ ਸ਼ਾਮਲ ਕਰਨਗੇ ਜਿਨਾਂ ਵਿਚੋਂ ਦੋ ਸਰਹੱਦੀ ਸੂਬੇ ਦੇ ਰਹਿਣ ਵਾਲੇ ਹੋਣਗੇ ਅਤੇ ਤੀਸਰਾ ਸਹਿਜਧਾਰੀ ਸਿੱਖ ਰਾਵਲ ਪਿੰਡੀ ਯਾ ਅਟਕ ਜਿਲੇ ਦਾ ਯਾ ਸਰਹੱਦੀ ਸੂਬੇ ਦਾ ਹੋਵੇਗਾ।

(੮) ਲਾਹੌਰ ਦੀ ਕਮੇਟੀ ਦੀ ਹੱਦ ਅੰਦਰ ਉਹਨਾਂ ਸਾਰੇ ਗੁਰਦੁਵਾਰਿਆਂ ਜਿਨਾਂ ਦਾ ਨਾਮ ਫਰਦ ਵਿਚ ਦਰਜ ਹੋਵੇ, ਦੀ ਇਕ ਕਮੇਟੀ ਹੋਵੇਗੀ ਜਿਸਦੇ:—

(ੳ) ਤਿੰਨ ਮੈਂਬਰ ਲਾਹੌਰ ਦੀ ਕਮੇਟੀ ਦੀ ਹੱਦ ਵਿਚ ਰਹਿਣ ਵਾਲੇ ਵੋਟਰ ਚੁਨਣਗੇ ਜਿਨਾਂ ਦੇ ਨਾਮ ਦਫਾ ੯੨ ਅਨੁਸਾਰ ਫਰਿਸਤ ਵਿਚ ਦਰਜ ਹੋਣ।

(ਅ) ਤਿੰਨ ਮੈਂਬਰ ਲਾਹੌਰ ਜਿਲੇ ਦੇ ਵੋਟਰ ਚੁਨਣਗੇ ਜਿਨਾਂ ਦੇ ਨਾਮ ਕਿ ਦਫਾ ੯੨ ਅਨੁਸਾਰ ਫਰਿਸਤ ਵਿਚ ਦਰਜ ਹੋਣ ਪਰ ਸਿਵਾਏ ਕਮੇਟੀ ਦੀ ਹੱਦ ਅੰਦਰ ਰਹਿਣ ਵਾਲੇ ਵੋਟਰਾਂ ਦੇ।

(ੲ) ਦੋ ਮੈਂਬਰ ਬੋਰਡ ਅਪਨੇ ਆਮ ਇਕਤ੍ਰਤਾ ਦੁਵਾਰਾ ਚੁਣੇਗੀ।

ਦਫਾ ੮੬

ਉਹਨਾ ਗੁਰਦੁਆਰਿਆਂ ਦੀਆਂ ਕਮੇਟੀਆਂ ਜਿਨਾਂ ਦੀ ਬਾਬਤ ਦਫਾ ੮੫ ਵਿਚ ਨਹੀਂ ਦੱਸਿਆ ਗਿਆ।

ਸਿਵਾਏ ਉਨਾਂ ਸਿੱਖ ਗੁਰਦੁਵਾਰਿਆਂਦੇ ਜਿਨਾਂ ਦੀ ਬਾਬਤ ਦਫਾ ੮੫ ਵਿਚ ਦਸਿਆ ਗਯਾ ਹੈ ਬਾਕੀ ਹਰ ਇਕ ਫਰਦ ਵਿਚ ਦਰਜ ਹੋਏ ਸਿੱਖ ਗੁਰਦੁਵਾਰੇ ਜਿਸ ਸੰਬੰਧੀ ਐਸਾ ਐਲਾਨ ਹੋ ਚੁਕਾ ਹੋਵੇ ਕਿ ਓਹ ਏਸ ਕਾਨੂਨ ਅਨੁਸਾਰ ਸਿੱਖ ਗੁਰਦੁਵਾਰਾ ਮੰਨਿਆ ਗਿਆ ਹੈ ਯਾ ਜਿਸਨੂੰ ਤੀਸਰੇ ਭਾਗ ਅਨੁਸਾਰ ੩੮ ਦਫਾ ਦੇ ਹੁਕਮ ਲਗੌਣ ਤੋਂ ਬਾਦਾ ਇਕ ਕਮੇਟੀ ਬਣਾਈ ਜਾਵੇਗੀ। ਪਰ ਸ਼ਰਤ ਏਹ ਹੈ ਕਿ ਲੋਕਲ ਗਵਰਨਮੈਂਟ ਇਸ਼ਤਿਹਾਰ ਦੁਵਾਰਾ ਏਹ ਹੁਕਮ ਦੇ ਸਕਦੀ ਹੈ ਕਿ ਕਿਸੇ ਦੋ ਯਾ ਜ਼ਿਆਦਾ ਐਸੇ ਗੁਰਦੁਆਰੇ ਜਿਨਾਂ ਦਾ ਨਾਮ ਇਸ਼ਤਿਹਾਰ ਵਿਚ ਦਿਤਾ ਜਾਵੇਗਾ ਦੀ ਇਕ ਕਮੇਟੀ ਹੋਵੇਗੀ ਅਤੇ ਓਹ ਏਸੇਤਰਾਂ ਇਸ਼ਤਿਹਾਰ ਨੂੰ ਮਨਸੂਖ ਯਾ ਉਸ ਵਿਚ ਵਾਧਾ ਘਾਟਾ ਕਰ ਸਕਦੀ ਹੈ ਪਰ ਹੋਰ ਸ਼ਰਤ ਏਹ ਹੈ ਕਿ ਲੋਕਲ ਗਵਰਨਮੈਂਟ ਏਸੇ ਇਸ਼ਤਿਹਾਰ ਨੂੰ ਪ੍ਰਕਾਸ਼ਤ, ਮਨਸੂਖ, ਯਾ ਉਸ ਵਿਚ ਵਾਧਾ ਘਾਟਾ ਪਹਿਲੀ ਬੋਰਡ ਦੇ ਬਨਣ ਮਗਰੋਂ ਨਹੀਂ ਕਰੇਗੀ ਸਿਵਾਏ ਏਸ ਦੇ ਕਿ

ਬੋਰਡ ਏਸ ਬਾਰੇ ਲੋਕਲ ਗਵਰਨਮੈਂਟ ਪਾਸ **ਸਫਾਰਸ਼** ਕਰੇ ॥

ਦਫਾ ੮੭

ਓਸ ਕਮੇਟੀ ਦੀ ਬਨਾਵਟ ਜਿਸਦੀ ਬਾਬਤ ਖਾਸ ਕੋਈ ਹੁਕਮ ਨਾ ਬਤਾਇਆ ਹੋਵੇ

ਸਿਵਾਏ ਓਸ ਕਮੇਟੀ ਤੋਂ ਜਿਸਦੀ ਬਾਬਤ ਕਿ ਦਫਾ ੮੫ ਵਿਚ ਦੱਸਿਆ ਗਿਆ ਹੈ, ਹਰਇਕ ਕਮੇਟੀ ਦੇ ਚਾਰ ਚੁਣੇ ਹੋਏ ਮੈਂਬਰ ਹੋਣਗੇ ਤੇ ਇਕ ਬੋਰਡ ਨੀਯਤ ਕਰੇਗੀ ਜੇਹੜਾ ਓਸ ਜਿਲੇ ਦਾ ਰਹਿਣ ਵਾਲਾ ਹੋਵੇਗਾ ਜਿਸ ਵਿਚ ਓਹ ਗੁਰਦੁਵਾਰਾ ਯਾ ਓਹਨਾਂ ਵਿਚੋਂ ਇਕ ਗੁਰਦੁਵਾਰਾ ਹੋਵੇ ਜਿਸ ਦਾ ਪ੍ਰਬੰਧ ਕਿ ਕਮੇਟੀ ਨੇ ਕਰਨਾ ਹੈ ॥

ਦਫਾ ੮੮

ਕਮੇਟੀਆਂ ਦੀ ਬਨਾਵਟ ਉਸਦਾ ਇਸ਼ਤਿਹਾਰ ਕਢਣਾ ਅਤੇ ਉਸਦਾ ਅਸਰ

(੧) ਬੋਰਡ ਦੇ ਬਨਣ ਮਗਰੋਂ ਉਹ ਕਮੇਟੀਆਂ ਜਿਨਾਂ ਦੀ ਬਾਬਤ ਦਫਾ ੮੫ ਅਤੇ ੮੯ ਵਿਚ ਦੱਸਿਆ ਗਿਆ ਹੈ। ਬਨਾਈਆਂ ਜਾਣਗੀਆਂ ਪਰ ਸ਼ਰਤ ਏਹ ਹੈ ਕਿ ਏਸ ਕਾਨੂਨ ਅਨੁਸਾਰ ਕਿਸੇ ਗੁਰਦੁਵਾਰੇ ਵਾਸਤੇ ਕੋਈ ਕਮੇਟੀ ਬਨਾਈ ਨਹੀਂ ਜਾਵੇਗੀ ਜਿੰਨਾਂ ਚਿਰ ਅਤੇ ਜਦੋਂ ਤੀਕ ਓਹ ਗੁਰਦੁਵਾਰਾ ਏਸ ਕਾਨੂਨ ਹੇਠਾਂ ਸਿੱਖ ਗੁਰਦੁਵਾਰਾ ਕਰਾਰ ਨਾਂ ਦਿੱਤਾ ਜਾਵੇ ਯਾ ਤੀਸਰੇ ਭਾਗ ਅਨੁਸਾਰ ੩੮ ਦਫਾ ਦੇ ਹੁਕਮ ਲਗਾਏ ਗਏ ਹੋਣ।

(੨ ਜਦੋਂ ਕਿਸੇ ਕਮੇਟੀ ਦੇ ਸਾਰੇ ਮੈਂਬਰ ੮੫ ਦਫਾ ਅਨੁਸਾਰ ਚੁਣੇ ਯਾ ਸ਼ਾਮਲ ਕੀਤੇ ਜਾਣ ਓਸ ਦਫਾ ਅਨੁਸਾਰ ਜੈਸੀ ਵੀ ਹਾਲਤ ਹੋਵੇ, ਤਦ ਲੋਕਲ ਗਵਰਨਮੈਂਟ ਏਸ ਗਲ ਦਾ ਇਸ਼ਤਿਹਾਰ ਕਢੇਗੀ ਕਿ ਓਹ ਕਮੇਟੀ ਯੋਗ ਤ੍ਰੀਕੇ ਨਾਲ ਬਣ ਗਈ ਹੈ ਅਤੇ ਇਸ਼ਤਿਹਾਰ ਦੀ ਤ੍ਰੀਕ ਓਸ ਕਮੇਟੀ ਦੇ ਬਨਣ ਦੀ ਤ੍ਰੀਕ ਸਮਝੀ ਜਾਵੇਗੀ।

(੩) ਦਫਾ ੮੭ ਅਨੁਸਾਰ ਜਦੋਂ ਕਿਸੇ ਕਮੇਟੀ ਦੇ ਸਾਰੇ ਮੈਂਬਰ ਚੁਣੇ ਜਾਨ ਯਾ ਨੀਯਤ ਕੀਤੇ ਜਾਨ ਜਿਸਤਰਾਂ ਵੀ ਓਸ ਦਫਾ ਵਿਚ ਦੱਸਿਆ ਗਿਆ ਹੈ ਤਦ ਓਸ ਹਲਕੇ ਦਾ ਕਮਿਸ਼ਨਰ ਜਿਸਦੇ ਹਲਕੇ ਵਿਚ ਕਿ ਓਹ ਗੁਰਦੁਵਾਰਾ ਯਾ ਗੁਰਦੁਵਾਰੇ ਹੋਣ ਏਸ ਗਲ ਦਾ ਇਸ਼ਤਿਹਾਰ ਕਢੇਗਾ ਕਿ ਕਮੇਟੀ ਯੋਗ ਤ੍ਰੀਕੇ ਅਨੁਸਾਰ ਬਨ ਗਈ ਹੈ ਅਤੇ ਐਸੇ ਇਸ਼ਤਿਹਾਰ ਦੇ ਛਾਪਣ ਦੀ ਤ੍ਰੀਕ ਓਸ ਕਮੇਟੀ ਦੇ ਬਨਣ ਦੀ ਤ੍ਰੀਕ ਸਮਝੀ ਜਾਵੇਗੀ ॥

ਦਫਾ ੮੯

ਮੈਂਬਰਾਂ ਦੀ ਚੋਣ | (੧) ਪਹਿਲੀ ਫਰਦ ਵਿਚ ਦਰਜ ਹੋਏ ਕਿਸੇ ਗੁਰਦੁਵਾਰੇ ਦੀ ਕਮੇਟੀ ਦੇ ਚੁਣੇ ਹੋਏ ਮੈਂਬਰ ਉਹਨਾਂ ਹਲਕਿਆਂ ਵਲੋਂ ਚੁਣੇ ਜਾਣਗੇ ਜੇਹੜੇ ਕਿ ਗੁਰਦੁਵਾਰੇ ਦੇ ਸਾਮਨੇ ਦੱਸੇ ਗਏ ਹਨ । ਪਰ ਸ਼ਰਤ ਏਹ ਹੈ ਕਿ ਲੋਕਲ ਗਵਰਨਮੈਂਟ ਵੇਲੇ ਕੁਵੇਲੇ ਅਤੇ ਬੋਰਡ ਦੇ ਮੈਂਬਰਾਂ ਦੀ ਐਸੀ ਸਲਾਹ ਨਾਲ ਜੇਹੜੀ ਕਿ ਯੋਗ ਸਮਝੀ ਜਾਵੇ ਕਿਸੇ ਹਲਕੇ ਦੀ ਹੱਦਾਂ ਵਿਚ ਵਾਧਾ ਘਾਟਾ ਕਰ ਸਕਦੀ ਹੈ ॥

(੨) ਕੋਈ ਐਸਾ ਗੁਰਦੁਵਾਰਾ ਜੇਹੜਾ ਕਿ ਪਹਿਲੀ ਫਰਦ ਅਤੇ ਦਫਾ ੮੫ਵਿਚ ਨਹੀਂ ਦਿਤਾ ਗਿਆ ਓਸਦੀ ਕਮੇਟੀ ਦੇ ਚੁਣੇਹੋਏ ਮੈਂਬਰ ਓਸ ਹਲਕੇ ਵਲੋਂ ਚੁਣੇ ਜਾਣਗੇ ਜੇਹੜਾ ਕਿ ਬੋਰਡ ਨੇ ਆਮ ਇਕਤ੍ਰਤਾ ਦੁਵਾਰਾ ਬਨਾਇਆ ਹੋਵੇ ਅਤੇ ਲੋਕਲ ਗਵਰਨਮੈਂਟ ਪਾਸੋਂ ਓਸ ਦੀ ਮਨਜ਼ੂਰੀ ਲਈ ਹੋਵੇ। ਪਰ ਸ਼ਰਤ ਏਹ ਹੈ ਕਿ ਬੋਰਡ ਦੇ ਬਨਣ ਤੋਂ ਪਹਿਲਾਂ ਐਸੀ ਕਮੇਟੀ ਦੀ ਚੋਣ ਦਾ ਹਲਕਾ ਜੇਕਰ ਲੋੜ ਭਾਸੇ ਤਾਂ ਏਸ ਕਨੂੰਨ ਅਨੁਸਾਰ ਲੋਕਲ ਗਵਰਨਮੈਂਟ ਨੀਯਤ ਕਰੇਗੀ।

(੩) ਬੋਰਡ ਆਮ ਇਕਤ੍ਰਤਾ ਦੁਵਾਰਾ ਅਤੇ ਲੋਕਲ ਗਵਰਨਮੈਂਟ ਦੀ ਮਨਜੂਰੀ ਨਾਲ ਜੇਹੜੀ ਕਿ ਵੇਲੇ ਕੁਵੇਲੇ ਲਈ ਜਾਵੇਗੀ ਕਿਸੇ ਵਿਚ ਵਾਧਾ ਘਾਟਾ ਕਰ ਸਕੇਗਾ। ਜੇਹੜਾ ਕਿ ਅੰਕ ੨ ਅਨੁਸਾਰ ਬਨਾਇਆ ਜਾਵੇ।

ਦਫਾ ੯੦

ਕਮੇਟੀ ਦੇ ਵਾਸਤੇ ਚੁਣੇ ਜਾਨ ਦੀ ਕਾਬਲੀਯਤ | (੧) ਕੋਈ ਪੁਰਸ਼ ਕਿਸੇ ਕਮੇਟੀ ਦਾ ਮੈਂਬਰ ਚੁਣੇਜਾਨ ਦਾ ਹਕਦਾਰ ਨਹੀ ਹੋਵੇਗਾ ਜੇਕਰ ਉਸ ਪੁਰਸ਼

(ੳ) ਦਾ ਨਾਮ ਉਸ ਹਲਕੇ ਦੀ ਫਰਿਸਤ ਵਿਚ ਨਾ ਹੋਵੇ ਜੇਹੜਾ ਕਿ ਏਸ ਕਨੂੰਨ ਹੇਠਾਂ ਬਨਾਇਆ ਗਿਆ ਹੋਵੇ। ਯਾ

(ਅ) ਉਸ ਦੇ ਹੋਸ਼ ਹਵਾਸ ਕਾਇਮ ਨ ਹੋਨ, ਯਾਂ:--

(ੲ) ਕੋਈ ਐਸਾ ਦੀਵਾਲੀਆ ਹੋਵੇ ਜਿਸਨੂੰ ਕਰਜੇ ਤੋਂ ਬਰੀਅਤ ਦਾ ਅਦਾਲਤ ਵਲੋਂ ਅਧਿਕਾਰ ਨਾ ਮਿਲਿਆ ਹੋਵੇ, ਯਾ

(ਸ) ਕਿਸੇ ਮੁਸ਼ਤਹਿਰ ਸਿਖ ਗੁਰਦੁਵਾਰੇ ਦਾ ਸੇਵਾਦਾਰ ਹੋਵੇ ਸਵਾਏ ਦਰਬਾਰ ਸਾਹਿਬ ਅਮ੍ਰਿਤਸਰ ਦੇ ਵਡੇ ਸੇਵਾਦਾਰ ਤੋਂ ਯਾਂ ਉਹਨਾਂ ਚੋਹਾਂ ਸਿਖ ਤਖਤਾਂ ਦੇ ਵਡੇ ਸੇਵਾਦਾਰ ਤੋਂ ਜਿਨਾਂ ਦਾ ਵੇਰਵਾ ਦਫਾ ੪੩ ਅੰਕ ੧ ਜ਼ਿਮਨ ਦੂਜੀ ਵਿਚ ਕੀਤਾ ਗਿਆ ਹੈ, ਯਾ:—

(ਹ) ਕਿਸੇ ਮੁਸ਼ਤਹਿਰ ਸਿਖ ਗੁਰਦਵਾਰੇ ਦਾ ਯਾ ਬੋਰਡ ਦਾ ਤਨਖਾਹ ਦਾਰ ਨੌਕਰ ਹੋਵੇ, ਯਾ:--

(ਕ) ਪਤੱਤ ਹੋਵੇ ।

(੨) ਜੋ ਕੁਛ ਏਸ ਦਫਾ ਦੇ ਅੰਕ ੧ ਵਿਚ ਦਸਿਆ ਗਿਆ ਹੈ ਉਸਦੇ ਹੁੰਦਿਆਂ ਸੁੰਦਿਆਂ ਕਿਸੇ ਪੁਰਸ਼ ਨੂੰ ਕਿਸੇ ਚੋਣ ਵਾਸਤੇ ਖੜੇ ਹੋਣ ਤੋਂ ਏਸ ਕਰਕੇ ਰੋਕਿਆ ਨਹੀ ਜਾਵੇ ਕਿ ਉਹ ਪਤੱਤ ਹੈ ਪ੍ਰੰਤੂ ਜੇ ਉਹ ਚੁਨਿਆ ਜਾਵੇ ਅਤੇ ਉਸ ਦੇ ਮਗਰੋਂ ਦਫਾ ੮੪ ਅਨੁਸਾਰ ਪਤੱਤ ਸਬੂਤ ਹੋ ਜਾਵੇ ਤਾਂ ਉਸਦੀ ਚੋਣ ਨਿਹਫਲ ਹੋਵੇਗੀ ।

ਦਫਾ ੯੧

ਨੀਯਤ ਹੋਨ ਵਾਸਤੇ ਕਾਬਲੀਯਤ

ਕੋਈ ਪੁਰਸ਼ ਕਿਸੇ ਕਮੇਟੀ ਦਾ ਮੈਂਬਰ ਨੀਯਤ ਨਹੀ ਕੀਤਾ ਜਾਵੇਗਾ ਜੇਕਰ ਉਹ:--

(ੳ) ੨੧ ਬਰਸ ਤੋਂ ਘਟ ਆਯੂ ਦਾ ਹੋਵੇ, ਯਾ:--

(ਅ) ਓਸਦੇ ਹੋਸ਼ ਹਵਾਸ ਕਾਇਮ ਨਾ ਹੋਣ, ਯਾ:--

(ੲ) ਐਸਾ ਦੀਵਾਲੀਆ ਹੋਵੇ ਕਿ ਉਸ ਨੂੰ ਕਿਸੇ ਅਦਾਲਤ ਵਲੋਂ ਕਰਜੇ ਦੀ ਬਰੀਅਤ ਦਾ ਅਧਿਕਾਰ ਨਾ ਮਿਲਿਆ ਹੋਵੇ, ਯਾ:--

(ਸ) ਪਤੱਤ ਹੋਵੇ, ਯਾ:--

(ਹ) ਕਿਸੇ ਮੁਸ਼ਤਹਿਰ ਸਿਖ ਗੁਰਦੁਵਾਰੇ ਦਾ ਸੇਵਾਦਾਰ ਹੋਵੇ ਸਵਾਏ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਤੋਂ ਯਾ ਉਹਨਾਂ ਚੌਹਾਂ ਸਿਖ ਤਖਤਾਂ ਦੇ ਵਡੇ ਸੇਵਾਦਾਰ ਤੋਂ ਜਿਨਾਂ ਦਾ ਵੇਰਵਾ ੪੩ ਦਫਾ ਦੇ ਅੰਕ ੧ ਜ਼ਿਮਨ ਦੂਜੀ ਵਿਚ ਕੀਤਾ ਗਿਆ ਹੈ, ਯਾ:--

(ਕ) ਕਿਸੇ ਮੁਸ਼ਤਹਿਰ ਸਿਖ ਗੁਰਦੁਵਾਰੇ ਦਾ ਤਨਖਾਹਦਾਰ ਨੌਕਰ ਹੋਵੇ ।

ਦਫਾ ੯੨

ਚੋਣ ਕਰਨ ਵਾਲਿਆਂ ਦੀਆਂ ਕਾਬਲੀਅਤਾਂ

ਐਸਾ ਹਰ ਇਕ ਪੁਰਸ਼ ਅਪਨਾ ਨਾਮ ਉਸ ਹਲਕੇ ਦੀ ਫਰਿਸਤ ਵਿਚ ਕਿਸੇ ਕਮੇਟੀ ਦਾ ਇਕ ਮੈਂਬਰ ਯਾ ਮੈਂਬਰਾਂ ਦੇ ਚੁਨਨ ਵਾਸਤੇ ਦਰਜ ਕਰਵਾਨ ਦਾ ਅਧਕਾਰ ਰਖੇਗਾ ਜੇਹੜਾ:--

(ੳ) ਉਸ ਹਲਕੇ ਦਾ ਰਹਿਨ ਵਾਲਾ ਹੋਵੇ, ਯਾ:--

(ਅ) ਜਿਸਦਾ ਨਾਮ ਉਹਨਾਂ ਪੁਰਸ਼ਾਂ ਦੀ ਵਰਤਮਾਨ ਫਰਿਸਤ ਵਿਚ

ਹੋਵੇ ਜਿਨਾਂ ਨੂੰ ਸ੍ਰੀ ਹਜ਼ੂਰ ਲਾਟ ਸਾਹਿਬ ਪੰਜਾਬ ਦੀ ਕੌਂਸਲ ਵਾਸਤੇ ਸ਼ਹਿਰ ਵਲੋਂ ਯਾ ਪਿੰਡਾਂ ਵਲੋਂ ਮੈਂਬਰ ਚੁਨਨ ਦਾ ਹੱਕ ਹੋਵੇ ।

(ੲ) ੨੧ਸਾਲਾਂ ਤੋਂ ਵਧੀਕ ਆਯੂ ਦਾ ਸਿਖ ਹੋਵੇ ਅਤੇ ਜਿਸਨੇ ਆਪਨਾ ਨਾਮ ਫਰਿਸਤ ਵਿਚ ਓਸ ਤਰੀਕੇ ਨਾਲ ਦਰਜ ਕਰਾਇਆ ਹੋਵੇ ਜੇਹੜਾ ਨੀਯਤ ਕੀਤਾ ਗਿਆ ਹੋਵੇ।

ਦਫਾ ੯੩

ਵੋਟ ਦਾ ਹੱਕ | ਐਸੇ ਪੁਰਸ਼ ਨੂੰ ਉਸ ਹਲ਼ਕੇ ਵਲੋਂ ਮੈਂਬਰ ਯਾ ਮੈਂਬਰਾਂ ਦੇ ਚੁਨਨ ਦਾ ਅਧਕਾਰ ਹੋਵੇਗਾ ਜਿੰਨਾਂ ਚਿਰ ਓਸਦਾ ਨਾਮ ਕਿਸੇ ਕਮੇਟੀ ਦਾ ਮੈਂਬਰ ਯਾ ਮੈਂਬਰਾਂ ਦੀ ਚੋਨ ਵਾਸਤੇ ਕਿਸੇ ਐਸੇ ਹਲਕੇ ਦੀ ਫਰਿਸਤ ਵਿਚ ਦਰਜ ਹੋਵੇ।

ਦਫਾ ੯੪

ਕਮੇਟੀਆਂ ਦੇ ਜਾਰੀ ਰਹਿਨ ਦੀ ਮੁਨਿਆਦ | ਹਰ ਇਕ ਕਮੇਟੀ ਅਪਨੀ ਬਨਨ ਵਾਲੀ ਤਾਰੀਖ ਤੋਂ ਤਿੰਨ ਸਾਲ ਵਾਸਤੇ ਜਾਰੀ ਰਹੇਗੀ ਯਾ ਜਿਨਾਂ ਚਿਰ ਕਿ ਨਵੀਂ ਕਮੇਟੀ ਨਾ ਬਨ ਜਾਵੇ ਪਰੰਤੂ ਜੋ ਦੋਹਾਂ ਵਿਚ ਮਗਰੋਂ ਵਾਕਿਆ ਹੋਵੇ ।

ਦਫਾ ੯੫

ਮਗਰੋਂ ਪਈਆਂ ਊਨਤਾ ਦਾ ਅਸਰ | ਜੇਕਰ ਕਿਸੇ ਪੁਰਸ਼ ਵਿਚ ਕਮੇਟੀ ਦਾ ਮੈਂਬਰ ਚੁਨੇ ਯਾ ਨੀਯਤ ਕੀਤੇ ਜਾਨ ਮਗਰੋਂ ਉਹਨਾਂ ਊਨਤਾਂ ਵਿਚੋਂ ਕੋਈ ਊਨਤਾ ਪੈਦਾ ਹੋ ਜਾਵੇ ਜਿਨਾਂ ਦਾ ਜ਼ਿਕਰ ਦਫਾ ੯੦ ਅਤੇ ੯੧ ਵਿਚ ਕੀਤਾ ਗਿਆ ਹੈ, ਜੈਸਾ ਵੀ ਹੋਵੇ, ਯਾ ਕਮੇਟੀਆਂ ਦੀਆਂ ਤਿੰਨ ਉਤੋੜਿਤੀ ਹੋਈਆਂ ਇਕਤ੍ਰਤਾ ਵਿਚ ਹਾਜ਼ਰ ਨਾਂ ਹੋਇਆ ਹੋਵੇ ਤਾਂ ਉਹ ਪੁਰਸ਼ ਉਸ ਕਮੇਟੀ ਦਾ ਮੈਂਬਰ ਨਹੀਂ ਰਵੇਗਾ ਪਰ ਸ਼ਰਤ ਏਹ ਹੈ ਕਿ ਜੇਹੜਾ ਪੁਰਸ਼ ਨਾਂ ਹਾਜਰ ਹੋਨ ਦੇ ਕਾਰਨ ਮੈਂਬਰ ਨਾ ਰਵੇ ਜੇਕਰ ਉਹ ਤੀਸਰੀ ਇਕਤ੍ਰਤਾ ਜਿਸ ਵਿਚ ਉਹ ਹਾਜਰ ਨਾਂ ਹੋਇਆ ਹੋਵੇ ਦੇ ਹੋਨ ਤੋਂ ਮਗਰੋਂ ਇਕ ਮਹੀਨੇ ਦੇ ਅੰਦਰ ਅਪਨੇ ਔਹਦੇ ਉਤੇ ਮੁੜ ਥਾਪੇ ਜਾਨ ਸਬੰਧੀ ਦਰਖਾਸਤ ਦੇਵੇ ਤਾਂ ਕਮੇਟੀ ਨੂੰ ਅਧਕਾਰ ਹੈ ਕਿ ਉਹ ਉਸ ਇਕਤ੍ਰਤਾ ਵਿਚ ਜੇਹੜੀ ਕਿ ਦਰਖਾਸਤ ਤੋਂ ਮਿਲਨ ਤੋਂ ਠੀਕ ਮਗਰੋਂ ਹੋਵੇ, ਐਸੇ ਮੈਂਬਰ ਨੂੰ

ਮੁੜ ਮੈਂਬਰ ਦੇ ਔਹਦੇ ਤੇ ਥਾਪ ਦੇਵੇ ਪ੍ਰੰਤੂ ਇਕ ਸ਼ਰਤ ਹੋਰ ਹੈ, ਕਿ ਕੋਈ ਮੈਂਬਰ ਤਿੰਨ ਵਾਰ ਤੋਂ ਜਾਦਾ ਵਾਰੀ ਮੁੜ ਬਹਾਲ ਨਹੀਂ ਕੀਤਾ ਜਾ ਸਕੇਗਾ।

ਦਫਾ ੯੭

ਕਮੇਟੀ ਦੀਆਂ ਖਾਲੀ ਜਗਾਂ ਸਵਾਏ ਉਹਨਾਂ ਦੇ ਜਿਨਾਂ ਦਾ ਜ਼ਿਕਰ ਦਫਾ ੮੫ਵਿਚ ਕੀਤਾ ਗਿਆ ਹੈ

ਜੇਕਰ ਕੋਈ ਜਗਾ ਕਿਸੇ ਗੁਰਦੁਵਾਰੇ ਦੀ ਕਮੇਟੀ ਵਿਚ ਜਿਸਦਾ ਜ਼ਿਕਰ ਕਿ ਦਫਾ ੮੫ ਵਿਚ ਕੀਤਾ ਗਿਆ ਹੈ ਖਾਲੀ ਹੋ ਜਾਵੇ ਤਾਂ ਉਸਦੀ ਥਾਂ ਇਕ ਓਸੇ ਤਰੀਕੇ ਨਾਲ ਨਵਾਂ ਮੈਂਬਰ ਚੁਨਿਆ ਯਾ ਸ਼ਾਮਲ ਕੀਤਾ ਜਾਵੇਗਾ ਜਿਸ ਤਰਾਂ ਕਿ ਓਹ ਮੈਂਬਰ ਚੁਨਿਆਂ ਯਾ ਸ਼ਾਮਲ ਕੀਤਾ ਗਿਆ ਸੀ ਜੇਹੜਾ ਕਿ ਪਹਿਲੇ ਉਸ ਥਾਂ ਸੀ ਪਰ ਸ਼ਰਤ ਏਹ ਹੈ ਕਿ ਜੇਕਰ ਉਸਨੂੰ ਬੋਰਡ ਨੇ ਆਮ ਇਕਤ੍ਰਤਾ ਵਿਚ ਚੁਨਿਆਂ ਹੋਵੇ ਤਾਂ ਅੰਤਰੰਗ ਕਮੇਟੀ ਆਰਜ਼ੀ ਤੌਰ ਤੇ ਉਸਦੀ ਥਾਂ ਉਨਾ ਚਿਰ ਲਈ ਰਖ ਦੇਵੇਗੀ ਜਦੋਂ ਤੀਕ ਕਿ ਬੋਰਡ ਦੀ ਆਮ ਇਕਤ੍ਰਤਾ ਨਾ ਹੋ ਜਾਵੇ ਜਿਸ ਵਿਚ ਕਿ ਉਹ ਕਿਸੇ ਨੂੰ ਪਕੀ ਤਰਾਂ ਖਾਲੀ ਥਾਂ ਪੁਰ ਕਰਨ ਵਾਸਤੇ ਚੁਨੇਗੀ।

ਦਫਾ ੯੮

ਕਮੇਟੀਆਂ ਸਾਲ ਵਿਚ ਤਿੰਨ ਇਕਤ੍ਰਤਾਵਾਂ ਕਰਨ ਗੀਆਂ

ਹਰ ਇਕ ਕਮੇਟੀ ਘਟ ਤੋਂ ਘਟ ਹਰ ਇਕ ਸਾਲ ਵਿਚ ਤਿੰਨ ਵਾਰੀ ਇਕਤ੍ਰਤਾ ਕਰੇਗੀ।

ਦਫਾ ੯੯

ਇਕੱਤ੍ਰਤਾ ਦਾ ਨੋਟਸ

ਕਿਸੇ ਕਮੇਟੀ ਦਾ ਪ੍ਰਧਾਨ ਸੱਤਾਂ ਦਿਨਾਂ ਦਾ ਲਿਖਤੀ ਨੋਟਸ ਦੇਕੇ ਇਕਤ੍ਰਤਾ ਬੁਲਾਵੇਗਾ ਪਰ ਸ਼ਰਤ ਇਹ ਹੈ ਕਿ ਜੇਕਰ ਪ੍ਰਧਾਨ ਦਾ ਉਹਦਾ ਖਾਲੀ ਹੋਵੇ ਤਾਂ ਉਸ ਦੀ ਥਾਂ ਮੀਤ ਪ੍ਰਧਾਨ, ਪਰੰਤੂ ਜੇਕਰ ਮੀਤ ਪ੍ਰਧਾਨ ਦਾ ਉਹਦਾ ਵੀ ਖਾਲੀ ਹੋਵੇ ਤਾਂ ਕਮੇਟੀ ਦੇ ਕੋਈ ਦੋ ਮੈਂਬਰ ਦੂਸਰੇ ਮੈਂਬਰਾਂ ਨੂੰ ਯੋਗ ਨੋਟਸ ਦੇਕੇ ਪ੍ਰਧਾਨ ਦੀ ਚੋਣ ਵਾਸਤੇ ਇਕਤ੍ਰਤਾ ਬੁਲਾ ਸਕਦੇ ਹਨ।

ਦਫਾ ੧੦੦

ਕਮੇਟੀ ਦਾ ਕੋਰਮ

ਕਿਸੇ ਇਕਤ੍ਰਤਾਵਿਚ ਕਮੇਟੀ ਦੀ ਕੋਈ ਕਾਰਰਵਾਈ ਨਹੀ ਕੀਤੀ ਜਾਵੇਗੀ ਜਿਸ ਵਿਚ ਤਿਨ ਯਾ ਜਾਸਤੀ ਮੈਂਬਰ ਹਾਜਰ ਨ ਹੋਣ।

ਦਫਾ ੧੦੧

ਕਮੇਟੀਆਂ ਦੇ ਪ੍ਰਧਾਨ ਅਤੇ ਮੀਤ ਪ੍ਰਧਾਨ

(੧) ਹਰ ਇਕ ਕਮੇਟੀ ਆਪਨੀ ਪਹਿਲੀ ਇਕੱਤ੍ਰਤਾ ਵਿਚ ਇਕ ਮੈਂਬਰ ਨੂੰ ਪ੍ਰਧਾਨ ਅਤੇ ਇਕ ਦੂਸਰੇ ਮੈਂਬਰ ਨੂੰ ਮੀਤ ਪ੍ਰਧਾਨ ਚੁਨੇਗੀ ਅਤੇ ਏਸਤਰ੍ਹਾਂ ਚੁਨੇ ਹੋਏ ਮੈਂਬਰ ਅਪਨੇ ਉਹਦਿਆਂ ਉਤੇ ਉਨਾਂ ਚਿਰ ਰਹਿਨਗੇ ਜਿਨ੍ਹਾ ਚਿਰ ਕਿ ਕਮੇਟੀ ਰਵੇਗੀ ਯਾ ਜਦੋਂ ਉਹ ਅਪਨੇ ਉਹਦੇ ਤੋਂ ਅਸਤੀਫਾ ਦੇ ਦੇਵੇ ਯਾ ਮੈਂਬਰ ਨਾਂ ਰਹੇ।

(੨) ਕੋਈ ਪ੍ਰਧਾਨ ਯਾ ਮੀਤ ਪਰਧਾਨ ਜੇਹੜਾ ਕਿ ਅਪਨੇ ਉਹਦੇ ਉਤੋਂ ਅਸਤੀਫਾ ਦੇ ਰਿਹਾ ਹੋਵੇ ਉਹ ਮੁੜ ਚੁਨੇ ਜਾਨ ਦਾ ਹਕਦਾਰਹੋਵੇਗਾ ਜੇਕਰ ਉਹ ਕੋਈ ਹੋਰ ਕਾਬਲੀਯਤ ਰਖਦਾ ਹੋਵੇ।

(੩) ਕਮੇਟੀ ਦੀ ਇਕਤ੍ਰਤਾ ਦੀ ਪਰਧਾਨਗੀ ਪ੍ਰਧਾਨ ਕਰੇਗਾ ਜੇਕਰਉਹ ਹਾਜਰ ਨਾ ਹੋਵੇਂ ਤਾਂ ਮੀਤ ਪ੍ਰਧਾਨ ਪਰਧਾਨਗੀ ਕਰੇਗਾ ਪਰੰਤੂ ਜੇਕਰ ਦੋਵੇਂ ਪਰਧਾਨ ਤੇ ਮੀਤ ਪ੍ਰਧਾਨ ਹਾਜਰ ਨਾ ਹੋਨ ਤਾਂ ਹਾਜਰ ਮੈਂਬਰ ਅਪਨੇ ਵਿਚੋਂ ਇਕ ਨੂੰ ਉਸ ਇਕਤ੍ਰਤਾ ਦੀ ਪਰਧਾਨਗੀ ਵਾਸਤੇ ਚੁਨ ਲੈਨਗੇ।

ਦਫਾ ੧੦੨

ਕਮੇਟੀ ਦੇ ਸਾਮਨੇ ਪੇਸ਼ ਹੋਏ ਫੈਸਲੇ

ਉਹ ਸਾਰੇ ਸਵਾਲ ਜੇਹੜੇ ਕਿ ਕਮੇਟੀ ਦੇ ਸਾਮਨੇ ਪੇਸ਼ ਹੋਨ, ਦਾ ਫੈਸਲਾ ਹਾਜਰ ਮੈਂਬਰਾਂ ਦੀ ਬਹੁ ਸੰਮਤੀ ਨਾਲ ਹੋਵੇਗਾ ਅਤੇ ਉਸ ਹਾਲਤ ਵਿਚ ਜਦੋਂ ਵੋਟਾਂ ਦੋ ਪਾਸੀ ਬਰਾਬਰ ਹੋਨ ਤਾਂ ਪਰਧਾਨ ਦੀ ਦੂਸਰੀ ਯਾ ਫੈਸਲਾ ਕਰਨ ਦੀ ਵੋਟ ਹੋਵੇਗੀ।

ਦਫਾ ੧੦੩

ਜਲਸੇ ਦੀ ਕਾਰ ਰਵਾਈ ਦਾ ਲਿਖੇ ਜਾਨਾ

ਕਮੇਟੀ ਦੇ ਸਾਰੇ ਮਤੇ ਅਤੇ ਹੁਕਮ ਲਿਖਤ ਦੁਵਾਰਾ ਇਕ ਕਿਤਾਬ ਵਿਚ ਦਰਜ ਕੀਤੇ ਜਾਨਗੇ ਅਤੇ ਲਿਖਤ ਦੇ ਉਤੇ ਇਕਤ੍ਰਤਾ ਦਾ ਪ੍ਰਧਾਨ ਸਹੀ ਪਾਵੇਗਾ।

ਦਫਾ ੧੦੪

ਪ੍ਰਧਾਨ ਅਤੇ ਮੈਂਬਰਾਂ ਦਾ ਅਸਤੀਫਾ

(੧) ਪ੍ਰਧਾਨ ਤੋਂ ਸਿਵਾਏ ਕਮੇਟੀ ਦਾ ਕੋਈ ਮੈਂਬ੍ਰ ਅਪਨੇ ਉਹਦੇ ਤੋਂ ਪ੍ਰਧਾਨ ਨੂੰ ਨੋਟਸ ਦੇਕੇ ਅਸਤੀਫਾ ਦੇ ਸਕਦਾ ਹੈ ਅਤੇ ਪ੍ਰਧਾਨ ਅਪਨੇ ਉਹਦੇ ਉਤੋਂ ਕਮੇਟੀ ਨੂੰ ਨੋਟਸ ਦੇਕੇ ਅਸਤੀਫਾ ਦੇ ਸਕਦਾ ਹੈ।

(੨) ਮੈਂਬਰ ਦੀ ਹਾਲਤ ਵਿਚ ਅਸਤੀਫੇ ਦੀ ਤਾਰੀਖ ਓਹ ਸਮਝੀ ਜਾਵੇਗੀ ਜਿਸ ਦਿਨ ਪ੍ਰਧਾਨ ਉਸਦੀ ਪਰਵਾਨਗੀ ਦੇਵੇ ਅਤੇ ਪਰਧਾਨ ਦੀ ਹਾਲਤ ਵਿਚ ਓਹ ਤ੍ਰੀਕ ਹੋਵੇਗੀ ਜਿਸ ਦਿਨ ਕਮੇਟੀ ਉਸਦੀ ਪ੍ਰਵਾਨਗੀ ਦੇਵੇ।

ਦਫਾ ੧੦੫

ਏਸ ਭਾਗ ਅਨੁਸਾਰ ਬੋਰਡ ਕਮੇਟੀ ਦੀ ਹੈਸੀਅਤ ਕੰਮ ਨਹੀਂ ਕਰੇਗੀ

ਜੋ ਕੁਛ ਏਸ ਭਾਗ ਵਿਚ ਦਰਜ ਹੈ ਓਸ ਕਮੇਟੀ ਉਤੇ ਆਇਦ ਨਹੀਂ ਹੋਵੇਗਾ ਜੇਹੜੀ ਕਿ ਦਫਾ ੮੫ ਦੇ ਅੰਕ ੧ ਅਨੁਸਾਰ ਬਨਾਈ ਜਾਵੇਗੀ।

ਭਾਗ ਨੌਵਾਂ

ਮਾਲੀਯਤ

ਦਫਾ ੧੦੬

ਗੁਰਦੁਵਾਰਿਆਂ ਦੀ ਆਮਦਨੀ ਕਿਨ੍ਹਾਂ ਕੰਮਾਂ ਪਰ ਖਰਚ ਹੋ ਸਕੇਗੀ

(੧) ਏਸ ਕਾਨੂਨ ਦੇ ਮੁਤਾਬਕ ਕਿਸੇ ਮੁਸ਼ਤਹਿਰ ਸਿਖ ਗੁਰਦੁਵਾਰੇ ਦੀ ਸਾਰੀ ਜਾਇਦਾਦ ਅਤੇ ਆਮਦਨੀ ਸਬ ਤੋਂ ਪਹਿਲੇ ਉਸ ਗੁਰਦੁਵਾਰੇ ਨੂੰ ਕਾਇਮ ਰਖਨ ਲਈ ਅਤੇ ਉਸਦੀ ਹਾਲਤ ਨੂੰ ਚੰਗੇਰੀ ਬਨਾਣ ਲਈ ਧਾਰਮਕ ਪੂਜਾ ਪਾਠ ਦੀ ਕਾਇਮੀ,ਅਤੇ ਧਾਰਮਕ, ਖੈਰਾਇਤੀ ਫਰਜਾਂ ਅਤੇ ਓਸ ਸੰਬੰਧੀ ਰੌਹ ਰੀਤਾਂ ਨਬਾਹਨ ਲਈ ਅਤੇ ਅਪਨੇ ਨਾਲ ਸੰਬੰਧਕ ਗੁਜਾਰੇ ਦਾਰਾਂ ਅਫਸਰਾਂ ਅਤੇ ਨੌਕਰਾਂ ਨੂੰ ਤਨਖਾਹਾਂ ਦੇਨ ਲਈ ਉਸਦੇ ਵਕਫ ਗਰਜ਼ਾਂ ਨੂੰ ਪੂਰਾ ਕਰਨ ਵਾਸਤੇ, ਲੰਗਰ ਨੂੰ ਕਾਇਮ ਰਖਨ ਵਾਸਤੇ ਓਨਾਂ ਧਾਰਮਕ, ਖੈਰਾਇਤੀ ਯਾ ਵਿਦਜਕ ਮਤਲਬਾਂ ਵਾਸਤੇ ਜਿਨਾਂ ਨੂੰ ਕਮੇਟੀ ਏਸ ਸੰਬੰਧੀ ਜਰੂਰੀ ਸਮਝੇ ਯਾ ਓਨਾਂ ਜ਼ੁਮੇਵਾਰੀਆਂ ਨੂੰ ਪੂਰਾ ਕਰਨ ਵਾਸਤੇ ਜੇਹੜੀਆਂ ਕਿ ਏਸ ਕਾਨੂਨ ਅਨੁਸਾਰ ਜ਼ੁਮੇ ਲੈ ਲਈਆਂ ਹੈਨ, ਵਰਤੇਗੀ।

(੨) ਜਦੋਂ ਉਨਾਂ ਗਰਜ਼ਾਂ ਨੂੰ ਪੂਰਾ ਕਰਨ ਮਗਰੋਂ ਜਿਨਾਂ ਦਾ ਜ਼ਿਕਰ ਅੰਕ (੧) ਵਿਚ ਕੀਤਾ ਗਿਆ ਹੈ ਕੋਈ ਰਕਮ ਯਾ ਆਮਦਨੀ ਬਚ ਜਾਵੇ ਯਾ ਉਸਦੇ ਬਚ ਜਾਨ ਦੀ ਆਸ ਹੋਵੇ ਜੀਹਦੀ ਐਸੇ ਮਤਲਬ ਵਾਸਤੇ ਲੋੜ ਨਾ ਹੋਵੇ ਤਾਂ ਕਮੇਟੀ ਇਕ ਮਤੇ ਦੁਵਾਰਾ ਜਿਸਨੂੰ ਘਟ ਤੋਂ ਘਟ ਦੋ ਤਿਹਾਈ ਮੈਂਬਰਾਂ ਨੇ ਪਾਸ ਕੀਤਾ ਹੋਵੇ, ਤਜਵੀਜ਼ ਕਰ ਸਕਦੀ ਹੈ ਕਿ ਐਸੀ ਵਾਧੂ ਰਕਮ ਯਾ ਕੁਲ ਆਮਦਨੀ ਦਾ ਹਿੱਸਾ ਕਿਸੇ ਖਾਸ ਧਾਰਮਕ ਵਿਦਜਕ ਯਾ ਖੈਰਾਇਤੀ ਕੰਮ ਉਤੇ ਖਰਚ ਕੀਤੀ ਜਾਵੇ ਅਤੇ ਜੇਕਰ ਬੋਰਡ ਐਸੀ ਤਜਵੀਜ਼ ਦੀ ਲਿਖਤੀ ਮਨਜ਼ੂਰੀ ਦੇਦੇ ਤਾਂ ਕਮੇਟੀ ਓਸਦੇ ਮੁਤਾਬਕ ਕੰਮ ਕਰ ਸਕਦੀ ਹੈ। ਪਰ ਸ਼ਰਤ ਏਹ ਹੈ ਕਿ ਕੋਈ ਤਜਵੀਜ਼ ਜੋ ਕਿਸੇ ਐਸੀ ਆਮਦਨੀ ਨੂੰ ਜੇਹੜੀ ਤਿਨ ਸਾਲ ਤੋਂ ਜ਼ਿਆਦਾ ਚਿਰ ਦੀ ਹਾਸਲ ਹੋਵੇ ਕਿਸੀ ਐਸੀ ਗਰਜ਼ ਪਰ ਖਰਚ ਕਰਨ ਵਾਸਤੇ ਮਨਜ਼ੂਰ ਕੀਤੀ ਗਈ ਹੋ ਐਸੀ ਤਜਵੀਜ਼ ਦੇ ਪ੍ਰਵਾਨ

ਹੋਣ ਤੋਂ ਘਟ ਤੋਂ ਘਟ ਤਿੰਨ ਸਾਲ ਗੁਜ਼ਰਨੇ ਪਰ ਕਮੇਟੀ ਬਾਦ ਦੇ ਮਤੇ ਅਨੁਸਾਰ ਜੇਹੜਾ ਕਿ ਉਸੇ ਤ੍ਰੀਕੇ ਨਾਲ ਪਾਸ ਕੀਤਾ ਜਾਵੇ ਉਹ ਰਕਮ ਮਨਸੂਖ ਕੀਤੀ ਜਾ ਸਕਦੀ ਹੈ ਯਾ ਉਸ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ।

(੩) ਅੰਕ ਦੋ (੨) ਦੇ ਹੁੰਦਿਆਂ ਸੁੰਦਿਆਂ ਜੇਕਰ ਬੋਰਡ ਨੂੰ ਮਲੂਮ ਹੋਵੇ ਕਿ ਉਹਨਾਂ ਗਰਜਾਂਨੂੰ ਪੂਰਾ ਕਰਨ ਮਗਰੋਂ ਜਿਨਾਂ ਦਾ ਵੇਰਵਾ ਅੰਕ (੧) ਵਿਚ ਦਿਤਾ ਹੈ, ਕੋਈ ਫਾਲਤੂ ਰਕਮ ਯਾ ਆਮਦਨੀ ਬਚ ਰੈਂਹਦੀਹੈ ਯਾ ਬਚਨਦੀ ਆਸਹੈ ਜਿਸਦੀ ਕਿਸੇ ਐਸੀ ਗਰਜ਼ ਵਾਸਤੇ ਲੋੜ ਨਹੀ ਹੈ ਅਤੇ ਕਮੇਟੀ ਕਿਸੇ ਐਸੀ ਫਾਲਤੂ ਰਕਮ ਯਾ ਆਮ-ਦਨੀ ਨੂੰ ਕਿਸੇ ਹੋਰ ਗਰਜ਼ ਪਰ ਖਰਚ ਕਰਨ ਨੂੰ ਤਿਆਰ ਨਹੀ ਹੈ ਤਾਂ ਬੋਰਡ ਕਮਿਸ਼ਨ ਪਾਸ ਦਰਖਾਸਤ ਕਰ ਸਕਦਾ ਹੈ ਕਿ ਇਕ ਹੁਕਮ ਨਾਲ ਬੋਰਡ ਨੂੰ ਆਗਿਆ ਦਿਤੀ ਜਾਵੇ ਕਿ ਉਹ ਐਸੀ ਕੁਲ ਫਾਲਤੂ ਰਕਮ ਯਾ ਆਮਦਨੀ ਯਾ ਉਹਦਾ ਕੋਈ ਹਿਸਾ ਕਿਸੇ ਖਾਸ ਧਾਰਮਕ, ਵਿਦਯਕ ਯਾ ਦੂਸਰੇ ਖੇਰਾਇਤੀ ਕੰਮਾਂ ਪਰ ਖਰਚ ਕੀਤਾ ਜਾਵੇ।

(੪) ਜਦੋਂ ਅੰਕ (੩) ਅਨੁਸਾਰ ਦਰਖਾਸਤ ਕੀਤੀ ਗਈ ਹੋਵੇ ਤਾਂ ਕਮਿ-ਸ਼ਨ ਨੂੰ ਅਖਤਿਆਰ ਹੋਵੇਗਾ ਕਿ ਕਮੇਟੀ ਦੇ ਯਾ ਕਿਸੇ ਦੂਜੇ ਪੁਰਸ਼ ਦੇ ਜਿਸਦਾ ਉਸ ਗੁਰਦੁਵਾਰੇ ਨਾਲ ਕੋਈ ਸਬੰਧ ਹੋਵੇ, ਇਤਰਾਜ਼ਾਂ ਨੂੰ (ਜੇਕਰ ਕੋਈ ਹੋਨ) ਸੁਨਨ ਦੇ ਬਾਦ ਜੇਕਰ ਉਸਨੂੰ ਨਿਸਚਾ ਹੋ ਜਾਵੇ ਕਿ ਦ੍ਰਖਾਸਤ ਠੀਕ ਹੈ ਤਾਂ ਫੈਸਲਾ ਦੇਵੇਗੀ ਕਿ ਐਸੀਫਾਲ ਤੂ ਰਕਮ ਯਾ ਆਮਦਨੀ ਦਾ ਕਿੰਨਾਂ ਹਿਸਾ (ਜੇਕਰ ਕੋਈ ਹੋਵੇ) ਉਸ ਗੁਰਦੁਵਾਰੇ ਦੀ ਰਾਖੀ ਸਬੰਧੀ ਜਮਾਂ ਰਖਿਆ ਜਾਵੇ ਅਤੇ ਹੁਕਮ ਦੇਵੇ ਕਿ ਫਾਲਤੂ ਰਕਮ ਯਾ ਆਮਦਨੀ ਦਾ ਬਾਕੀ ਹਿਸਾ ਕਿਸੇ ਧਾਰਮਕ ਵਿਦਿਆ ਯਾ ਖਰੈਤੀ ਕੰਮ ਪਰ ਖਰਚ ਕੀਤਾ ਜਾਵੇ ਜੇਹੜਾ ਏਹ ਮੁਨਾਸਬ ਸਮਝੇ ਅਤੇ ਕਮਿਸ਼ਨ ਵੇਲੇ ਕੁਵੇਲੇ ਬੋਰਡ ਕਮੇਟੀ ਯਾ ਕਿਸੇ ਐਸੇ ਪੁਰਸ਼ਵਲੋਂ ਜਿਸਦਾ ਉਸ ਗੁਰਦੁਵਾਰੇਨਾਲ ਸਬੰਧ ਹੋਵੇ ਦੇ ਦਰਖਾਸਤ ਕਰਨ ਪਰ ਕਿਸੇ ਹੁਕਮ (ਫੈਸਲੇ) ਨੂੰ ਜੇਹੜਾ ਇਸ ਅੰਕ ਅਨੁਸਾਰ ਦਿੱਤਾ ਗਿਆ ਹੋਵੇ ਮਨਸੂਖ ਯਾ ਉਸ ਵਿਚ ਘਾਟਾ ਵਾਧਾ ਕਰ ਸਕਦੀ ਹੈ॥

(੫) ਕਿਸੇ ਕਮੇਟੀ ਯਾ ਬੋਰਡ ਨੂੰ ਅਧਿਕਾਰ ਹੋਵੇਗਾ ਕਿ ਜੇਕਰ

ਕਿਸੇ ਹੁਕਮ ਨਾਲ ਜੇੜ੍ਹਾ ਕਿ ਅੰਕ ੪ ਅਨੁਸਾਰ ਪਾਸ ਕੀਤਾ ਗਿਆ ਹੋਵੇ ਉਸਦੀ ਹੱਕ ਤਲਫੀ ਹੋਈ ਹੋਵੇ ਤਾਂ ਓਹ ਹੁਕਮ ਦੇ ਮਿਲਣ ਤੋਂ ੯੦ ਦਿਨਾਂ ਦੇ ਅੰਦਰ ਹਾਈ ਕੋਰਟ ਵਿਚ ਅਪੀਲ ਕਰੇ ਅਤੇ ਹਾਈ ਕੋਰਟ ਉਸ ਹੁਕਮ ਨੂੰ ਬਹਾਲ ਰੱਖ ਸਕਦਾ ਹੈ ਯਾ ਕੋਈ ਐਸਾ ਹੁਕਮ ਦੇ ਸਕਦਾ ਹੈ ਜੇਹੜਾ ਕਮਿਸ਼ਨ ਆਪਣੇ ਹੁਕਮ ਦੀ ਥਾਂ ਦੇਂਦਾ ਜਿਸ ਉਤੇ ਅਪੀਲ ਗੁਜ਼ਰੀ ਹੋਵੇ ।।

ਦਫਾ ੧੦੭

ਬੋਰਡ ਨੂੰ ਸਾਲਾਨਾ ਰਕਮ ਦਾ ਦੇਣਾ

(੧) ਹਰ ਇਕ ਕਮੇਟੀ ਬੋਰਡ ਦੇ ਮੁਨਾਸਬ ਖਰਚਾਂ ਨੂੰ ਪੂਰਾ ਕਰਨ ਵਾਸਤੇ ਉਸ ਗੁਰਦੁਵਾਰੇ ਯਾ ਗੁਰਦੁਵਾ-ਰਿਆਂ ਦੀ ਆਮਦਨੀ ਵਿਚੋਂ ਜੇਹੜੇ ਕਿ ਉਸਦੇ ਪ੍ਰਬੰਧ ਵਿਚ ਹੋਨ, ਹਰ ਸਾਲ ਬੋਰਡ ਨੂੰ ਇਕ ਨਕਦ ਰਕਮ ਦਿੱਤਾ ਕਰੇਗੀ।

(੨) ਐਸੀ ਸਾਲਾਨਾ ਰਕਮ ਜ਼ਾ ਕਿਸੇ ਗੁਰਦੁਵਾਰੇ ਦੀ ਸਾਲ ਦੀ ਆਮਦਨੀ ਨਾਲ ਜੋ ਤਨਾਸਬ ਹੋਵੇਗੀ ਉਹ ਹਰਇਕ ਗੁਰਦੁਵਾਰੇ ਵਾਸਤੇ ਬੋਰਡ ਨਿਸਚਾ ਕਰੇਗੀ।

ਪਰ ਸ਼ਰਤ ਏਹ ਹੈ ਕਿ ਪਹਿਲੀ ਰਕਮ ਜੇਹੜੀ ਇਸ ਦਫਾ ਦੀ ਸ਼ਰਤਾਂ ਦੇ ਮੁਤਾਬਕ ਮੁਕੱਰਰ ਕੀਤੀ ਜਾਵੇਗੀ ਐਸੀ ਆਮਦਨੀ ਦੇ ਦਸਵੇਂ ਹਿੱਸੇ ਤੋਂ ਜ਼ਿਆਦਾ ਨਹੀਂ ਹੋਵੇਗੀ ਅਤੇ ਜੇਹੜੀ ਰਕਮ ਮਗਰੋਂ ਮੁਕੱਰਰ ਕੀਤੀ ਜਾਵੇਗੀ ਉਹ ਸਾਲਾਨਾ ਆਮਦਨੀ ਦੇ ਐਸੇ ਹਿੱਸੇ ਨਾਲੋਂ ਜਾਸਤੀ ਨਹੀਂ ਹੋਵੇਗੀ ਜਿਸਨੂੰ ਲੋਕਲ ਗਵਰਨਮੈਂਟ ਬੋਰਡ ਦੀ ਪਿਛਲੀ ਆਮਦਨੀ ਅਤੇ ਖਰਚ ਦਾ ਧਿਆਨ ਕਰਕੇ ਵੇਲੇ ਕੁਵੇਲੇ ਮੁਕੱਰਰ ਕਰੇ ਅਤੇ ਜੋ ਸਾਲਾਨਾ ਆਮਦਨੀ ਦੇ ਦਸਵੇਂ ਹਿੱਸੇ ਤੋਂ ਜ਼ਿਆਦਾ ਨਹੀਂ ਹੋਵੇਗਾ।

ਦਫਾ ੧੦੮

ਜਨਰਲ ਬੋਰਡ ਫੰਡ ਦੀ ਕਾਇਮੀ

(੧) ਬੋਰਡ ਇਕ ਐਸਾ ਫੰਡ ਕਾਇਮ ਕਰੇਗਾ ਜਿਸਦਾ ਨਾਮ ਜਨਰਲ ਬੋਰਡ ਫੰਡ ਹੋਵੇਗਾ ਅਤੇ ਉਸਦੇ ਹਿਸਾਬ ਵਿਚ ਹੇਠ ਲਿਖੀਆਂ ਰਕਮਾਂ ਜਮਾਂ ਕੀਤੀਆਂ ਜਾਨ ਗੀਆਂ ਅਥਵਾ:-

(ੳ) ਉਹ ਸਾਰੀਆਂ ਰਕਮਾਂ ਜੇਹੜੀਆਂ ਦਫਾ ੧੦੭ ਦੇ ਹੁਕਮ ਅਨੁ

ਸਾਰ ਬੋਰਡ ਨੂੰ ਦਿਤੀਆਂ ਜਾਨ।

(ਅ) ਹਿਸਾਬ ਕਿਤਾਬ ਅਤੇ ਰਜਿਸਟਰ ਦੇ ਵਿਚ ਦਰਜ ਹੋਈਆਂ ਨਕਲਾਂ ਸਬੰਧੀ ਦੀ ਸਾਰੀ ਫੀਸ ਜੇਹੜੀ ਕਿ ਬੋਰਡ ੧੧੪ ਦਫਾ ਦੇ ਅੰਕ (੨) ਅਤੇ ਦਫਾ ੧੩੭ ਦੇ ਅੰਕ (੮) ਹੇਠਾ ਲਗਾਵੇਗੀ।

(੨) ਉਨ੍ਹਾਂ ਰਕਮਾਂ ਤੋਂ ਸਵਾਏ ਜਿਨਾਂ ਦਾ ਵੇਰਵਾ ਅੰਕ ੧ ਵਿਚ ਕੀਤਾ ਗਿਆ ਹੈ ਕੋਈ ਹੋਰ ਰਕਮ ਜਨਰਲ ਫੰਡ ਦੇ ਹਿਸਾਬ ਵਿਚ ਦਰਜ ਨਹੀ ਕੀਤੀ ਜਾਵੇਗੀ।

(੩) ਜਨਰਲ ਬੋਰਡ ਫੰਡ ਸਿਰਫ ਉਹਨਾਂ ਖਰਚਾਂ ਦੇ ਦੇਨ ਪਰ ਖਰਚ ਕੀਤੇ ਜਾਨਗੇ, ਜੇਹੜੇ ਕਿ ਬੋਰਡ ਨੇ ਏਸ ਕਨੂੰਨ ਦੇ ਹੁਕਮਾਂ ਅਨੁ-ਸਾਰ ਆਪਨੇ ਅਖਤਿਆਰਾਂ ਨੂੰ ਵਰਤੋਂ ਵਿਚ ਲਿਆਉਨ ਵਾਸਤੇ ਅਤੇ ਅਪਨੀਆਂ ਜੁੰਮੇਵਾਰੀਆਂਨੂੰ ਪੂਰਾ ਕਰਨ ਵਾਸਤੇ ਜਾਇਜ਼ ਤੌਰ ਤੇ ਖਰਚ ਕੀਤੇ ਹੋਨ ਪਰ ਸ਼ਰਤ ਏਹ ਹੈ ਕਿ ਜੇਕਰ ਐਸੇ ਖਰਚਾਂ ਨੂੰ ਦੇਨ ਅਤੇ ਐਸੀਆਂ ਜੁੰਮੇਵਾਰੀਆਂ ਨੂੰ ਪੂਰਾ ਕਰਨ ਤੋਂ ਮਗਰੋਂ ਕੋਈ ਰਕਮ ਫਾਲਤੂ ਬਚ ਰਹੇ ਤਾਂ ਐਸੀ ਫਾਲਤੂ ਰਕਮ ਕਿਸੇ ਸਾਲ ਵਿਚ ਤਿੰਨ ਹਜਾਰ ਤੀਕ ਬੋਰਡ ਵਲੋਂ ਕਿਸੇ ਐਸੇ ਧਾਰਮਕ ਯਾ ਵਿਦਜਕ ਕੰਮ ਪੁਰ ਜੇਹੜਾ ਉਹ ਯੋਗ ਸਮਝੇ, ਖਰਚ ਕਰ ਸਕਦੀ ਹੈ।

(੪) ਜਨਰਲ ਫੰਡ ਦਾ ਕੋਈ ਹਿੱਸਾ ਕਿਸੇ ਟਰਸਟ ਫੰਡ ਜਿਨਾ ਦਾ ਵੇਰਵਾ ਦਫਾ ੧੧੧ ਯਾ ਦਫਾ ੧੧੨ ਵਿਚ ਦਿਤਾ ਗਿਆ ਹੈ, ਦੇ ਪਰਬੰਧ ਵਾਸਤੇ ਅਥਵਾ ਕਿਸੇ ਟਰਸਟ ਫੰਡ ਦੇ ਮਕਸਦ ਵਾਸਤੇ ਖਰਚ ਨਹੀ ਕੀਤਾ ਜਾਵੇਗਾ ਸਵਾਏ ਉਸ ਹੱਦ ਤੀਕ ਜਿਸ ਹਦ ਤੀਕ ਕਿ ਏਸ ਦਫਾ ਦਾ ਅੰਕ ੩ ਖੁੱਲ ਦੇਂਦਾ ਹੈ।

ਦਫਾ ੧੦੯

ਫੰਡ ਜੋ ਸਰੋਮਨੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਵਲੋ ਬੋਰਡ ਨੂੰ ਦਿਤਾ ਜਾਵੇਗਾ

ਅਗਰ ਸਰੋਮਨੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਵਲੋਂ ਕੋਈ ਰਕਮ ਬੋਰਡ ਨੂੰ ਦਿਤੀ ਜਾਵੇਗੀ ਤਾਂ:—

(ੳ) ਉਸ ਰਕਮ ਦਾ ਕੋਈ ਹਿਸਾ ਜੇਹੜਾ ਕਿਸੇ ਮੁਸ਼ਤਹਿਰ ਸਿਖ ਗੁਰਦੁਵਾਰੇ ਵਲੋਂ ਰਖਿਆ ਹੋਇਆ ਹੋਵੇ ਜਿਡੀ ਛੇਤੀ ਹੋ ਸਕੇ ਐਸੇ ਗੁਰਦੁਵਾਰੇ ਦੀ ਕਮੇਟੀ ਨੂੰ ਦੇ ਦਿਤਾ ਜਾਵੇ ਅਤੇ ਕੋਈ ਐਸਾ ਹਿੱਸਾ ਜੇਹੜਾ ਕਿਸੇ ਹੋਰ ਪੂਜਨੀਕ ਅਸਥਾਨ ਵਲੋਂ ਰਖਿਆ ਹੋਇਆ ਹੋਵੇ ਓਹ ਐਸੇ ਪੁਰਸ਼

ਨੂੰ ਦਿਤਾ ਜਾਵੇਗਾ ਜੇਹੜਾ ਓਸ ਪੂਜਨੀਕ ਅਸਥਾਨ ਵਲੋਂ ਕੰਮ ਕਰਦਾ ਹੋਵੇ ਜਿਸਤਰਾਂ ਕਿ ਲੋਕਲ ਗਵਰਨਮੈਂਟ ਮਨਜ਼ੂਰ ਕਰੇ।

(ਅ) ਕੋਈ ਹਿੱਸਾ ਜੇਹੜਾ (ਪਹਿਲੀ) ਜ਼ਿਮਨ ਦੀ ਸ਼ਰਤਾਂ ਅਨੁਸਾਰ ਦੇਨ ਦੀ ਮਰਜ਼ੀ ਨਾ ਹੋਵੇ ਤਾਂ ਉਸਨੂੰ ਸਬ ਤੋਂ ਪਹਿਲਾਂ ਸਰੋਮਨੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਐਸੇ ਕਰਜੇ ਦੇਨ ਵਿਚ ਵਰਤਿਆ ਜਾਵੇਗਾ ਜੇਹੜੇ ਕਨੂਨ ਅਨੁਸਾਰ ਏਸ ਨੇ ਦੇਨੇ ਹੋਨ।

(ੲ) ਦੂਜੀ ਜ਼ਿਮਨ ਦੀ ਮਰਜ਼ੀ ਅਨੁਸਾਰ ਸਰੋਮਨੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਕਰਜੇ ਦੇ ਚੁੱਕਨ ਮਗਰੋਂ ਜੋ ਹਿੱਸਾ ਬਚ ਰਵੇ ਉਸਨੂੰ ਕਿਸੇ ਧਾਰਮਕ, ਖੈਰਾਇਤੀ ਅਥਵਾ ਵਿਦਜਕ ਕੰਮਾ (ਜਿਨਾਨੂੰ ਬੋਰਡ ਆਮ ਇਕੱਤ੍ਰਤਾ ਵਿਖੇ ਮਨਜੂਰ ਕਰੇ) ਦੇ ਵਾਸਤੇ ਵਖਰਾ ਰਖਿਆ ਜਾਵੇਗਾ ਪਰ ਸ਼ਰਤ ਏਹ ਹੈ ਕਿ ਜੇ ਕੋਈ ਹਿੱਸਾ ਜੇਹੜਾ ਪਹਿਲੇ ਬੋਰਡ ਦੇ ਬਨਨ ਤੋਂ ਇਕ ਸਾਲ ਦੇ ਅੰਦਰ ਏਸ ਤਰਾਂ ਵਖਰਾ ਰਖਿਆ ਨਾ ਜਾਵੇ ਤਾਂ ਓਹ ਓਸ ਕਮੇਟੀ ਨੂੰ ਦੇ ਦਿਤਾ ਜਾਵੇਗਾ ਜਿਸਦਾ ਜ਼ਿਕਰ ਦਫਾ ੮੫ ਦੇ ਅੰਕ (੨) ਵਿਚ ਦਿਤਾ ਗਿਆ ਹੈ ਅਤੇ ਓਹ ਉਸ ਕਮੇਟੀ ਦੇ ਫੰਡ ਦਾ ਹਿੱਸਾ ਬਨ ਜਾਵੇਗਾ।

ਦਫਾ ੧੧੦

ਓਹ ਫੰਡ ਜੇਹੜਾ ਬੋਰਡ ਦੇ ਪਾਸ ਖਾਸ ਕੰਮਾਂ ਵਾਸਤੇ ਅਮਾਨਤ ਦੇ ਤੌਰ ਤੇ ਰਵੇ

ਹਰ ਇਕ ਐਸੀ ਰਕਮ ਜੇਹੜੀ ਬੋਰਡ ਨੂੰ ਕਿਸੇ ਮੁਸ਼ਤਹਿਰ ਸਿਖ ਗੁਰਦੁਵਾਰੇ ਦੀ ਕਮੇਟੀ ਵਲੋਂ ਏਸ ਕਨੂੰਨ ਦੇ ਹੁਕਮ ਅਨੁਸਾਰ ਦਿਤੀ ਜਾਵੇ ਯਾ ਕਿਸੇ ਹੋਰ ਵਸੀਲੇ ਤੋਂ ਕਿਸੇ ਖਾਸ ਧਾਰਮਕ ਖੈਰਾਇਤੀ ਯਾ ਵਿਦਜਕ ਕੰਮ ਵਾਸਤੇ ਪ੍ਰਾਪਤ ਹੋਵੇ ਤਾਂ ਓਹ ਰਕਮ ਬੋਰਡ ਦੇ ਪਾਸ ਅਮਾਨਤ ਦੇ ਤੌਰ ਤੇ ਜਮਾ ਰਹੇਗੀ ਅਤੇ ਓਸ ਖਾਸ ਕੰਮ ਪਰ ਖਰਚ ਕੀਤੀ ਜਾਵੇਗੀ।

ਦਫਾ ੧੧੧

ਜਨਰਲ ਟਰਸਟ ਫੰਡ

ਓਸ ਰਕਮ ਤੋਂ ਸਵਾਏ ਜਿਸਦਾ ਵੇਰਵਾ ਦਫਾ ੧੦੭, ੧੦੯ ਯਾ ੧੧੦ ਯਾ ਦਫਾ ੧੧੪ ਦੇ ਅੰਕ ੨ ਯਾ ਦਫਾ ੧੩੭ ਦੇ ਅੰਕ ੮ ਵਿਚ ਦਿਤਾ ਗਿਆ ਹੋਰ ਕੋਈ ਰਕਮ ਇਕ ਏਸ ਫੰਡ ਦੇ ਹਿਸਾਬ ਵਿਚ ਜਮਾ ਕੀਤੀ ਜਾਵੇਗੀ ਜਿਸਦਾ ਨਾਮ ਜਨਰਲ ਟਰਸਟਫੰਡ ਹੋਵੇਗਾ ਜੇਹੜੇ

ਵਿਚੋਂ ਬੋਰਡ ਵੇਲੇ ਕੁਵੇਲੇ ਆਮ ਇਕਤ੍ਰਤਾ ਦੁਵਾਰਾ ਉਨਾਂ ਜ਼ੁੰਮੇਵਾਰੀਆਂ ਨੂੰ ਪੂਰਾ ਕਰਨ ਵਾਸਤੇ ਵੰਡ ਸਕੇਗਾ ਜੇਹੜੀਆਂ ਕਿ ਕਨੂੰਨ ਅਨੁਸਾਰ ਏਸਦੇ ਜ਼ੁੰਮੇ ਹੋਨ ਯਾ ਐਸੇ ਧਾਰਮਕ ਖੈਰਾਇਤੀ ਅਥਵਾ ਵਿਦਜਕ ਕੰਮਾਂ ਉਪਰ ਰੁਪਈਆ ਖਰਚ ਕਰ ਸਕਦਾ ਹੈ ਜਿਨਾਂ ਨੂੰ ਬੋਰਡ ਮੁਨਾਸਬ ਸਮਝੇ ਯਾ ਮੁਸ਼ਤਹਿਰ ਸਿਖ ਗੁਰਦੁਵਾਰਿਆਂ ਨੂੰ ਕਾਇਮ ਰਖਨ ਵਾਸਤੇ ਯਾ ਸੇਵਾ ਵਾਸਤੇ ਸਹਾਇਤਾ ਦੀ ਸ਼ਕਲ ਵਿੱਚ ਵੰਡ ਸਕਦਾ ਹੈ।

ਦਫਾ ੧੧੨

ਹਰ ਇਕ ਅਮਾਨਤ ਦਾ ਫੰਡ ਵਖਰਾਵਖਰਾ ਰਖਿਆ ਜਾਵੇਗਾ

ਜੇਹੜੀਆਂ ਅਮਾਨਤਾਂ ਦਫਾ ੧੦੯ ਦੀ ਜ਼ਿਮਨ (ਤੀਜੀ) ਯਾ ਦਫਾ ੧੧੦ ਦੀਆਂ ਸ਼ਰਤਾਂ ਅਨੁਸਾਰ ਰਖੀਆਂ ਜਾਨ ਬੋਰਡ ਉਹਨਾਂ ੨ ਦਾ ਵਖਰਾ ਵਖਰਾ ਫੰਡ ਕਾਇਮ ਕਰੇਗਾ ਅਤੇ ਉਸਨੂੰ ਜਾਰੀ ਰਖੇਗਾ ਅਤੇ ਹਰ ਇਕ ਐਸੇ ਫੰਡ ਵਿਚੋਂ ਉਨਾਂ ਜ਼ੁਮੇਵਾਰੀਆਂ ਨੂੰ ਪੂਰਾ ਕਰ ਸਕਦਾ ਹੈ ਜੇਹੜੀਆਂ ਏਸਦੇ ਕਨੂੰਨ ਅਨੁਸਾਰ ਜ਼ੁੰਮੇ ਹੋਨਃ—

ਦਫਾ ੧੧੩

ਅਮਾਨਤੀ ਫੰਡਾਂ ਦੀਆਂ ਰਕਮਾਂ ਦਾ ਬੈਂਕਾਂ ਵਿਚ ਜਮਾਂ ਰਖੀਆਂ ਜਾਨਾਂ

ਹਰ ਇਕ ਰਕਮ ਜੇਹੜੀ ਬੋਰਡ ਨੂੰ ਕਿਸੇ ਫੰਡ ਵਾਸਤੇ ਪ੍ਰਾਪਤ ਹੋਵੇ ਉਹ ਰਕਮ ਉਸ ਫੰਡ ਦੇ ਹਿਸਾਬ ਵਿਚ ਉਸ ਬੈਂਕ ਵਿਚ ਜਮਾਂ ਕਰਾਈ ਜਾਵੇਗੀ ਜਿਸਦੀ ਬਾਬਤ ਕਿ ਬੋਰਡ ਆਮ ਇਕੱਤ੍ਰਤਾ ਦੁਵਾਰਾ ਹੁਕਮ ਦੇਵੇਗੀ।

ਦਫਾ ੧੧੪

ਬੋਰਡ ਸਾਰੇ ਟਰਸਟ ਫੰਡਾਂ ਅਤੇ ਜਨਰਲ ਬੋਰਡ ਦੇ ਫੰਡ ਦਾ ਹਿਸਾਬ ਰਖੇਗਾ

(੧) ਬੋਰਡ ਬਾਕਾਇਦਾ ਹਿਸਾਬ ਰਖੇਗਾ ਜਿਸਤੋਂ ਜਨਰਲ ਟਰਸਟ ਫੰਡ ਦੀ ਆਮਦਨੀ ਤੇ ਖਰਚ ਪ੍ਰਤੀਤ ਹੋ ਜਾਵੇ ਅਤੇ ਹਰ ਇਕ ਐਸਾ ਫੰਡ ਜੇਹੜਾ ਦਫਾ ੧੧੨ ਦੀਆਂ ਸ਼ਰਤਾਂ ਅਨੁਸਾਰ ਕਾਇਮ ਕੀਤਾ ਗਿਆ ਹੋਵੇ ਅਤੇ ਜਨਰਲ ਟਰਸਟ ਫੰਡ ਦਾ ਹਿਸਾਬ ਵਖਰਾ ਵਖਰਾ ਰਖੇਗਾ।

(੨) ਕੋਈ ਪੁਰਸ਼ ਜੀਹਦਾ ਕਿਸੇ ਮੁਸ਼ਤਿਹਰ ਸਿਖ ਗੁਰਦੁਵਾਰੇ ਨਾਲ ਸੰਬੰਧ ਹੋਵੇ ਬੋਰਡ ਪਾਸ ਦਰਖਾਸਤ ਕਰਨ ਪਰ ਸਾਰੇ ਯਾ ਕਿਸੇ ਖਾਸ ਹਿਸੇ ਹਿਸਾਬ ਦੇ ਹਿਸੇ ਦੀ ਨਕਲ ਦਿਤੀ ਜਾਵੇਗੀ ਅਤੇ ਜਿਸਦੇ ਠੀਕ ਹੋਨ ਦੀ ਪਸ਼ਟੀ ਵਿਚ ਅੰਤਰੰਗ ਕਮੇਟੀ ਦਾ ਪ੍ਰਧਾਨ ਯਾ ਕੋਈ ਐਸਾ ਦੂਜਾ

ਮੈਂਬਰ ਦਸਖਤ ਕਰੇਗਾ ਜਿਸਨੂੰ ਪ੍ਰਧਾਨ ਨੇ ਏਸ ਸੰਬੰਧੀ ਅਧਿਕਾਰ ਦਿਤਾ ਹੋਵੇ।

(੩) ਬੋਰਡ ਹਿਸਾਬ ਕਿਤਾਬ ਦੀਆਂ ਉਹਨਾਂ ਨਕਲਾਂ ਸੰਬੰਧੀ ਜੇਹੜੀਆਂ ਅੰਕ (੧) ਅਨੁਸਾਰ ਦਿਤੀਆਂ ਜਾਨ ਉਹ ਫੀਸ ਲਵੇਗਾ ਜੇਹੜੀ ਕਿ ਸਰਕਾਰੀ ਨਿਯਮਾਂ ਅਨੁਸਾਰ ਪੰਜਾਬ ਵਿਚ ਪ੍ਰਚਲਤ ਹੋਵੇ ਅਤੇ ਜੇਹੜੀ ਡਿਪਟੀ ਕਮਿਸ਼ਨਰ ਦੇ ਮਾਤਹਿਤ ਰੀਕਾਰਡ ਦੀਆਂ ਕਾਪੀਆਂ ਵਾਸਤੇ ਲਈ ਜਾਂਦੀ ਹੈ।

ਦਫਾ ੧੧੫

ਹਿਸਾਬ ਦੀ ਪੜਤਾਲ (੧) ਦਫਾ ੧੧੪ ਅਨੁਸਾਰ ਰਖੇ ਗਏ ਹਿਸਾਬ ਦੀ ਪੜਤਾਲ ਅਤੇ ਸਾਲਾਨਾ ਮੁਆਇਨਾ ਉਹ ਪੜਤਾਲੀਆ ਕਰੇਗਾ ਜਿੰਨੂੰ ਲੋਕਲ ਗਵਰਨਮੈਂਟ ਵੇਲੇ ਕੁਵੇਲੇ ਨੀਯਤ ਕਰੇਗੀ।

(੨) ਪੜਤਾਲੀਆ ਹਿਸਾਬ ਦੇ ਦੇਖਨ ਅਤੇ ਪੜਤਾਲ ਕਰਨ ਵੇਲੇ ਬੋਰਡ ਯਾ ਕਿਸੇ ਮੈਂਬਰ ਯਾ ਕਿਸੇ ਨੌਕਰ ਪਾਸੋਂ ਲਿਖਤੀ ਮੰਗ ਕਰ ਸਕਦਾ ਹੈ ਕਿ ਉਹ ਸਾਰੀਆਂ ਕਿਤਾਬਾਂ ਤਮਸਕਾਤ ਰਸੀਦਾਂ ਅਤੇ ਐਸੇ ਸਾਰੇ ਕਾਗਜ਼ ਆਦਿਕ ਜੇਹੜੇ ਉਹ ਜਰੂਰੀ ਸਮਝੇ ਉਸਦੇ ਸਾਮਨੇ ਪੇਸ਼ ਕੀਤੇ ਜਾਨ ਅਤੇ ਕਿਸੇ ਐਸੇ ਪੁਰਸ਼ ਨੂੰ ਹਿਸਾਬ ਦੀ ਪੜਤਾਲ ਵੇਲੇ ਖੁਦ ਹਾਜਰ ਹੋਨ ਦਾ ਹੁਕਮ ਦੇ ਸਕਦਾ ਹੈ ਜਿਸਦੇ ਪਾਸ ਐਸੀਆਂ ਕਿਤਾਬਾਂ ਤਮਸਕਾਤ, ਰਸੀਦਾਂ ਯਾ ਕਾਗਜ਼ ਆਦਿਕ ਹੋਨ ਯਾ ਜਿਨਾਂ ਦੀ ਬਾਬਤ ਉਹ ਜਵਾਬ ਦੇ ਸਕਦਾ ਹੋਵੇ ਅਤੇ ਉਹ ਸਾਰੇ ਸਵਾਲਾਂ ਦਾ ਜਵਾਬ ਦੇਵੇ ਜੇਹੜੇ ਓਸ ਕੋਲੋਂ ਕਿਸੇ ਕਾਗਜ਼ ਸੰਬੰਧੀ ਪੁਛੇ ਜਾਨ ਯਾ ਕੋਈ ਐਸਾ ਬਿਆਨ ਬਨਾਕੇ ਪੇਸ਼ ਕਰੇ ਜੇਹੜਾ ਪੜਤਾਲੀਆ ਜਰੂਰੀ ਸਮਝੇ।

ਦਫਾ ੧੧੬

ਪੜਤਾਲੀਏ ਦੀ ਰੀਪੋਰਟ (੧) ਪੜਤਾਲੀਆ ਹਿਸਾਬ ਦੀ ਪੜਤਾਲ ਪੂਰਨ ਹੋਨ ਤੋਂ ੩੦ ਦਿਨਾਂ ਦੇ ਅੰਦਰ ਬੋਰਡ ਪਾਸ ਅਪਨੀ ਰੀਪੋਰਟ ਭੇਜੇਗਾ ਜਿਸ ਵਿਚ ਓਹ ਹਰ ਇਕ ਹਿਸਾਬ ਸੰਬੰਧੀ ਰੀਪੋਰਟ ਕਰੇਗਾ ਜੇਹੜੇ ਉਸਨੇ ਦੇਖੇ ਅਤੇ ਪੜਤਾਲ ਕੀਤੇ ਹੋਨ ਅਤੇ ਅਪਨੀ ਰਪੋਰਟ ਦੀ ਇਕ ਨਕਲ ਲੋਕਲ ਗਵਰਨਮੈਂਟ ਪਾਸ ਅਤੇ ਇਕ ਨਕਲ ਕਮਿਸ਼ਨ ਪਾਸ ਭੇਜੇਗਾ।

(੨) ਪੜਤਾਲੀਏ ਦੀ ਰੀਪੋਰਟ ਹੋਰ ਗੱਲਾਂ ਤੋਂ ਸਿਵਾਏ ਏਹ ਗਲਾਂ ਜਰੂਰ

ਦਸੇਗੀ ਅਥਵਾ ਖਰਚ ਦੀਆਂ ਓਹ ਸਾਰੀਆਂ ਮੱਦਾਂ ਜੇਹੜੀਆਂ ਉਸਦੀ ਸਮਝ ਵਿਚ ਕਾਨੂੰਨ ਖਿਲਾਫ ਬੇਕਾਇਦਾ, ਯਾ ਅਯੋਗ ਹੋਨ, ਓਹ ਸਾਰੀਆਂ ਸੂਰਤਾਂ ਜਿਨਾਂ ਵਿਚ ਬੋਰਡ ਓਸ ਰੁਪੈ ਯਾ ਜਾਇਦਾਤ ਨੂੰ ਵਸੂਲ ਨਾ ਕਰ ਸਕੀਹੋਵੇ ਜਿਸ ਉਤੇਕਿ ਉਸਦਾ ਹੱਕ ਹੋਵੇ ਓਹ ਤਮਾਮ ਮੁਆਮਲੇ ਜਿਨਾਂ ਵਿਚ ਅਨਗਹਿਲੀ ਯਾ ਬਦਚਲਨੀ ਦੇ ਕਾਰਨ ਰੁਪੈਯਾ ਯਾ ਜੈਦਾਦ ਨੂੰ ਤਬਾਹ ਕੀਤਾ ਹੋਵੇ ਯਾ ਫਜ਼ੂਲ ਖਰਚ ਕੀਤਾ ਹੋਵੇ ਜਿਸਦੀ ਆਗਿਆ ਕਿ ਏਹ ਕਨੂੰਨ ਨਹੀਂ ਦੇਂਦਾ ।

(੩) ਬੋਰਡ ਏਸ ਰੀਪੋਰਟ ਯਾ ਉਸਦੇ ਖੁਲਾਸੇ ਨੂੰ ਘਟ ਤੋਂ ਘਟ ਇਕ ਅੰਗ੍ਰੇਜ਼ੀ ਜ਼ਬਾਨ ਦੇ ਅਤੇ ਇਕ ਦੇਸੀ ਜ਼ਬਾਨ ਦੇ ਅਖਬਾਰ ਵਿਚ ਛਾਪੇਗੀ ਜੇਹੜਾ ਪੰਜਾਬ ਵਿਚ ਛਪਦਾ ਹੋਵੇ ॥

ਦਫਾ ੧੧੭

ਬੋਰਡ ਪੜਤਾਲੀਏ ਦੀ ਰਪੋਰਟ ਉੱਤੇ ਵਿਚਾਰ ਕਰੇਗੀ ।

ਬੋਰਡ ਆਮ ਇਕੱਤ੍ਰਤਾ ਵਿਚ ਪੜਾਲੀਏ ਦੀ ਰਿਪੋਰਟ ਉਤੇ ਵਿਚਾਰ ਕਰੇਗੀ ਅਤੇ ਏਸ ਗਲ ਦੀ ਤਸੱਲੀ ਕਰੇਗੀ ਕਿ ਕੋਈ ਐਸਾ ਦੱਸਿਆ ਗਿਆ ਖਰਚ ਕਾਨੂੰਨ ਦ ਹੁਕਮਾਂ ਦਾ ਉਲੰਘਨ ਨਹੀਂ ਕਰਦਾ ਅਤੇ ਏਸ ਸੰਬੰਧੀ ਐਸਾ ਹੁਕਮ ਦੇਵੇਗੀ ਜੇਹੜੀ ਏਸਦੀ ਸਮਝ ਅਨੁਸਾਰ ਐਸੀ ਕਾਨੂੰਨ ਵਿਰੁਧ ਨਾਜਾਇਜ਼, ਅਤੇ ਅਯੋਗ ਕਾਰਰਵਾਈ ਦੇ ਰੋਕਨ ਲਈ ਯੋਗ ਅਤੇ ਜਰੂਰੀ ਹੋਵੇ ਅਤੇ ਹੋਰ ਕੋਈ ਯੋਗ ਹੁਕਮ ਓਸ ਰੀਪੋਰਟ ਉਤੇ ਪਾਸ ਕਰ ਸਕਦੀ ਹੈ ॥

ਦਫਾ ੧੧੮

ਪੜਤਾਲ ਦਾ ਖਰਚ ਕਿਸ ਦੇ ਜ਼ੁੰਮੇ ਹੋਵੇਗਾ

(੧) ਕਿਸੇ ਫੰਡ ਦੇ ਹਿਸਾਬ ਦੀ ਪੜਤਾਲ ਅਤੇ ਦੇਖਨ ਦਾ ਖਰਚ ਓਸੇ ਫੰਡ ਵਿਚੋਂ ਦਿਤਾ ਜਾਵੇਗਾ ਜੇਹੜਾ ਕਿ ਬੋਰਡ ਨੇ ਏਸ ਕਾਨੂੰਨ ਦੀਆਂ ਸ਼ਰਤਾਂ ਅਨੁਸਾਰ ਰਖਿਆ ਹੋਵੇ ।

(੨) ਜੇਕਰ ਦਫਾ ੧੧੬ ਅਨੁਸਾਰ ਦਿਤੀ ਗਈ ਰੀਪੋਰਟ ਦੇ ਦੇਨ ਤੋਂ ਤਿੰਨ ਮਹੀਨਿਆਂ ਦੇ ਅੰਦਰ ਓਹ ਖਰਚਾ ਨਾ ਦਿਤਾ ਜਾਵੇ ਜਿਸਦਾ ਜ਼ਿਕਰ ਅੰਕ (੧) ਵਿਚ ਕੀਤਾ ਗਿਆ ਹੈ ਤਾਂ ਪੜਤਾਲੀਏ ਦੇ ਏਸ ਸੰਬੰਧੀ ਲੋਕਲ ਗਵਰਨਮੈਂਟ ਪਾਸ ਦਰਖਾਸਤ ਕਰਨ ਪਰ ਜੇਹੜੀ ਕਿ ਐਸੀ ਤ੍ਰੀਕ ਤੋਂ ਛੀਆਂ ਮਹੀਨਿਆਂ ਦੇ ਅੰਦਰ ਹੋ ਸਕਦੀ ਹੈ ਐਸਾ ਖਰਚ ਏਸ ਤਰਾਂ ਵਸੂਲ ਕਰ ਸਕੇਗੀ ਜਿਸਤਰਾਂ ਕਿ ਜਮੀਨ ਦਾ ਬਕਾਇਆ

ਲਗਾਨ ਕੀਤਾ ਜਾਂਦਾ ਹੈ॥

ਦਫਾ ੧੧੯

ਬੋਰਡ ਦਾ ਬਜਟ

(੧) ਬੋਰਡ ਅਤੇ ਉਸ ਨਾਲ ਸੰਬੰਧਤ ਫੰਡਾਂ ਦੀ ਅਗਲੇ ਸਾਲ ਦੀ ਆਮਦਨੀ ਅਤੇ ਖਰਚ ਦਾ ਤਖਮੀਨਾ ਅੰਤਰੰਗ ਕਮੇਟੀ ਵਲੋਂ ਬੋਰਡ ਦੀ ਆਮ ਇਕੱਤ੍ਰਤਾ ਵਿਚ ਪੇਸ਼ ਕੀਤਾ ਜਾਵੇਗਾ ਜੇਹੜੀ ਕਿ ਕਿਸੇ ਨੀਯਤ ਕੀਤ ਸਮੇਂ ਪੁਰ ਹਰ ਸਾਲ ਬੁਲਾਈ ਜਾਵੇਗੀ।

(੨) ਬੋਰਡ ਅਪਨੀ ਆਮ ਇਕੱਤ੍ਰਤਾ ਦੁਵਾਰਾ ਓਸ ਹਰ ਇਕ ਇਸਟੀਮੇਟ (ਆਮਦਨ ਯਾ ਖਰਚ ਦੇ ਚਿੱਠੇ) ਉਤੇ ਵਿਚਾਰ ਕਰੇਗਾ। ਜੇਹੜਾ ਕਿ ਅੰਤਰੰਗ ਕਮੇਟੀ ਵਲੋਂ ਏਸਦੇ ਪੇਸ਼ ਕੀਤਾ ਜਾਵੇਗਾ ਅਤੇ ਏਹ ਬੋਰਡ ਦੀ ਮਰਜ਼ੀ ਉਤੇ ਹੋਵੇਗਾ ਕਿ ਉਹ ਐਸੇ ਇਸਟੀਮੇਟ ਨੂੰ ਪਾਸ ਕਰੇ ਯਾ ਨਾ ਕਰੇ ਯਾ ਏਸ ਵਿਚ ਵਾਧਾ ਯਾ ਘਾਟਾ ਕਰੇ ਅਤੇ ਐਸੇ ਵਧਾਏ ਯਾ ਘਟਾਏ ਇਸਟਮਿਟ ਨੂੰ ਪਾਸ ਕਰੇ।

ਦਫਾ ੧੨੦

ਕਮੇਟੀਆਂ ਹਿਸਾਬ ਰਖਨਗੀਆਂ

(੧) ਹਰ ਇਕ ਮੁਸ਼ਤਹਿਰ ਸਿਖ ਗੁਰਦੁਵਾਰੇ ਦੀ ਕਮੇਟੀ ਅਪਨਾ ਬਾਕਾਇਦਾ ਹਿਸਾਬ ਕਿਤਾਬ ਰਖੇਗੀ ਜਿਸਤੋਂ ਉਹ ਸਾਰੀਆਂ ਰਕਮਾਂ ਜ਼ਾਹਰ ਹੋਨ ਗੀਆਂ ਜੇਹੜੀਆਂ ਕਿ ਕਿਸੇ ਗੁਰਦੁਵਾਰੇ ਫੰਡ ਅਤੇ ਆਮਦਨੀ ਸੰਬੰਧੀ ਵਸੂਲ ਯਾ ਉਹਨਾਂ ਵਿਚੋਂ ਖਰਚ ਹੋਈਆਂ ਹੋਨ।

(੨) ਜਿਸ ਪੁਰਸ਼ ਦਾ ਕਿਸੇ ਗੁਰਦੁਵਾਰੇ ਨਾਲ ਸੰਬੰਧ ਹੋਵੇ ਜੇਕਰ ਉਹ ਪੁਰਸ਼ ਗੁਰਦਵਾਰੇ ਦੀ ਕਮੇਟੀ ਦੇ ਸਕੱਤ੍ਰ ਪਾਸ ਐਸੀ ਦਰਖਾਸਤ ਕਰੇ ਤਾਂ ਉਸਨੂੰ ਐਸੇ ਸਾਰੇ ਹਿਸਾਬ ਯਾ ਕਿਸੇ ਹਿੱਸੇ ਦੀ ਨਕਲ ਦਿਤੀ ਜਾਵੇਗੀ।

(੩) ਜੇਹੜੀਆਂ ਨਕਲਾਂ ਏਸ ਦਫਾ ਦੇ ਅੰਕ (੧) ਅਨੁਸਾਰ ਦਿਤੀਆਂ ਜਾਨਗੀਆਂ ਉਹਨਾਂ ਦੀ ਫੀਸ ਉਹ ਲਈ ਜਾਵੇਗੀ ਜੇਹੜੀ ਕਿ ਸਰਕਾਰੀ ਨਿਯਮਾਂ ਅਨੁਸਾਰ ਪੰਜਾਬ ਵਿਚ ਪ੍ਰਚਲਤ ਹੋਵੇਗੀ ਅਤੇ ਜੇਹੜੀ ਡਿਪਟੀ ਕਮਿਸ਼ਨਰਾਂ ਦੇ ਮਾਤਹਿਤ ਰੀਕਾਰਡ ਦੀਆਂ ਕਾਪੀਆਂ ਵਾਸਤੇ ਲਈ ਜਾਂਦੀ ਹੈ।

ਦਫਾ ੧੨੧

ਕਮੇਟੀ ਦੇ ਹਿਸਾਬਾਂ ਦੀ ਪੜਤਾਲ (੧) ਸਵਾਏ ਅੰਕ (੫) ਦੇ ਹੁਕਮਾਂ ਦੇ ਬਾਕੀ ਹਰ ਇਕ ਹਿਸਾਬ ਜਿਸਦਾ ਵੇਰਵਾ ਦਫਾ ੧੨੦ ਵਿਚ ਦਿਤਾ ਗਿਆ ਹੈ, ਦੀ ਪੜਤਾਲ ਸਾਲ ਵਿਚ ਇਕ ਵਾਰੀ ਬੋਰਡ ਦਾ ਨੀਯਤ ਕੀਤਾ ਹੋਇਆ ਪੜਤਾਲੀਆ ਕਰੇਗਾ ।

(੨) ਉਹਨਾਂ ਕਮੇਟੀਆਂ ਦੇ ਹਿਸਾਬ, ਜਿਨਾਂ ਦਾ ਵੇਰਵਾ ੮੫ ਦਫਾ ਦੇ ਅੰਕ (੨) ਅਤੇ (੪) ਵਿਚ ਕੀਤਾ ਗਿਆ ਹੈ, ਦੀ ਪੜਤਾਲ ਉਹ ਪੜਤਾਲੀਆ ਕਰੇਗਾ ਜੇਹੜਾ ਹਿੰਦੁਸਤਾਨ ਦੀ ਕੰਪਨੀਆਂ ਦੇ ਕਨੂੰਨ ੧੯੧੩ ਦੀ ਦਫਾ ੧੪੪ ਦੇ ਹੁਕਮ ਅਨੁਸਾਰ ਪੜਤਾਲੀਆ ਕੰਮ ਕਰੇਗਾ ।

(੩) ਬੋਰਡ ਘੱਟ ਤੋਂ ਘੱਟ ਪੰਜ ਪੜਤਾਲੀਆਂ ਦੀ ਫਰਿਸਤ ਰਖੇਗਾ ਜਿਨਾਂ ਨੂੰ ਬੋਰਡ ਲੋਕਲ ਗਵਰਨਮੈਂਟ ਦੀ ਮਨਜੂਰੀ ਨਾਲ ਨੀਯਤ ਕਰੇਗਾ ਜਿਨਾ ਦੀ ਬਾਬਤ ਅੰਕ (੨) ਵਿਚ ਲਿਖਿਆ ਗਿਆ ਹੈ । ਅਤੇ ਕੋਈ ਪੜਤਾਲੀਆ ਐਸੇ ਹਿਸਾਬ ਦੀ ਪੜਤਾਲ ਨਹੀਂ ਕਰ ਸਕੇਗਾ ਜਿਸਦਾ ਨਾਮ ਫਰਿਸਤ ਵਿਚ ਨਾ ਹੋਵੇ ।

(੪) ਜੇਕਰ ਬੋਰਡ ਦੇ ਬਨਨ ਤੋਂ ੬ ਮਹੀਨੇ ਦੇ ਅੰਦਰ ਬੋਰਡ ਅੰਕ (੩) ਅਨੁਸਾਰ ਪੜਤਾਲੀਏ ਨੀਯਤ ਨਾ ਕਰੇਗੀ ਤਾਂ ਲੋਕਲ ਗਵਰਨਮੈਂਟ ਪੜਤਾਲੀਆਂ ਦੀ ਐਸੀ ਗਿਨਤੀ ਮੁਕਰਰ ਕਰ ਸਕਦੀ ਹੈ ਜੇਹੜੀ ਫਰਿਸਤ ਨੂੰ ਪੂਰਾ ਕਰਨ ਵਾਸਤੇ ਜਰੂਰੀ ਹੋਵੇ ।

(੫) ਕਿਸੇ ਮੁਸ਼ਤਹਿਰ ਸਿੱਖ ਗੁਰਦੁਵਾਰੇ ਦੀ ਕਮੇਟੀ ਜਿਸਦੀ ਕੁਲ ਆਮਦਨੀ ਸਾਲਾਨਾ ਦੋ ਹਜਾਰ ਰੁਪਏ ਤੋਂ ਜਿਆਦਾ ਨਾ ਹੋਵੇ, ਬੋਰਡ ਦੀ ਮਨਜੂਰੀ ਨਾਲ ਐਸੇ ਗੁਰਦੁਵਾਰੇ ਦੇ ਹਿਸਾਬ ਦੀ ਪੜਤਾਲ ਸਾਲ ਵਿਚ ਇਕ ਵਾਰ ਤੋਂ ਘਟ ਕਰਵਾ ਸਕਦੀ ਹੈ ਯਾ ਏਸੇ ਕਿਸਮ ਦੀ ਮਨਜੂਰੀ ਨਾਲ ਹਿਸਾਬ ਦੀ ਪੜਤਾਲ ਬਿਲਕੁਲ ਬੰਦ ਕਰਵਾ ਸਕਦੀ ਹੈ ।

(੬) ਪੜਤਾਲੀਆ ਹਿਸਾਬ ਦੇ ਦੇਖਨ ਵੇਲੇ ਅਤੇ ਪੜਤਾਲ ਕਰਨ ਵੇਲੇ ਕਮੇਟੀ ਯਾ ਕਮੇਟੀ ਦੇ ਕਿਸੇ ਮੈਂਬਰ ਯਾ ਨੌਕਰ ਪਾਸੋਂ ਲਿਖਤੀ ਮੰਗ ਕਰ ਸਕਦਾ ਹੈ ਕਿ ਉਹ ਸਾਰੀਆਂ ਕਿਤਾਬਾਂ ਤਮਸਕਾਤ ਰਸੀਦਾਂ ਅਤੇ ਐਸੇ ਸਾਰੇ ਕਾਗਜ਼ ਆਦਿਕ ਜੇਹੜੇ ਉਹ ਜਰੂਰੀ ਸਮਝੇ ਉਸਦੇ ਸਾਮਨੇ ਪੇਸ਼ ਕੀਤੇ ਜਾਨ ਅਤੇ ਕਿਸੇ ਐਸੇ ਪੁਰਸ਼ ਨੂੰ ਹਿਸਾਬ ਦੀ ਪੜਤਾਲ ਵੇਲੇ

ਖੁਦ ਹਾਜ਼ਰ ਹੋਨ ਦਾ ਹੁਕਮ ਦੇ ਸਕਦਾ ਹੈ ਜਿਸਦੇ ਪਾਸ ਐਸੀਆਂ ਕਿਤਾਬਾਂ ਤਮਸਕਾਤ ਰਸੀਦਾਂ ਯਾ ਕਾਗਜ ਆਦਿਕ ਹੋਨ ਯਾ ਜਿਨਾਂ ਦੀ ਬਾਬਤ ਉਹ ਜਵਾਬ ਦੇ ਸਕਦਾ ਹੋਵੇ ਅਤੇ ਉਹ ਸਾਰੇ ਸਵਾਲਾਂ ਦਾ ਜਵਾਬ ਦੇਵੇ ਜੇਹੜੇ ਉਸ ਕੋਲੋਂ ਕਿਸੇ ਕਾਗਜ਼ ਸੰਬੰਧੀ ਪੁਛੇ ਜਾਨ ਯਾਂ ਕੋਈ ਐਸਾ ਬਿਆਨ ਬਨਾਕੇ ਪੇਸ਼ ਕਰੇ ਜੇਹੜਾ ਪੜਤਾਲੀਆ ਜਰੂਰੀ ਸਮਝੇ।

ਦਫਾ ੧੨੨

ਪੜਤਾਲੀਏ ਦੀ ਰਪੋਟ

(੧) ਹਿਸਾਬ ਦੀ ਦੇਖਾ ਦਾਖੀ ਅਤੇ ਪੜਤਾਲ ਦੇ ਪੂਰਾ ਹੋ ਜਾਨ ਤੋਂ ੩੦ ਦਿਨਾਂ ਦੇ ਅੰਦਰ ਪੜਤਾਲੀਆ ਅਪਨੀ ਉਸ ਗੁਰ ਦੁਵਾਰੇ ਦੇ ਹਿਸਾਬ ਆਦਿਕ ਦੀ ਰਪੋਟ ਕਮੇਟੀ ਨੂੰ ਭੇਜੇਗਾ ਅਤੇ ਏਸ ਰਪੋਟ ਦੀ ਇਕ ਨਕਲ ਬੋਰਡ ਨੂੰ ਅਤੇ ਉਨਾਂ ਕਮੇਟੀਆਂ ਦੀ ਹਾਲਤ ਵਿਚ ਜਿਨਾਂ ਦਾ ਜਿਕਰ ੮੫ ਦਫਾ ਦੇ ਅੰਕ (੨) ਅਤੇ ਅੰਕ (੪) ਵਿਚ ਕੀਤਾ ਗਿਆ ਹੈ ਇਕ ਨਕਲ ਲੋਕਲ ਗਵਰਨਮੈਂਟ ਨੂੰ ਵੀ ਭੇਜੀ ਜਾਵੇਗੀ।

(੨) ਪੜਤਾਲੀਏ ਦੀ ਰਪੋਟ ਦੂਸਰੀਆਂ ਗਲਾਂ ਤੋਂ ਸਿਵਾਏ ਉਹ ਸਾਰੀਆਂ ਖਰਚ ਦੀਆਂ ਮੱਦਾਂ ਦਸੇਗੀ ਜੇਹੜੀਆਂ ਉਸਦੀ ਸਮਝ ਅਨੁਸਾਰ ਕਾਨੂਨ ਵਿਰੁਧ ਬੇਕਾਇਦਾ ਅਤੇ ਅਯੋਗ ਹੋਨ ਉਹ ਸਾਰੀਆਂ ਸੂਰਤਾਂ ਜਿਨਾ ਵਿਚ ਉਹ ਗੁਰਦੁਵਾਰੇ ਦੇ ਰੁਪੈ ਯਾ ਜਾਇਦਾਦ ਨੂੰ ਵਸੂਲ ਨਾ ਕਰ ਸਕੀ ਹੋਵੇ ਅਤੇ ਉਹ ਸਾਰੀਆਂ ਹਾਲਤਾਂ ਜਿਨਾ ਵਿਚ ਕੋਈ ਰਕਮ ਯਾ ਜਾਇਦਾਦ ਕਿਸੇ ਕੰਮ ਉਤੇ ਖਰਚ ਕੀਤੀ ਜਾਵੇ ਜਿਸਦੀ ਏਹ ਕਨੂੰਨ ਆਗਿਆ ਨਾ ਦੇਂਦਾ ਹੋਵੇ।

(੩) ਕਿਸੇ ਗੁਰਦੁਵਾਰੇ ਦੇ ਹਿਸਾਬ ਉਤੇ ਪੜਤਾਲੀਏ ਦੀ ਰੀਪੋਰਟ ਨੂੰ ਦੇਖਣ ਦਾ ਹਰ ਇਕ ਸਿੱਖ ਨੂੰ ਅਧਿਕਾਰ ਹੋਵੇਗਾ ਪਰ ਸ਼ਰਤ ਏਹ ਹੈ ਕਿ ਉਹ ਸਿੱਖ ਏਸਤਰਾਂ ਕਰਨ ਦਾ ਕਮੇਟੀ ਨੂੰ ਕਾਫੀ ਨੋਟਸ ਦੇਣ।

(੪) ਹਿਸਾਬ ਦੀ ਪੜਤਾਲ ਅਤੇ ਦੇਖਾ ਦਾਖੀ ਕਰਨ ਸੰਬੰਧੀ ਖਰਚ ਗੁਰਦੁਵਾਰੇ ਦੀ ਆਮਦਨੀ ਵਿਚੋਂ ਦਿਤਾ ਜਾਵੇਗਾ॥

ਦਫਾ ੧੨੩

ਕਮੇਟੀਆਂ ਦਾ ਬਜਟ

ਹਰਇਕ ਕਮੇਟੀ ਨੀਯਤ ਕੀਤੇ ਸਮੇਂ ਪਰ ਹਰ ਸਾਲ ਓਸ ਗੁਰਦੁਵਾਰੇ ਸੰਬੰਧੀ ਅਗਲੇ ਸਾਲ ਦੀ ਆਮਦਨੀ ਅਤੇ ਖਰਚ ਦਾ ਇਸਟੀਮੇਟ ਬੋਰਡ ਪਾਸ ਭੇਜੇਗੀ ਜੇਹੜਾ

ਉਸਦੇ ਪ੍ਰਬੰਧ ਹੇਠ ਹੋਵੇ ।

(੨) ਓਹ ਹਰ ਇਕ ਇਸਟੀਮੇਟ ਜੇਹੜਾ ਅੰਕ (੧) ਅਨੁਸਾਰ ਬੋਰਡ ਪਾਸ ਭੇਜਿਆ ਜਾਵੇ, ਬੋਰਡ ਓਸਦੀ ਛਾਨ ਬੀਨ ਕਰੇਗਾ ਅਤੇ ਜੇਕਰ ਓਹ ਏਹ ਮਲੂਮ ਕਰੇ ਕਿ ਇਸਟੀਮੇਟ ਵਿਚ ਐਸੇ ਖਰਚਾਂ ਵਾਸਤੇ ਰੁਪਯਾ ਰਖਿਆ ਗਿਆ ਹੈ ਜਿਨਾਂ ਦੀ ਆਗਿਆ ਏਹ ਕਨੂੰਨ ਨਹੀਂ ਦੇਂਦਾ ਤਾਂ ਬੋਰਡ ਕਮੇਟੀ ਨੂੰ ਹੁਕਮ ਦੇਵੇਗਾ ਕਿ ਉਹ ਇਸਟੀਮੇਟ ਨੂੰ ਖਾਸ ਵਕਤ ਦੇ ਅੰਦਰ ਬਦਲ ਦੇਵੇ ਯਾ ਓਸ ਵਿਚ ਘਾਟਾ ਵਾਧਾ ਕਰ ਦੇਵੇ ਜਿਸਤਰਾਂ ਕਿ ਬੋਰਡ ਜਰੂਰੀ ਸਮਝੇ ਅਤੇ ਜੇਕਰ ਕਮੇਟੀ ਏਸ ਵਕਤ ਦੇ ਅੰਦਰ ਏਸ ਹੁਕਮ ਦੇ ਅਨੁਸਾਰ ਕਾਰਰਵਾਈ ਨਹੀਂ ਕਰੇਗੀ ਤਾਂ ਬੋਰਡ ਕਮਿਸ਼ਨ ਪਾਸ ਦਰਖਾਸਤ ਕਰੇਗਾ ਕਿ ਓਹ ਕਮੇਟੀ ਨੂੰ ਹੁਕਮ ਦੇਵੇ ਕਿ ਉਸਨੂੰ ਬਦਲ ਦੇਵੇ ਯਾ ਓਸ ਵਿਚ ਘਾਟਾ ਵਾਧਾ ਕਰ ਦੇਵੇ ਅਤੇ ਕਮਿਸ਼ਨ ਐਸੀ ਖੋਜ ਭਾਲ ਕਰਨ ਤੋਂ ਮਗਰੋਂ ਜੇਹੜੀ ਓਸ ਦੀ ਸਮਝ ਵਿਚ ਕਰਨੀ ਜਰੂਰੀ ਹੈ ਐਸਾ ਹੁਕਮ ਪਾਸ ਕਰੇਗੀ ਜੇਹੜਾ ਓਹ ਠੀਕ ਅਤੇ ਵਾਜਬ ਸਮਝੇ ।

(੩) ਅਗਰ ਬੋਰਡ ਮਲੂਮ ਕਰੇ ਕਿ ਓਹ ਇਸਟੀਮੇਟ ਓਸ ਗੁਰਦੁਵਾਰੇ ਦੀ ਪ੍ਰਬੰਧਕ ਸਕੀਮ ਦੇ ਅਨੁਸਾਰ ਨਹੀਂ ਹੈ ਜੇਹੜੀ ਏਸ ਕਨੂੰਨ ਅਨੁਸਾਰ ਬਨਾਈ ਗਈ ਹੈ ਤਾਂ ਬੋਰਡ ਕਮੇਟੀ ਨੂੰ ਹੁਕਮ ਦੇਵੇਗੀ ਕਿ ਏਸ ਇਸਟੀਮੇਟ ਨੂੰ ਯੋਗ ਵਕਤ ਦੇ ਅੰਦਰ ਬਦਲਿਆ ਜਾਵੇ ਯਾ ਓਸ ਵਿਚ ਘਾਟਾ ਵਾਧਾ ਕੀਤਾ ਜਾਵੇ ਜਿਸਤਰਾਂ ਕਿ ਬੋਰਡ ਜਰੂਰੀ ਸਮਝੇ । ਅਤੇ ਜੇਕਰ ਕਮੇਟੀ ਐਸੇ ਸਮੇਂ ਦੇ ਅੰਦਰ ਐਸੇ ਹੁਕਮ ਦੇ ਅਨੁਸਾਰ ਕਾਰਰਵਾਈ ਨਾਂ ਕਰੇਗੀ ਤਾਂ ਬੋਰਡ ਕਮਿਸ਼ਨ ਪਾਸ ਦਰਖਾਸਤ ਕਰੇਗੀ ਕਿ ਓਹ ਕਮੇਟੀ ਨੂੰ ਹੁਕਮ ਦੇਵੇ ਕਿ ਓਸਨੂੰ ਬਦਲ ਦੇਵੇ ਯਾ ਉਸ ਵਿਚ ਘਾਟਾ ਵਾਧਾ ਕਰੇ ਅਤੇ ਕਮਿਸ਼ਨ ਐਸੀ ਖੋਜ ਭਾਲ ਕਰਨ ਦੇ ਮਗਰੋਂ ਜੇਹੜੀ ਕਿ ਉਸ ਦੀ ਸਮਝ ਵਿਚ ਜਰੂਰੀ ਹੋਵੇ ਐਸਾ ਹੁਕਮ ਪਾਸ ਕਰੇਗੀ ਜੇਹੜਾ ਕਿ ਇਹ ਠੀਕ ਅਤੇ ਮੁਨਾਸਬ ਸਮਝੇ ।

(੪) ਏਸ ਦਫਾ ਦਾ ਕੋਈ ਹੁਕਮ ਉਸ ਕਮੇਟੀ ਉਤੇ ਆਇਦ ਨਹੀਂ ਹੋਵੇਗਾ ਜੇਹੜੀ ਕਿ ਦਫਾ ੮੫ ਦੇ ਅੰਕ (੫) ਅਨੁਸਾਰ ਬਨੀ ਹੋਵੇ ।

ਦਫਾ ੧੨੪

ਨੀਯਤ ਕੀਤੀ ਰਕਮਾਂ ਦੀ ਵਸੂਲੀ	

(੧) ਕਿਸੇ ਗੁਰਦੁਵਾਰੇ ਦੀ ਕਮੇਟੀ ੧੦੭ ਦਫਾ ਅਨੁਸਾਰ ਨੀਯਤ ਕੀਤੀ ਰਕਮ ਐਸੇ ਨੋਟਸ ਦੇ ਮਗਰੋਂ ਅਤੇ ਐਸੇ ਤ੍ਰੀਕੇ ਅਨੁਸਾਰ ਜੇਹੜਾ ਕਿ ਤਜਵੀਜ਼ ਕੀਤਾ ਜਾਵੇ, ਦੇ ਦੇਵੇਗੀ।

(੨) ਜੇਕਰ ਕੋਈ ਕਮੇਟੀ ਯੋਗ ਨੋਟਸ ਦੇਨ ਤੋਂ ਬਾਦ ਐਸੀ ਰਕਮ ਜੇਹੜੀ ਅੰਕ (੧) ਅਨੁਸਾਰ ਉਸਦੇ ਜ਼ੁੰਮੇ ਹੋਵੇ, ਨਾ ਦੇ ਸਕੇਗੀ ਤਾਂ ਬੋਰਡ ਦੇ ਏਸ ਬਾਰੇ ਦਰਖਾਸਤ ਕਰਨ ਪਰ ਕਮਿਸ਼ਨ ਉਸ ਕਮੇਟੀ ਪਾਸੋਂ ਕਾਰਨ ਪੁਛੇਗੀ ਕਿ ਕਿਓਂ ਨਾ ਐਸੀ ਰਕਮ ਦੇ ਦੇ ਦੇਨ ਦਾ ਹੁਕਮ ਦਿਤਾ ਜਾਵੇ ਅਤੇ ਐਸੇ ਮੈਂਬਰ ਦੇ ਬਿਆਨ ਸੁਨਨ ਤੋਂ ਬਾਦਾਂ ਜਿਸਨੂੰ ਕਮੇਟੀ ਨੇ ਏਸ ਮਤਲਬ ਵਾਸਤੇ ਖਾਸ ਤੌਰ ਤੇ ਭੇਜਿਆ ਹੋਵੇ, ਹੁਕਮ ਦੇਵੇਗੀ ਅਤੇ ਹਦਾਇਤ ਕਰੇਗੀ ਕਿ ਐਸੀ ਰਕਮ ਜੇਹੜੀ ਉਸਦੇ ਜ਼ੁੰਮੇ ਹੋਵੇ ਇਕ ਦਫਾ ਹੀ ਇਕ ਰਕਮ ਵਿਚ ਦਿਤੀ ਜਾਵੇ ਯਾ ਕਿਸ਼ਤਾਂ ਨਾਲ ਜਿਸਤਰਾਂ ਵੀ ਏਹ ਮੁਨਾਸਬ ਸਮਝੇ।

ਭਾਗ ਦਸਵਾਂ

ਬੋਰਡ ਦੇ ਫਰਜ਼ ਤੇ ਅਖਤਿਆਰ

ਦਫਾ ੧੨੫

ਆਮ ਤੌਰ ਤੇ ਬੋਰਡ ਦੇ ਫਰਜ਼ ਤੇ ਅਖਤਿਆਰ	

(੧) ਬੋਰਡ ਦਾ ਏਹ ਫਰਜ਼ ਹੋਵੇਗਾ ਕਿ ਓਹ ਇਸ ਗਲ ਦਾ ਧਿਆਨ ਰਖੇ ਕਿ ਹਰ ਇਕ ਕਮੇਟੀ ਜਿਸਦੇ ਪ੍ਰਬੰਧ ਹੇਠ ਗੁਰਦੁਵਾਰੇ ਯਾ ਗੁਰਦੁਵਾਰਾ ਹੋਵੇ ਓਹ ਉਸਦੀ ਜਾਇਦਾਤ ਅਤੇ ਆਮਦਨੀ ਦਾ ਏਸ ਕਾਨੂੰਨ ਦੇ ਹੁਕਮਾਂ ਅਨੁਸਾਰ ਪ੍ਰਬੰਧ ਕਰਦੀ ਹੈ! ਅਤੇ ਏਸ ਫਰਜ਼ ਨੂੰ ਪੂਰਾ ਕਰਨ ਹਿਤ ਅਤੇ ਏਸ ਕਾਨੂਨ ਦੇ ਹੁਕਮ ਹੇਠਾਂ ਤੇ ਉਹਨਾਂ ਅਖਤਿਯਾਰਾਂ ਤੋਂ ਸਵਾ ਜੇਹੜੇ ਏਸ ਕਾਨੂੰਨ ਅਨੁਸਾਰ ਬੋਰਡ ਨੂੰ ਦਿਤੇ ਗਏ ਹੋਨ, ਏਸ ਕਾਨੂੰਨ ਅਨੁਸਾਰ ਸਾਰੀਆਂ ਬਨਾਈਆਂ ਕਮੇਟੀਆਂ ਉਤੇ ਨਿਗਰਾਨੀ ਕਰਨ ਦਾ ਅਖਤਿਆਰ ਬੋਰਡ ਨੂੰ ਹੋਵੇਗਾ।

ਦਫਾ ੧੨੬

ਬੋਰਡ ਦੇ ਅਖਤਿਆਰਾਂ ਉਤੇ ਪਾਬੰਦੀ

ਬੋਰਡ ਨੂੰ ਏਹ ਅਖਤਿਯਾਰ ਨਹੀਂ ਹੋਵੇਗਾ ਕਿ ਉਹ ਪੰਜਾਬ ਵਿਚ ਕਿਸੇ ਆਮ ਪੂਜਾ ਅਸਥਾਨ ਵਿਚ ਕਿਸੇ ਤਰਾਂ ਦਾ ਦਖਲ ਦੇਵੇ ਯਾ ਉਸ ਉਪਰ ਨਿਗਰਾਨੀ ਕਰੇ ਯਾ ਉਸ ਨਾਲ ਕਿਸੇ ਕਿਸਮ ਦਾ ਸੰਬੰਧ ਰਖੇ ਸਿਵਾਏ ਉਸ ਹਾਲਤ ਦੇ ਜਿਸ ਸੰਬੰਧੀ ਏਸ ਕਾਨੂੰਨ ਵਿਚ ਹੁਕਮ ਬਨਾਇਆ ਗਿਆ ਹੋਵੇ ।

ਦਫਾ ੧੨੭

ਬੋਰਡ ਵਕੰਫ ਜਾਇ-ਦਾਤਾਂ ਨੂੰ ਕਬਜ਼ੇ ਵਿਚ ਰਖ ਸਕਦਾ ਹੈ ਅਤੇ ਉਨਾਂ ਦਾ ਪ੍ਰਬੰਧ ਕਰ ਸਕਦਾ ਹੈ

ਬੋਰਡ ਨੂੰ ਅਖਤਿਆਰ ਹੋਵੇਗਾ ਕਿ ਉਹ ਧਾਰਮਕ ਖੈਰਾਇਤੀ ਯਾ ਵਿਦਜਕ ਕੰਮਾਂ ਦੇ ਟਰਸਟ ਫੰਡਾਂ (ਅਮਾਨਤਾਂ) ਨੂੰ ਅਪਨੇ ਕਬਜ਼ੇ ਵਿਚ ਰਖ ਸਕੇ ਅਤੇ ਉਹਨਾਂ ਦਾ ਪ੍ਰਬੰਧ ਕਰ ਸਕੇ ਭਾਵੇਂ ਉਹਨਾਂ ਫੰਡਾਂ ਦੀ ਆਮਦਨੀ ਉਹਨਾਂ ਰਕਮਾਂ ਤੋਂ ਪ੍ਰਾਪਤ ਹੋਵੇ ਜੇਹੜੀ ਕਿਸੇ ਕਮੇਟੀ ਵਲੋਂ ਉਸ ਦੇ ਪ੍ਰਬੰਧ ਹੇਠ ਗੁਰਦੁਵਾਰੇ ਦੇ ਫਾਲਤੂ ਸਰਮਾਏ ਯਾ ਆਮਦਨੀ ਵਿਚੋਂ, ਯਾ ਉਹਨਾਂ ਦਾਨ ਕੀਤੀਆਂ ਹੋਈਆਂ ਰਕਮਾਂ ਯਾ ਨੀਯਤ ਕੀਤੀਆਂ ਰਕਮਾਂ ਯਾ ਵਕਫਾਂ ਵਿਚੋਂ ਦਿਤੀਆਂ ਜਾਨ ਜੋ ਐਸੇ ਕੰਮਾਂ ਵਾਸਤੇ ਬੋਰਡ ਨੂੰ ਸਿਧੀਆਂ ਮਿਲਨ ।

ਦਫਾ ੧੨੮

ਅੰਤਰੰਗਕਮੇਟੀਆਂ ਤੇ ਬੋਰਡਦੀ ਨਿਗਰਾਨੀ

ਬੋਰਡ ਆਮ ਇਕਤ੍ਰਤਾ ਦੁਵਾਰਾ ਅੰਤਰੰਗ ਕਮੇਟੀ ਨੂੰ ਹਦਾਇਤ ਕਰ ਸਕਦਾ ਹੈ ਕਿ ਉਹ ਕਿਸੇ ਐਸੇ ਮੁਆਮਲੇ ਉਤੇ ਰਪੋਰਟ ਪੇਸ਼ ਕਰੇ ਜਿਸਨੂੰ ਸੁਨਨ ਦਾ ਬੋਰਡ ਨੂੰ ਅਧਕਾਰ ਹੋਵੇ ਅਤੇ ਅੰਤਰੰਗ ਕਮੇਟੀ ਨੂੰ ਕੋਈ ਐਸੀ ਕਾਰਰਵਾਈ ਕਰਨ ਦਾ ਹੁਕਮ ਦੇ ਸਕਦਾ ਹੈ ਜੇਹੜੀ ਏਸ ਕਨੂੰਨ ਅਨੁਸਾਰ ਬੋਰਡ ਦੇ ਅਖਤਿਆਰ ਵਿਚ ਹੋਵੇ

ਦਫਾ ੧੨੯

ਕੇਹੜੇ ਮੁਆਮਲੇ ਉਤੇ ਬੋਰਡ ਆਮ ਇਕਤ੍ਰਤਾ ਵਿਚ ਬੈਹਸ ਕਰ ਸਕਦਾ ਹੈ

ਬੋਰਡ ਕਿਸੇ ਇਕਤ੍ਰਤਾ ਵਿਚ ਕਿਸੇ ਸਵਾਲ ਪਰ ਵਿਚਾਰ ਅਤੇ ਬੈਹਸ ਕਰ ਸਕਦਾ ਹੈ ਜਿਸਦਾ ਫੈਸਲਾ ਕਰਨਾ ਏਸ ਕਨੂਨ ਅਨੁਸਾਰ ਉਸਦੇ ਅਖਤਿਆਰ ਵਿਚ ਹੋਵੇ ਅਤੇ ਐਸੇ ਸਵਾਲ ਉਤੇ ਜਿਸਦਾ ਸੰਬੰਧ ਸਿਧਾ ਸਿਖ ਧਰਮ ਨਾਲ ਹੋਵੇ ਵਿਚਾਰ ਅਤੇ ਬੈਹਸ ਕਰ ਸਕਦਾ ਹੈ, ਪਰੰਤੂ ਉਹ

ਕਿਸੇ ਹੋਰ ਮੁਆਮਲੇ ਉਤੇ ਵਿਚਾਰ ਯਾ ਬੈਹਸ ਕਰਨ ਯਾ ਮਤਾ ਪਾਸ ਕਰਨ, ਯਾ ਉਸ ਪਰ ਕੋਈ ਹੁਕਮ ਜਾਰੀ ਕਰਨ, ਦਾ ਅਧਿਕਾਰੀ ਨਹੀਂ ਹੋਵੇਗਾ।

ਦਫਾ ੧੩੦

ਪ੍ਰਬੰਧਕ ਸਕੀਮਾਂ ਦੇ ਫੈਸਲੇ

(੧) ਜਦੋਂ ਕਿਸੇ ਵੇਲੇ ਕਮੇਟੀ ਯਾ ਬੋਰਡ ਦਾ ਏਹ ਖਿਆਲ ਹੋਵੇ ਕਿ ਕਿਸੇ ਮੁਸ਼ਤਹਿਰ ਸਿਖ ਗੁਰਦੁਵਾਰੇ ਦੀ ਜਾਇਦਾਦ, ਦਾਨ ਕੀਤੀ ਹੋਈ ਰਕਮਾਂ, ਫੰਡਾਂ ਅਤੇ ਆਮਦਨੀ ਦੇ ਠੀਕ ਪਰਬੰਧ ਲਈ ਕੋਈ ਸਕੀਮ ਬਨਾਈ ਜਾਵੇ ਤਾਂ ਬੋਰਡ ਅਤੇ ਕਮੇਟੀ ਏਸ ਸੰਬੰਧੀ ਮਸ਼ਵਰਾ ਕਰਨਗੇ ਅਤੇ ਜੇਕਰ ਉਹ ਕਿਸੇ ਸਕੀਮ ਉਤੇ ਸੰਮਤੀ ਰਖਨ ਤਾਂ ਉਸ ਸਕੀਮ ਦਾ ਵੇਰਵਾ ਲਿਖਤੀ ਕੀਤਾ ਜਾਵੇਗਾ ਅਤੇ ਕਮੇਟੀ ਉਸ ਉਤੇ ਅਮਲ ਦਰ ਆਮਦ ਕਰੇਗੀ ।

(੨) ਅਗਰ ਕਿਸੇ ਐਸੇ ਮਸ਼ਵਰੇਵੇਲੇ ਬੋਰਡ ਅਤੇ ਕਮੇਟੀ ਕਿਸੇ ਸਕੀਮ ਉਤੇ ਸੰਮਤੀਪ੍ਰਗਟ ਨਾਕਰਨ ਤਾਂ ਕਮੇਟੀ ਯਾਬੋਰਡਕਮਿਸ਼ਨ ਪਾਸ ਦਰਖਾਸਤ ਕਰਨਗੇਅਤੇ ਕਮਿਸ਼ਨ,ਕਮੇਟੀ ਅਤੇ ਬੋਰਡ ਦੇ ਏਸ ਬਾਰੇ ਨੀਯਤ ਕੀਤੇ ਗਏ ਪੁਰਸ਼ਾਂ ਅਤੇ ਕੋਈ ਹੋਰ ਐਸੇ ਪੁਰਸ਼ਾਂ ਜਿਨਾਂ ਨੂੰ ਓਹ ਮੁਨਾਸਬ ਸਮਝੇ, ਦੇ ਬਿਆਨ ਸੁਨਣ ਤੋਂ ਮਗਰੋਂ ਆਪ ਕਿਸੇ ਐਸੀ ਸਕੀਮ ਦਾ ਫੈਸਲ਼ਾ ਦੇਵੇ ਜੇਹੜੀ ਸਕੀਮ ਕਿ ਓਹ ਠੀਕ ਅਤੇ ਯੋਗ ਸਮਝੇ ਅਤੇ ਓਸ ਉਤੇ ਵਰਤੋਂ ਕਰਨ ਦਾ ਹੁਕਮ ਦੇਵੇ ॥

(੩) ਜਦੋਂ ਕਿਸੇ ਵੇਲੇ ਕਮੇਟੀ ਅਤੇ ਬੋਰਡ ਆਪਸ ਵਿਚ ਸਲਾਹ ਮਸ਼ਵਰਾ ਕਰਨ ਤੋਂ ਮਗਰੋਂ ਏਸ ਸਿੱਟੇ ਉਤੇ ਪੁੱਜਨ ਕਿ ਐਸੀ ਸਕੀਮ ਜਿਸਦਾ ਫੈਸਲਾ ਅੰਕ (੧) ਵਿਚ ਯਾ ਅੰਕ (੨) ਵਿਚ ਕੀਤਾ ਗਿਆ ਹੈ ਕਿਸੇ ਗੁਰਦੁਵਾਰੇ ਦੀ ਜਾਇਦਾਦ ਵਕਫ, ਫੰਡਾਂ ਯਾ ਆਮਦਨੀ ਦੇ ਯੋਗ ਪ੍ਰਬੰਧ ਹਿਤ ਨਾਂ ਮਨਜ਼ੂਰ ਕੀਤਾ ਜਾਵੇ ਯਾ ਓਸ ਵਿਚ ਵਾਧਾ ਘਾਟਾ ਕੀਤਾ ਜਾਵੇ ਅਤੇ ਕਮੇਟੀ ਤੇ ਬੋਰਡ ਦੀ ਏਸ ਬਾਰੇ ਸੰਮਤੀ ਹੋਵੇ ਤਾਂ ਬੋਰਡ ਅਤੇ ਕਮੇਟੀ ਦਾ ਫੈਸਲਾ ਦਰਜ ਰਜਿਸਟਰ ਕੀਤਾ ਜਾਵੇਗਾ ਅਤੇ ਕਮੇਟੀ ਓਸ ਫੈਸਲੇ ਮੁਤਾਬਕ ਕਾਰਰਵਾਈ ਕਰੇਗੀ ॥

(੪) ਜੇਕਰ ਕਮੇਟੀ ਯਾ ਬੋਰਡ ਦੀ ਏਹ ਰਾਇ ਹੋਵੇ ਕਿ ਕਿਸੇ ਮੁਸ਼ਤਹਿਰ ਸਿੱਖ ਗੁਰਦੁਵਾਰੇ ਦੀ ਜਾਇਦਾਦ ਵਕਫ, ਫੰਡਾਂ ਯਾ ਆਮਦਨੀ ਦੇ ਯੋਗ ਪ੍ਰਬੰਧ ਹਿਤ ਓਸ ਸਕੀਮ, ਜੇਹੜੀ ਅੰਕ (੧) ਯਾ ਅੰਕ (੨) ਵਿਚ ਬਨਾਈ ਗਈ ਹੋਵੇ, ਨੂੰ ਨਾ ਮਨਜ਼ੂਰ ਕੀਤਾ ਜਾਵੇ ਯਾ ਓਸ ਵਿਚ

ਘਾਟਾ ਵਾਧਾ ਕੀਤਾ ਜਾਵੇ ਅਤੇ ਬੋਰਡ ਤੇ ਕਮੇਟੀ ਦੀ ਏਸ ਬਾਰੇ ਸੰਮਤੀ ਨਾ ਹੋਵੇ, ਤਾਂ ਬੋਰਡ ਯਾ ਕਮੇਟੀ ਕਮਿਸ਼ਨ ਪਾਸ ਦਰਖਾਸਤ ਕਰੇਗੀ ਕਿ ਐਸੀ ਸਕੀਮ ਨੂੰ ਰੱਦ ਕੀਤਾ ਜਾਵੇ, ਯਾ ਉਸਦੀ ਮਰਜੀ ਅਨੁਸਾਰ ਓਸ ਵਿਚ ਘਾਟਾ ਵਾਧਾ ਕੀਤਾ ਜਾਵੇ ਅਤੇ ਕਮਿਸ਼ਨ,ਕਮੇਟੀ ਅਤੇ ਬੋਰਡ ਦੇ ਏਸ ਬਾਰੇ ਨੀਯਤ ਕੀਤੇ ਪੁਰਸ਼ਾਂ ਅਤੇ ਹੋਰ ਐਸੇ ਪੁਰਸ਼ਾਂ ਜਿਨਾਂ ਨੂੰ ਓਹ ਯੋਗ ਸਮਝੇ, ਦੇ ਬਿਆਨ ਸੁਨਨ ਮਗਰੋਂ ਖੁਦ ਆਪ ਐਸੀ ਸਕੀਮ ਨੂੰ ਰੱਦ ਕਰੇਗੀ ਯਾ ਐਸੀ ਸਕੀਮ ਬਨਾਕੇ ਦੇਵੇਗੀ ਜੇਹੜੀ ਕਿ ਓਹ ਠੀਕ ਅਤੇ ਯੋਗ ਸਮਝੇ ਅਤੇ ਓਸ ਉਤੇ ਵਰਤੋਂ ਕਰਨ ਦਾ ਹੁਕਮ ਦੇਵੇ ॥

ਦਫਾ ੧੩੧

ਦਫਾ ੧੩੦ ਦੇ ਹੁਕਮ ਬੋਰਡਨੂੰ ਜਦੋਂ ਕਮੇਟੀ ਦੇ ਤੌਰ ਤੇ ਕੰਮ ਕਰੇ ਆਇਦ ਨਹੀ ਹੋਨਗੇ

ਜੋ ਕੁਛ ਦਫਾ ੧੩੦ ਵਿਚ ਦਰਜ ਹੈ ਉਸ ਕਮੇਟੀ ਉਤੇ ਆਇਦ ਨਹੀਂ ਹੋਵੇਗਾ ਜੇਹੜੀ ਕਿ ਦਫਾ ੮੫ ਦੇ ਅੰਕ (੧) ਅਨੁਸਾਰ ਬਨਾਈ ਜਾਵੇ।

ਦਫਾ ੧੩੨

ਬੋਰਡ ਨੂੰ ਜਾਬਤੇ ਬਨਾਨ ਦਾ ਅਧਿਕਾਰ

(੧) ਬੋਰਡ ਆਮ ਇਕਤ੍ਰਤਾ ਦੁਵਾਰਾ ਕੰਮ ਕਾਜ ਕਰਨ ਦੇ ਤ੍ਰੀਕਿਆਂ ਸੰਬੰਧੀ ਅਤੇ ਦਫਾ ੧੩੭ ਅੰਕ (੮) ਅਨੁਸਾਰ ਫੀਸ ਲਗੌਣ ਸੰਬੰਧੀ ਐਸੇ ਜਾਬਤੇ ਬਨਾਵੇਗੀ ਜੇਹੜੇ ਕਿ ਏਸ ਕਨੂੰਨ ਦੇ ਵਿਰੁਧ ਨਾ ਹੋਨ ਪਰ ਸ਼ਰਤ ਏਹ ਹੈ ਕਿ ਬੋਰਡ ਕੋਈ ਜਾਬਤਾ ਲੋਕਲ ਗਵਰਨਮੈਂਟ ਦੀ ਮਨਜੂਰੀ ਲੈਨ ਤੋਂ ਬਿਨਾ ਨਹੀ ਬਨਾਵੇਗੀ ਅਤੇ ਮਨਜੂਰੀ ਐਸਾ ਕਰਨ ਤੋਂ ਪੈਹਲਾ ਲਈ ਜਾਵੇਗੀ।

(ੳ) ਏਹ ਤਜਵੀਜ਼ ਕਰੇ ਕਿ ਬੋਰਡ ਅਤੇ ਕਮੇਟੀਆਂ ਦਾ ਬਜਟ ਕਿਸ ਸ਼ਕਲ ਵਿਚ ਪੇਸ਼ ਕੀਤਾ ਜਾਵੇਗਾ।

(ਅ) ਏਹ ਤਜਵੀਜ਼ ਕਰੇ ਕਿ ਬੋਰਡ ਦਾ ਰੁਪਯਾ ਨਫੇ ਤੇ ਲਗੌਣ ਵਾਸਤੇ ਕਿਥੇ ਰਖਿਆ ਜਾਵੇ ਅਤੇ ਐਸੇ ਕੰਮ ਕਰਨ ਦੇ ਤਰੀਕੇ ਜਿਨਾਂ ਅਨੁਸਾਰ ਬੋਰਡ ਦੀ ਮਨਜੂਰੀ ਫਾਲਤੂ ਰੁਪਏ ਨੂੰ ਖਾਸ ਬੈਂਕਾਂ ਵਿਚ ਜਮਾਂ ਕਰਾਉਨ ਵਾਸਤੇ ਲਈ ਜਾਵੇ।

(ੲ) ਏਹ ਤਜਵੀਜ਼ ਕਰੇ ਕਿ ਬੋਰਡ ਅਤੇ ਕਮੇਟੀਆਂ ਦੀ ਮੈਂਬਰੀ ਦੇ ਉਮੇਦਵਾਰਾਂ ਦੀ ਕੀ ਕਾਬਲੀਯਤ ਹੋਵੇਗੀ। ਅਤੇ ਹੋਰ ਸ਼ਰਤ

ਏਹ ਹੈ ਕਿ ਕੋਈ ਜ਼ਾਬਤਾ ਜੇਹੜਾ ਅੰਕ (ਏ) ਅਨੁਸਾਰ ਬਨਾਇਆ ਜਾਵੇ ਕਿਸੇ ਸਿਖ ਉਤੇ ਸਿਰਫ ਇਸ ਕਰਕੇ ਮੈਂਬਰ ਬਨਨ ਦੇ ਅਯੋਗ ਕਰਾਰ ਨਹੀਂ ਦੇਵੇਗਾ ਕਿ ਉਹ ਸਹਿਜਧਾਰੀ ਸਿੱਖ ਹੈ।

(੨) ਉਹ ਸਾਰੇ ਜ਼ਾਬਤੇ ਸਰਕਾਰੀ ਗਜ਼ਟ ਵਿਚ ਛਾਪੇ ਜਾਨਗੇ ਜਿਨਾਂ ਦੀ ਮਨਜ਼ੂਰੀ ਲੋਕਲ ਗਵਰਨਮੈਂਟ ਪਾਸੋਂ ਅੰਕ (੧) ਅਨੁਸਾਰ ਲੈਨੀ ਪਵੇਗੀ।

ਭਾਗ ਯਾਰਵਾਂ

ਕਮੇਟੀਆਂ ਦੇ ਅਖਤਿਆਰ ਅਤੇ ਫਰਜ਼

ਦਫਾ ੧੩੩

ਕਮੇਟੀਆਂ ਦੇ ਆਮ ਅਖਤਿਆਰ

ਇਸ ਕਾਨੂੰਨ ਹੇਠਾਂ ਕਿਸੇ ਕਮੇਟੀ ਨੂੰ ਅਪਨੇ ਪ੍ਰਬੰਧ ਹੇਠ ਗੁਰਦੁਵਾਰੇ ਯਾ ਗੁਰਦੁਵਾਰਿਆਂ ਦੇ ਔਹਦੇਦਾਰਾਂ ਅਤੇ ਗੁਜ਼ਾਰੇਦਾਰਾਂ ਉਤੇ ਅਤੇ ਐਸੇ ਗੁਰਦੁਵਾਰੇ ਯਾ ਗੁਰਦੁਵਾਰਿਆਂ ਸੰਬੰਧਤ ਜਾਇਦਾਤਾਂ ਅਤੇ ਆਮਦਨੀ ਉਤੇ (ਭਾਵੇਂ ਕਿਸੇ ਕਿਸਮ ਦੀ ਹੋਵੇ) ਨਿਗਰਾਨੀ ਅਤੇ ਐਸੇ ਗੁਰਦੁਵਾਰੇ ਯਾ ਗੁਰਦੁਵਾਰਿਆਂ ਦੇ ਸੰਬੰਧਤ ਰਹੁਰੀਤਾਂ ਨੂੰ ਯੋਗ ਤਰੀਕੇ ਤੇ ਨਭੌਨ ਲਈ ਅਤੇ ਗੁਰਦੁਵਾਰੇ ਯਾ ਗੁਰਦੁਵਾਰਿਆਂ ਦੇ ਯੋਗ ਪ੍ਰਬੰਧ ਦੀਆਂ ਸਾਰੀਆਂ ਤਜਵੀਜ਼ਾਂ ਉਤੇ ਵਰਤੋਂ ਕਰਨ ਹਿਤ ਅਤੇ ਉਸ ਯਾ ਉਨਾਂ ਦੀ ਜਾਇਦਾਦ ਆਮਦਨੀ ਅਤੇ ਵਕਫ ਦੇ ਚੰਗੇਰੇ ਪ੍ਰਬੰਧ ਹਿਤ ਪੂਰੇ ਅਖਤਿਆਰ ਹੋਨਗੇ।

ਦਫਾ ੧੩੪

ਕਮੇਟੀ ਨੂੰ ਉਹਦੇਦਾਰ ਦੇ ਮੌਕੂਫ ਕਰਨ ਦਾ ਅਧਿਕਾਰ ਹੋਵੇਗਾ

ਕਮੇਟੀ ਕਿਸੇ ਉਹਦੇਦਾਰ ਨੂੰ ਮੁਅਤਲ ਯਾ ਮੌਕੂਫ ਕਰ ਸਕੇਗੀ ਪਰ ਸ਼ਰਤ ਏਹ ਹੈ ਕਿ ਉਹ ਕਿਸੇ ਮੌਰੂਸੀ ਉਹਦੇਦਾਰ ਯਾ ਸੇਵਾਦਾਰ ਨੂੰ ਮਕੂਫ ਨਹੀ ਕਰ ਸਕੇਗੀ ਜਿੰਨਾ ਚਿਰ ਕਿ ਓਹ ਮਲੂਮ ਨਾ ਕਰ ਲਵੇ ਕਿ ਓਹ ਮੌਰੂਸੀ ਉਹਦੇਦਾਰ ਯਾ ਸੇਵਾਦਾਰ:—

(ੳ) ਬਜਟ, ਹਿਸਾਬ ਕਿਤਾਬ ਰੀਪੋਟਾਂ ਯਾ ਨਕਸ਼ੇ ਜਿਨਾਦਾਪੇਸ਼ ਕਰਨਾ ਉਸਦਾ ਫਰਜ ਹੈ ਪੇਸ਼ ਕਰਨ ਤੋਂ ਘੜੀ ਮੁੜੀ ਅਨਗਹਿਲ ਕਰਦਾ ਹੈ ਯਾਃ—

(ਅ) ਜਾਨ ਬੁਝਕੇ ਕਮੇਟੀ ਦੇ ਹੁਕਮਾਂ ਉਤੇ ਅਮਲ ਨਹੀ ਕਰਦਾ, ਯਾ

(ੲ) ਕਿਸੇ ਵਕਫ ਦੇ ਮੁਤਅਲਕ ਅਯੋਗ ਅਤੇ ਜ਼ਾਬਤੇ ਵਿਰੁਧ ਕਾਰ ਰਵਾਈ, ਖਿਆਨਤ ਯਾ ਆਪਨੇ ਫਰਜਾਂ ਨੂੰ ਨਭੌਨ ਵਿਚ ਅਨ-ਗਹਿਲੀ ਦਾ ਕਸੂਰ ਵਾਰ ਹੈ, ਯਾਃ—

(ਸ) ਉਸਨੇ ਕਿਸੇ ਗੁਰਦੁਵਾਰੇ ਦੀ ਜਾਇਦਾਦ ਸੰਬੰਧੀ ਬੇਜਾ ਖਰਚ ਕੀਤਾ ਹੈ ਯਾ ਉਸਦਾ ਅਯੋਗ ਇਸਤੇਮਾਲ ਕੀਤਾ ਹੈ, ਯਾਃ—

(ਹ) ਉਸਦੇ ਹੋਸ਼ ਹਵਾਸ਼ ਕਾਇਮ ਨਹੀਂ ਹਨ ਯਾ ਉਹ ਏਨਾ ਕਮਜੋਰ ਹੈ ਕਿ ਓਹ ਅਪਨੇ ਉਹਦੇ ਦਾ ਕੰਮ ਨਭੌਨ ਦੇ ਅਸੰਭਵ ਹੈ, ਯਾ

(ਕ) ਉਸਦਾ ਚਾਲ ਚਲਨ ਐਸਾ ਖਰਾਬ ਹੈ ਕਿ ਉਹ ਅਖਲਾਕੀ ਤੌਰ ਤੇ ਅਪਨੇ ਓਹਦੇ ਦੇ ਕਾਬਲ ਨਹੀਂ ਹੈ, ਯਾਃ—

(ਖ) ਆਮ ਪੂਜਾ ਪਾਠ ਦਾ ਪ੍ਰਬੰਧ ਯਾ ਉਸਨੂੰ ਨਭੌਨ ਸਬੰਧੀ ਯਾ ਸ੍ਰੀ ਗੁਰੂ ਗਰੰਥ ਸਾਹਿਬ ਦੇ ਹੁਕਮਾਂ ਅਨੁਸਾਰ ਰਹੁ ਰੀਤਾਂ ਦਾ ਇੰਤ ਜਾਮ ਯਾ ਪੂਰਾ ਕਰਨ ਵਿਚ ਆਪਨੇ ਫਰਜ਼ ਨੂੰ ਨਭੌਨ ਵਾਸਤੇ ਘੜੀ ਮੁੜੀ ਅਨਗਹਿਲੀ ਕਰਦਾ ਹੈ ਯਾਃ—

(ਗ) ਉਹ ਸਿਖ ਨਾ ਰਿਹਾ ਹੋਵੇ।

ਦਫਾ ੧੩੫

ਮੌਰੂਸੀ ਉਹਦੇਦਾਰ ਯਾ ਸੇਵਾਦਾਰ ਦੇ ਮੌਕੂਫ ਹੋਨ ਪਰ ਕਾਰਰਵਾਈ ਕਿਸਤਰਾਂ ਕੀਤੀ ਜਾਵੇਗੀ

(੧) ਜਦੋਂ ਕਿਸੇ ਮੌਰੂਸੀ ਉਹਦੇਦਾਰ ਯਾ ਸੇਵਾਦਾਰ ਦੇ ਮੌਕੂਫ ਕਰਨ ਦਾ ਹੁਕਮ ਦਿਤਾ ਗਿਆ ਹੋਵੇ, ਤਾਂ ਸਿਵਾਏ ਉਸ ਹਾਲਤ ਦੇ ਜਦੋਂ ਕਿ ਐਸਾ ਹੁਕਮ ਕਿਸੇ ਅਦਾਲਤ ਵਿਚ ਸਬੂਤ ਹੋਈਆਂ ਗੱਲਾਂ ਯਾਂ ਨਤੀਜਿਆਂ ਉਤੇ ਨਿਰਭਰ ਹੋਵੇ ਯਾ ਜਦੋਂ ਐਸਾ ਮੌਰੂਸੀ ਉਹਦੇਦਾਰ ਯਾ ਸੇਵਾਦਾਰ ਭਜਿਆ ਫਿਰਦਾ ਹੋਵੇ ਐਸੇ ਹੁਕਮ ਤੋਂ ਪਹਿਲਾਂ ਲਿਖਤੀ ਖੋਜ ਭਾਲ ਕੀਤੀ ਜਾਵੇਗੀ ਅਤੇ ਐਸੀ ਖੋਜ ਭਾਲ ਵਿਚ ਹਰ ਇਕ ਕਸੂਰ ਸੰਬੰਧੀ ਲਿਖਤੀ ਫਰਦ ਜੁਰਮ ਲਗਾਇਆ ਜਾਵੇਗਾ ਅਤੇ ਐਸੇ ਓਹਦਾਦਾਰ ਯਾ ਸੇਵਾਦਾਰ ਨੂੰ ਸਮਝਾਇਆ ਜਾਵੇਗਾ ਅਤੇ ਐਸੀ ਗਵਾਹੀ ਜੇਹੜੀ ਓਹ ਅਪਨੀ ਸਫਾਈ ਵਿਚ ਪੇਸ਼ ਕਰੇ ਓਹ ਅਤੇ ਉਸਦੀ ਸਫਾਈ ਉਸਦੀ ਹਾਜਰੀ ਵਿਚ

ਲਿਖ ਲੀਤੀ ਜਾਵੇਗੀ ਅਤੇ ਹਰ ਇਕ ਜੁਰਮ ਸੰਬੰਧੀ ਫੈਸਲਾ ਲਿਖਿਆ ਜਾਵੇਗਾ।

(੨) ਕਮੇਟੀ ਨੂੰ ਅਖਤਿਆਰ ਹੋਵੇਗਾ ਕਿ ਓਹ ਕਿਸੇ ਮੌਰੂਸੀ ਉਹਦੇਦਾਰ ਯਾ ਸੇਵਾਦਾਰ ਨੂੰ ਓਹਦੇ ਵਿਰੁਧ ਲਗਾਈਆਂ ਊਜਾਂ ਦੀ ਖੋਜ ਭਾਲ ਤੀਕ ਉਸ ਨੂੰ ਮੁਅੱਤਲ ਕਰ ਦੇਵੇ।

(੩) ਕੋਈ ਮੌਰੂਸੀ ਓਹਦਾਦਾਰ ਜੇਹੜਾ ਕਿ ਮੁਅੱਤਲ ਯਾ ਮੌਕੂਫਕੀਤਾਗਿਆ ਹੋਵੇ ਮੁਅੱਤਲੀ ਯਾ ਮੌਕੂਫੀ ਦੇ(ਜੈਸੀ ਹਾਲਤ ਵੀ ਹੋਵੇ)ਹੁਕਮ ਦੀ ਤ੍ਰੀਕ ਤੋਂ ਤਿੰਨਾ ਮਹੀਨਿਆਂ ਦੇ ਅੰਦਰ ਬੋਰਡ ਯਾ ਕਮਿਸ਼ਨ ਦੇ ਰੂਬਰੂ (ਜਿਸ ਤਰ੍ਹਾਂ ਵੀ ਉਸਦੀ ਮਰਜੀ ਹੋਵੇ) ਅਪੀਲ ਕਰ ਸਕਦਾ ਹੈ ਜੇਕਰ ਓਹ ਬੋਰਡ ਦੇ ਰੂਬਰੂ ਅਪੀਲ ਕਰਨਾ ਚਾਹੇ ਤਾਂ ਬੋਰਡ ਦਾ ਫੈਸਲਾ ਅਖੀਰੀ ਹੋਵੇਗਾ ਤੇ ਜੇਕਰ ਓਸਦੀ ਮਰਜੀ ਕਮਿਸ਼ਨ ਦੇ ਰੂਬਰੂ ਅਪੀਲ ਕਰਨ ਦੀ ਹੋਵੇ ਤਾਂ ਕਮਿਸ਼ਨ ਦੇ ਫੈਸਲੇ ਤੇ ਹਾਈ ਕੋਰਟ ਵਿਚ ਅਪੀਲ ਹੋ ਸਕੇਗੀ ਪਰ ਸ਼ਰਤ ਏਹ ਹੈ ਕਿ ਐਸੀ ਅਪੀਲ ਹੁਕਮ ਦੀ ਤ੍ਰੀਕ ਤੋਂ ੯੦ ਨਬੇ ਦਿਨਾਂ ਦੇ ਅੰਦਰ ਹੋ ਸਕੇਗੀ।

(੪) ਕੋਈ ਸੇਵਾਦਾਰ ਸਵਾਏ ਮੌਰੂਸੀ ਔਹਦੇਦਾਰ ਦੇ ਜੇਹੜਾ ਕਿ ਮੁਅਤਲ ਯਾ ਮੌਕੂਫ ਹੋਇਆ ਹੋਵੇ ਮੁਅਤਲੀ ਯਾ ਮੌਕੂਫੀ ਦੇ ਹੁਕਮ ਦਿਤੇ ਜਾਨ ਤੋਂ ੯੦ ਦਿਨਾਂ ਦੇ ਅੰਦਰ (ਜੈਸੀ ਸੂਰਤ ਵੀ ਹੋਵੇ) ਬੋਰਡ ਪਾਸ ਅਪੀਲ ਕਰੇਗਾ ਅਤੇ ਬੋਰਡ ਦਾ ਫੈਸਲਾ ਅਖੀਰੀ ਹੋਵੇਗਾ।

(੫) ਜਦੋਂ ਕੋਈ ਅਪੀਲ ਕਮੇਟੀ ਦੇ ਕਿਸੇ ਮੁਅਤਲੀ ਯਾ ਮੌਕੂਫੀ ਦੇ ਹੁਕਮ ਸੰਬੰਧੀ ਜੇਹੜਾ ਕਿ ਕਿਸੇ ਮੌਰੂਸੀ ਔਹਦੇਦਾਰ ਯਾ ਸੇਵਾਦਾਰ ਨੂੰ ਦਿਤਾ ਜਾਵੇ (ਜੈਸੀ ਵੀ ਸੂਰਤ ਹੋਵੇ) ਕੋਈ ਅਪੀਲ ਨਾ ਕੀਤੀ ਜਾਵੇ ਤਾਂ ਉਹ ਹੁਕਮ ਅਖੀਰੀ ਹੋਵੇਗਾ।

(੬) ਜੇਕਰ ਬੋਰਡ ਦੀ ਸਮਝ ਵਿਚ ਕਿਸੇ ਮੁਸ਼ਤਹਿਰ ਸਿੱਖ ਗੁਰਦੁਵਾਰੇ ਦਾ ਕੋਈ ਮੌਰੂਸੀ ਔਹਦੇਦਾਰ ਯਾ ਕੋਈ ਸੇਵਾਦਾਰ ੧੩੪ ਦਫਾ ਅਨੁਸਾਰ ਮੌਕੂਫ ਕੀਤਾ ਜਾਨਾ ਚਾਹੀਦਾ ਹੈ ਤਾਂ ਬੋਰਡ ਐਸੇ ਗੁਰਦੁਵਾਰੇ ਦੀ ਕਮੇਟੀ ਨੂੰ ਕਹ ਸਕਦਾ ਹੈ ਕਿ ਉਸਨੂੰ ਮੌਕੂਫ ਕੀਤਾ ਜਾਵੇ ਪਰ ਜੇਕਰ ਉਹ ਇਕ ਮਹੀਨੇ ਦੇ ਅੰਦਰ ਐਸਾ ਕਰਨ ਉਤੇ ਓਸ ਮੌਰੂਸੀ ਔਹਦੇਦਾਰ ਯਾ ਸੇਵਾਦਾਰ ਨੂੰ ਮੌਕੂਫ ਨਾ ਕਰੇ ਤਾਂ ਬੋਰਡ ਕਮਿਸ਼ਨ ਪਾਸ ਦਰਖਾਸਤ ਕਰ ਸਕਦਾ ਹੈ ਕਿ ਉਸਨੂੰ ਹਟਾਇਆ ਜਾਵੇ ਅਤੇ ਅਗਰ ਕਮਿਸ਼ਨ ਨੂੰ ਏਹ ਨਿਸਚਾ ਹੋ ਜਾਵੇ ਕਿ ਐਸੇ ਔਹਦੇਦਾਰ ਯਾ

ਸੇਵਾਦਾਰ ਨੂੰ ਮੌਕੂਫ ਕਰ ਦੇਣਾ ਚਾਹੀਦਾ ਹੈ ਤਾਂ ਉਹ ਮੌਕੂਫੀ ਦਾ ਹੁਕਮ ਦੇ ਦੇਵੇਗੀ।

(੭) ਕਮਿਸ਼ਨ ਪਾਸ ਅੰਕ (੬) ਅਨੁਸਾਰ ਜਦੋਂ ਦਰਖਾਸਤ ਕੀਤੀ ਜਾਵੇ ਤਦ ਕਮਿਸ਼ਨ ਐਸੇ ਪੁਰਸ਼ ਨੂੰ ਫੈਸਲਾ ਹੋਣ ਤੀਕ ਮੁਅਤਲ ਕਰ ਸਕਦੀ ਹੈ ਜਿਸਦੇ ਵਿਰੁਧ ਕਿ ਦਰਖਾਸਤ ਗੁਜ਼ਾਰੀ ਗਈ ਹੋਵੇ।

(੮) ਕੋਈ ਮੌਰੂਸੀ ਔਹਦੇਦਾਰ ਜੇਹੜਾ ਅੰਕ (੬) ਅਨੁਸਾਰ ਮੌਕੂਫ ਕੀਤਾ ਗਿਆ ਹੋਵੇ ਉਹ ਮੌਕੂਫੀ ਦੇ ਹੁਕਮ ਮਿਲਨ ਤੋਂ ੯੦ (ਨਬੇ) ਦਿਨਾਂ ਅੰਦਰ ਹਾਈ ਕੋਰਟ ਪਾਸ ਅਪੀਲ ਕਰ ਸਕਦਾ ਹੈ।

(੯) ਅੰਕ (੩) ਅਤੇ ਅੰਕ (੪) ਦੇ ਹੁੰਦਿਆਂ ਸੁੰਦਿਆਂ, ਜਦੋਂ ਬੋਰਡ ਦਫਾ ੮੫ ਦੇ ਅੰਕ ੧ ਅਨੁਸਾਰ ਕਮੇਟੀ ਦੀ ਹੈਸੀਅਤ ਦੇ ਤੌਰ ਕੰਮ ਕਰਦਾ ਹੋਵੇ ਤਦ ਜੇ ਓਹ ਕਿਸੇ ਮੌਰੂਸੀ ਔਹਦੇਦਾਰ ਨੂੰ ਮੁਅਤਲ ਕਰੇ ਯਾ ਮੌਕੂਫ ਕਰੇ ਤਾਂ ਏਸ ਹੁਕਮ ਦੀ ਅਪੀਲ ਸਿਰਫ ਕਮਿਸ਼ਨ ਪਾਸ ਅਤੇ ਦੂਜੀ ਅਪੀਲ ਅੰਕ (੩) ਅਨੁਸਾਰ ਹਾਈ ਕੋਰਟ ਪਾਸ ਹੋ ਸਕੇਗੀ ਅਤੇ ਜਦੋਂ ਬੋਰਡ ਐਸੀ ਕਮੇਟੀ ਦੀ ਹਸੀਯਤ ਵਿਚ ਜੇਕਰ ਕਿਸੇ ਸੇਵਾਦਾਰ ਨੂੰ ਸਿਵਾਏ ਮੌਰੂਸੀ ਔਹਦੇਦਾਰ ਤੋਂ ਮੌਕੂਫੀ ਯਾ ਮੁਅਤਲੀ ਦਾ ਹੁਕਮ ਦੇਵੇ ਤਦ ਬੋਰਡ ਦਾ ਹੁਕਮ ਅਖੀਰੀ ਹੋਵੇਗਾ ਅਤੇ ਜੋ ਕੁਛ ਅੰਕ (੬) (੭) ਯਾ (੮) ਵਿਚ ਦਰਜ ਹੈ ਬੋਰਡ ਉਤੇ ਕਮੇਟੀ ਦੀ ਹੈਸੀਯਤ ਵਿਚ ਆਇਦ ਨਹੀ ਹੋਵੇਗਾ।

ਦਫਾ ੧੩੬

ਸੇਵਾਦਾਰਾਂ ਅਤੇ ਔਹਦੇਦਾਰਾਂ ਦਾ ਰਖਣਾ

(੧) ਜੇਕਰ ਏਸ ਕਾਨੂੰਨ ਦੇ ਪ੍ਰਚਲਤ ਹੋਨ ਤੋਂ ਮਗਰੋਂ ਕੋਈ ਜਗਾ ਜਿਸਦਾ ਸੰਬੰਧ ਕਿਸੇ ਮੁਸ਼ਤਹਿਰ ਸਿਖ ਗੁਰਦ੍ਵਾਰੇ ਨਾਲ ਹੋਵੇ ਮੌਤ ਦੇ ਕਾਰਨ ਮੌਕੂਫੀ ਯਾ ਅਸਤੀਫਾ ਦੇਨ ਦੇ ਕਾਰਨ ਯਾ ਕਿਸੇ ਹੋਰ ਕਾਰਨ ਹੋਵੇ ਤਾਂ ਉਸ ਗੁਰਦੁਵਾਰੇ ਦੀ ਕਮੇਟੀ ਕਿਸੇ ਪੁਰਸ਼ ਨੂੰ ਰਖ ਸਕਦੀ ਹੈ ਜਿਸਨੂੰ ਓਹ ਏਸ ਖਾਲੀ ਜਗਾ ਦੇ ਯੋਗ ਸਮਝੇ। ਪਰ ਸ਼ਰਤ ਏਹ ਹੈ ਕਿ ਜੇਕਰ ਪਿਛਲਾ ਔਹਦੇਦਾਰ ਮੌਰੂਸੀ ਔਹਦੇਦਾਰ ਹੋਵੇ ਜਿਸਨੇ ਉਸ ਜਗਾ ਦੇ ਖਾਲੀ ਹੋਣ ਤੋਂ ਪਹਿਲੇ ਦਫਾ ੨੦ ਅਨੁਸਾਰ ਮੁਆਵਜਾ ਨਾ ਲੈ ਲਿਆ ਹੋਵੇ ਅਤੇ ਜੇਕਰ ਉਸ ਸਾਬਕ ਮੌਰੂਸੀ ਔਹਦੇਦਾਰ ਦਾ ਕੋਈ ਚੇਲਾ ਹੋਵੇ ਜੇਹੜਾ ਉਸ ਥਾਂ ਉਤੇ ਹੋਨਾ ਚਾਹੁੰਦਾ ਹੋਵੇ ਅਤੇ ਜਿਸਨੇ ਦਫਾ ੨੦ ਅਨੁਸਾਰ ਮੁਆਵਜਾ ਨਾ ਲੈ ਲਿਆ ਹੋਵੇ ਤਦ ਕਮੇਟੀ ਉਸ ਚੇਲੇ ਨੂੰ ਉਸ ਥਾਂ

ਮੁਕਰਰ ਕਰ ਦੇਵੇਗੀ ਪਰ ਕਮੇਟੀ ਉਸਨੂੰ ਮੁਕਰਰ ਨਹੀਂ ਕਰੇਗੀ ਜੇਕਰ ਉਸਦੀ ਸਮਝ ਅਨੁਸਾਰ ਓਹ ਪੁਰਸ਼ ਬਾਕਾਇਦਾ ਚੇਲਾ ਨਾ ਬਨਾਇਆ ਗਿਆ ਹੋਵੇ ਯਾ ਉਸਦਾ ਚਾਲਚਲਨ ਐਸਾ ਹੋਵੇ ਜਿਸ ਕਾਰਨ ਓਹ ਔਹਦੇ ਦੇ ਯੋਗ ਨਾ ਸਮਝਿਆ ਜਾਵੇ ਯਾ ਉਸ ਦੀ ਤਾਲੀਮ ਓਨੀ ਨਾ ਹੋਵੇ ਜੇਹੜੀ ਕਿ ਓਸ ਨੂੰ ਉਸ ਜਗਾ ਦੇ ਜੋਗ ਬਨਾ ਸਕੇ।

(੨) ਜੇਕਰ ਕੋਈ ਚੇਲਾ ਅੰਕ (੧) ਅਨੁਸਾਰ ਐਸੀ ਜਗਾ ਰਖੇਜਾਨ ਦਾ ਦਾਵਾ ਕਰੇ ਅਤੇ ਜੇਕਰ ਕਮੇਟੀ ਉਸਦੀ ਦਰਖਾਸਤ ਨਾ ਮਨਜੂਰ ਕਰੇ ਤਦ ਓਹ ਸਿਵਾਏ ਉਸ ਹਾਲਤ ਦੇ ਜਦੋਂ ਦਫਾ ੮੫ ਅੰਕ (੧) ਅਨੁ-ਸਾਰ ਬੋਰਡ ਹੀ ਕਮੇਟੀ ਦੀ ਹਸੀਯਤ ਵਿਚ ਕੰਮ ਕਰਦਾ ਹੋਵੇ, ਦਰ-ਖਾਸਤ ਨਾ ਮਨਜੂਰ ਹੋਨ ਤੋਂ ੩੦ ਦਿਨਾ ਦੇ ਅੰਦਰ ਬੋਰਡ ਪਾਸ ਅਪੀਲ ਕਰੇਗਾ ਅਤੇ ਬੋਰਡ ਦਾ ਫੈਸਲਾ ਅਖੀਰੀ ਹੋਵੇਗਾ।

ਦਫਾ ੧੩੭

ਗੁਰਦੁਵਾਰਿਆਂ ਦੇ ਰਜਿਸਟਰ ਰਖੇ ਜਾਨਗੇ

(੧) ਹਰ ਇਕ ਮੁਸ਼ਤਹਿਰ ਸਿਖ ਗੁਰਦੁਵਾਰੇ ਦੀ ਕਮੇਟੀ ਜਿੰਨੀ ਛੇਤੀ ਹੋ ਸਕੇ ਰਜਿਸਟਰ ਬਨਾਵੇਗੀ ਜਿਸਵਿਚ ਹੇਠ ਲਿਖੀਆਂ ਗੱਲਾਂ ਲਿਖੀਆਂ ਜਾਨਗੀਆਂ।

(ੳ) ਗੁਰਦੁਵਾਰੇ ਦੇ ਹੋ ਚੁਕੇ ਅਤੇ ਐਸ ਵੇਲੇ ਦੇ ਸੇਵਾਦਾਰਾਂ ਦੇ ਨਾਮ ਜਿਥੋਂ ਤੀਕ ਮਲੂੰਮ ਹੋਨ।

(ਅ) ਗੁਰਦੁਵਾਰੇ ਦੀ ਗੈਰ ਮਨਕੂਲਾ ਜਾਇਦਾਦ ਦੀ ਫਰਿਸਤ ਅਤੇ ਉਸ ਸੰਬੰਧੀ ਲਿਖਤਾਂ ਜੇਕਰ ਕੋਈ ਹੋਨ।

(ੲ) ਪ੍ਰਬੰਧਕ ਸਕੀਮ ਦਾ ਵੇਰਵਾ ਜੇਕਰ ਕੋਈ ਹੋਵੇ।

(ਸ) ਗੁਰਦੁਵਾਰੇ ਦੇ ਸੰਬੰਧਤ ਔਹਦਿਆਂ ਦੇ ਨਾਮ ਜਿਨਾਂ ਨਾਲ ਕੋਈ ਤਨਖਾਹ ਆਮਦਨੀ ਯਾ ਬਾਲਾਈ ਆਮਦਨੀ ਦਾ ਸੰਬੰਧ ਹੋਵੇ ਹਰ ਇਕ ਹਾਲਤ ਵਿਚ ਨੌਕਰੀ ਦੀਆਂ ਸ਼ਰਤਾਂ ਅਤੇ ਮਿਆਦਃ-

(ਹ) ਜਵਾਹਰਾਤ, ਸੋਨਾ, ਚਾਂਦੀ, ਕੀਮਤੀ ਪੱਥਰ, ਬਰਤਨ ਆਦਿਕ ਅਤੇ ਗੁਰਦੁਵਾਰੇ ਦੀ ਹੋਰ ਜਾਇਦਾਤ ਮਨਕੂਲਾ ਸਮੇਤ ਉਸਦੀ ਕੀਮਤ ਦੇ ਤਖਮੀਨੇ ਦੇਃ-

(ਕ) ਐਸੀਆਂ ਹੋਰ ਤਫਸੀਲਾਂ ਜਿਨਾਂ ਦੀ ਬਾਬਤ ਬੋਰਡ ਹੁਕਮ ਦੇਵੇ।

(੨) ਰਜਿਸਟਰ ਕਮੇਟੀ ਦੀ ਰਾਹੀਂ ਬੋਰਡ ਨੂੰ ਭੇਜੇ ਜਾਨਗੇ ਜੇਹੜੇ ਕਿ ਕਨੂੰਨ ਦੇ ਪ੍ਰਚਲਤ ਹੋਨ ਤੋਂ ਮਗਰੋਂ ਐਸੀ ਮਿਆਦ ਦੇ ਅੰਦਰ ਭੇਜੇ

ਜਾਨਗੇ ਜੈਸਾ ਬੋਰਡ ਹੁਕਮ ਦੇਵੇ।

(੩) ਬੋਰਡ ਰਜਿਸਟਰਾਂ ਦੀ ਪੜਤਾਲ ਕਰਨ ਤੋਂ ਮਗਰੋਂ ਹੁਕਮ ਦੇਵੇਗਾ ਕਿ ਓਹ ਰਜਿਸਟਰਾਂ ਨੂੰ ਐਸੇ ਤ੍ਰੀਕੇ ਨਾਲ ਦਰੁਸਤ ਕੀਤੇ ਜਾਨ ਜੈਸਾ ਕਿ ਜਰੂਰੀ ਪ੍ਰਤੀਤ ਹੋਵੇ ।

(੪) ਬੋਰਡ ਵਲੋਂ ਮਨਜੂਰ ਹੋਏ ਰਜਿਸਟਰ ਉਸ ਗੁਰਦੁਵਾਰੇ ਦੀ ਕਮੇਟੀ ਦੇ ਪਾਸ ਰਹਿਣਗੇ ਜਿਸ ਗੁਰਦੁਵਾਰੇ ਨਾਲ ਉਸਦਾ ਸੰਬੰਧ ਹੋਵੇਗਾ ਅਤੇ ਉਹਨਾਂ ਦੀਆਂ ਨਕਲਾਂ ਬੋਰਡ ਅਪਨੇ ਪਾਸ ਰਖੇਗਾ।

(੫) ਕਮੇਟੀ ਰਜਿਸਟਰ ਵਿਚ ਦਰਜ ਹੋਈਆਂ ਮਦਾਂ ਦੀ ਪੜਤਾਲ ਸਾਲੋ ਸਾਲ ਕਰਾਵੇਗੀ ਅਤੇ ਬੋਰਡ ਦੀ ਮਨਜੂਰੀ ਵਾਸਤੇ ਸਮੇਤ ਇਕ ਬਿਆਨ ਭੇਜੇਗੀ ਜਿਸ ਵਿਚ ਕਿ ਹੋਨ ਵਾਲੀਆਂ ਤਬਦੀਲੀਆਂ, ਘਾਟੇ ਯਾ ਵਾਧੇ ਮੁਤਅਲਕ ਖੋਲਕੇ ਦਸਿਆ ਜਾਵੇਗਾ।

(੬) ਬੋਰਡ ਐਸੇ ਬਿਆਨ ਦੀ ਪੜਤਾਲ ਦੇ ਕਰਨ ਮਗਰੋਂ ਹੁਕਮ ਦੇਵੇਗੀ ਕਿ ਕੇਹੜੀਆਂ ਤਬਦੀਲੀਆਂ ਘਾਟੇ ਯਾ ਵਾਧੇ ਰਜਿਸਟਰ ਵਿਚ ਕੀਤੇ ਜੇਹੜੇ ਜੇਹੜੇ ਕਿ ਏਹ ਜਰੂਰੀ ਸਮਝੇ ।

(੭) ਐਸੇ ਹੁਕਮ ਦੀ ਨਕਲ ਜੇਹੜਾ ਅੰਕ (੩) ਯਾ ਅੰਕ (੬) ਅਨੁਸਾਰ ਦਿਤਾ ਜਾਵੇ, ਕਮੇਟੀ ਨੂੰ ਭੇਜੀ ਜਾਵੇਗੀ ਅਤੇ ਕਮੇਟੀ ਬੋਰਡ ਦੇ ਹੁਕਮ ਅਨੁਸਾਰ ਰਜਿਸਟਰ ਵਿਚ ਤਬਦੀਲੀਆਂ, ਘਾਟੇ ਯਾ ਵਾਧੇ ਕਰ ਦੇਵੇਗੀ ।

(੮) ਬੋਰਡ ਦਾ ਪ੍ਰਧਾਨ ਯਾ ਕੋਈ ਨੌਕਰ ਜਿਸਨੂੰ ਓਸਨੇ ਏਸ ਸੰਬੰਧੀ ਅਧਕਾਰ ਦਿਤਾ ਹੋਵੇ ਯਾ ਕਮੇਟੀ ਦਾ ਪਰਧਾਨ ਐਸੇ ਰਜਿਸਟਰ ਯਾ ਕਿਸੇ ਓਸ ਵਿਚ ਦਰਜ ਕਿਸੇ ਖਾਸ ਮਦਾਂ ਦੀ ਨਕਲ ਫੀਸ ਦੇ ਵਸੂਲ ਕਰਨ ਉਤੇ ਜੇਹੜੀ ਕਿ ਬੋਰਡ ਜ਼ਾਬਤੇ ਅਨੁਸਾਰ ਮੁਕਰਰ ਕਰੇਗਾ ਦੇ ਦੇਵੇਗਾ ॥

ਐਸੀਆਂ ਨਕਲਾਂ ਦੇ ਠੀਕ ਹੋਣ ਸੰਬੰਧੀ ਬੋਰਡ ਯਾ ਕਮੇਟੀ ਦਾ ਪਰਧਾਨ ਦਫਾ ੭੬ ਕਾਨੂੰਨ ਸ਼ਹਾਦਤ ਹਿੰਦ ੧੮੭੨ ਅਨੁਸਾਰ ਦਸਤਖਤ ਕਰੇਗਾ ਜੈਸੀ ਵੀ ਸੂਰਤ ਹੋਵੇ ।

(੯) ਅੰਕ (੨), (੩), (੪), (੬) ਯਾ (੭) ਯਾ ਅੰਕ (੫) ਸਵਾਏ ਏਸਦੇ ਕਿ ਰਜਿਸਟਰ ਵਿਚ ਦਰਜ ਕੀਤੀਆਂ ਮਦਾਂ ਦੀ ਹਰ ਸਾਲ ਪੜਤਾਲ ਕੀਤੀ ਜਾਵੇਗੀ, ਹੋਰ ਕੋਈ ਹੁਕਮ ੮੫ ਦਫਾ ਦੇ ਅੰਕ (੧) ਅਨੁਸਾਰ ਬਨੀ ਕਮੇਟੀ ਉਤੇ ਆਇਦ ਨਹੀ ਹੋਵੇਗਾ।

ਦਫਾ ੧੩੮

ਟਰਸਟ (ਵਕਫ) ਦੀ ਗੈਰ ਮਨਕੂਲਾ ਜਾਇ ਦਾਦ ਦਾ ਇੰਤਕਾਲ

ਕਿਸੇ ਮੁਸ਼ਤਹਿਰ ਸਿਖਗੁਰਦੁਵਾਰੇ ਦੀ ਗੈਰਮਨਕੂਲਾ ਜਾਇਦਾਦ ਦਾ ਤਬਾਦਲਾ, ਵਿਕਰੀ ਯਾ ਰਹਨ ਯਾਕੋਈ ਪਟਾ ਜਿਸਦੀ ਮਿਆਦ ਪੰਜ ਸਾਲ ਤੋਂ ਜਿਆਦਾ ਹੋਵੇ ਯੋਗ ਨਹੀਂ ਹੋਵੇਗਾ ਜਿੰਨਾਂ ਚਿਰ ਕਿ ਗੁਰਦੁਵਾਰੇ ਦੀ ਕਮੇਟੀ ਅਤੇ ਬੋਰਡ ਨੇ ਉਸਦੀ ਮਨਜੂਰੀ ਨਾ ਦੇ ਦਿਤੀ ਹੋਵੇ।

ਦਫਾ ੧੩੯

ਕਮੇਟੀ ਨੂੰ ਨਿਯਮ ਬਨੌਨ ਦੇ ਅਧਿਕਾਰ

ਕਿਸੇ ਮੁਸ਼ਤਹਿਰ ਸਿਖ ਗੁਰਦੁਵਾਰੇ ਦੀ ਕਮੇਟੀ ਕੰਮ ਕਰਨ ਦੇ ਤ੍ਰੀਕਿਆਂ ਸੰਬੰਧੀ ਨਿਯਮ ਬਨਾ ਸਕੇਗੀ ਜੇਹੜੇ ਕਿ ਏਸ ਕਨੂੰਨਦੇ ਵਿਰੁਧ ਨਾ ਹੋਣ ਯਾ ਜੇਹੜੇ ਕਿ ਏਸ ਕਾਨੂੰਨ ਹੇਠ ਬਨਾਏ ਕਿਸੇ ਕਾਇਦੇ ਯਾ ਜ਼ਾਬਤੇ ਵਿਰੁਧ ਨਾ ਹੋਨ ਪਰ ਸ਼ਰਤ ਏਹਹੈ ਕਿ ਕੋਈ ਨਿਯਮ ਬੋਰਡ ਦੀ ਮਨਜੂਰੀ ਤੋਂ ਬਿਨਾ ਨਹੀ ਬਨਾਇਆ ਜਾਵੇਗਾ ਜੇਹੜਾ:—

(ੳ) ਕਿਸੇ ਪੁਰਸ਼ ਨੂੰ ਅਪਨੇ ਨਾਮ ਯਾ ਔਹਦੇ ਦੇ ਲਿਹਾਜ ਨਾਲ ਕੋਈ ਰਕਮ ਕਮੇਟੀ ਵਲੋਂ ਲੈਨ ਦਾ ਲੈਹਣੇ ਦੀ ਰਸੀਦ ਉਤੇ ਦਸਤਖਤ ਕਰਨ ਦਾ ਅਧਿਕਾਰ ਹੋਵੇ।

(ਅ) ਕੋਈ ਐਸਾ ਨਮੂਨਾ ਤਜਵੀਜ਼ ਕਰੇ ਜਿਸ ਵਿਚ ਕਿਸੇ ਗੁਰਦੁਵਾਰੇ ਦੇ ਪ੍ਰਬੰਧ ਹਿਤ ਹਿਸਾਬ, ਨਕਸ਼ੇ ਅਤੇ ਰੀਪੋਟ (ਆਪਨੇ ਪਾਸ) ਰਖੇ ਯਾ ਪੇਸ਼ ਕਰੇ (ਭੇਜੇ)

ਦਫਾ ੧੪੦

ਸਿਖ ਗੁਰਦੁਵਾਰਿਆਂ ਦੇ ਚੜ੍ਹਾਵੇ ਸੰਬੰਧੀ ਕਮੇਟੀ ਨੂੰ ਜ਼ਾਬਤੇ ਬਨੌਣ ਦਾ ਅਧਕਾਰ

(੧) ਕਿਸੇ ਮੁਸ਼ਤਹਿਰ ਸਿਖ ਗੁਰਦੁਵਾਰੇ ਦੀ ਕਮੇਟੀ ਨੂੰ ਵੇਲੇ ਕਵੇਲੇ ਐਸੇ ਜ਼ਾਬਤੇ ਬਨੌਣ ਦਾ ਅਧਕਾਰ ਹੋਵੇਗਾ ਜਿਸ ਨਾਲ ਏਸ ਗਲ ਦਾ ਫੈਸਲਾ ਹੋ ਸਕੇ ਕਿ ਐਸੇ ਗੁਰਦੁਵਾਰੇ ਦੇ ਯਾ ਉਸ ਸੰਬੰਧੀ ਚੜ੍ਹਾਵੇ ਦਾ ਕਿਨਾ ਹਿੱਸਾ ਉਸ ਗੁਰਦੁਵਾਰੇ ਦੀ ਮਲਕੀਯਤ ਮੰਨਿਆ ਜਾਵੇਗਾ ਅਤੇ ਐਸੇ ਚੜ੍ਹਾਵੇ ਯਾ ਚੜ੍ਹਾਵੇ ਦੇ ਕਿਸੇ ਹਿਸੇ ਦੀ ਵੰਡ ਉਸ ਗੁਰਦੁਵਾਰੇ ਦੇ ਔਹਦੇਦਾਰਾਂ ਵਿਚ ਬਾਕਾਇਦਾ ਹੋ ਸਕੇ।

(੨) ਜੇਕਰ ਅੰਕ (੧) ਅਨੁਸਾਰ ਕਮੇਟੀ ਨੇ ਕੋਈ ਜ਼ਾਬਤੇ ਨਾ ਬਨਾਏ ਹੋਨ ਤਾਂ ਸਾਰਾ ਚੜ੍ਹਾਵਾ ਉਸ ਮੁਸ਼ਤਹਿਰ ਸਿਖ ਗੁਰਦੁਵਾਰੇ ਦੀ ਮਲਕੀਅਤ ਮੰਨੀ ਜਾਵੇ ਜਿਸ ਵਿਚ ਚੜ੍ਹਾਵਾ ਚੜ੍ਹਿਆ ਹੋਵੇ ॥

ਬਾਰਵਾਂ ਭਾਗ

ਮੁਤਫਰਕ

ਦਫਾ ੧੪੧

ਔਹਦੇਦਾਰਾਂ ਦੀ ਤਨਖਾਹ ਉਹਨਾਂ ਦੀ ਜਾਇਦਾਦ ਹੋਵੇਗੀ

ਮੁਸ਼ਤਹਿਰ ਸਿਖ ਗੁਰਦੁਵਾਰੇ ਦੇ ਕਿਸੇ ਸੇਵਾਦਾਰ ਯਾ ਔਹਦੇਦਾਰ ਦੀ ਤਨਖਾਹ ਯਾ ਅਲਾਊਂਸ ਅਤੇ ਕੋਈ ਐਸੀ ਜਾਇਦਾਦ ਜੇਹੜੀ ਕਿ ਉਸਨੇ ਅਪਨੀ ਤਨਖਾਹ ਯਾ ਅਲਾਊਂਸ ਨਾਲ ਪੈਦਾ ਕੀਤੀ ਹੋਵੇ ਐਸੇ ਸੇਵਾਦਾਰ ਯਾ ਔਹਦੇਦਾਰ ਦੀ ਮਲਕੀਯਤ ਹੋਵੇਗੀ।

ਦਫਾ ੧੪੨

ਕਾਨੂੰਨ ਵਿਰੁਧ ਕਾਰਰਵਾਈ ਵਗੈਰਾ ਦੀ ਬਾਬਤ ਮੁਤਅਲਕਾ ਪੁਰਸ਼ਾਂ ਦੀ ਕਮਿਸ਼ਨ ਪਾਸ ਸ਼ਕਾਇਤ

(੧) ਮਜਮੂਆ ਜ਼ਾਬਤਾ ਦੀਵਾਨੀ ੧੯੦੮ ਦੀ ਦਫਾ ੯੨ ਯਾ ਕਨੂਨ ਦਾਦ ਰਸੀ ਖਾਸ ੧੮੭੭ ਵਿਚ ਦਰਜ ਕਿਸੇ ਹੁਕਮ ਦੇ ਹੁੰਦਿਆਂ ਸੁੰਦਿਆਂ ਕੋਈ ਪੁਰਸ਼ ਜਿਸਦਾ ਸੰਬੰਧ ਕਿਸੇ ਮੁਸ਼ਤਹਿਰ ਸਿਖ ਗੁਰਦੁਵਾਰੇਨਾਲ ਹੋਵੇ ਏਸਦਾ ਹੱਕਦਾਰ ਹੋਵੇਗਾ ਕਿ ਉਹ ਦੂਜੇ ਪੁਰਸ਼ਾਂ ਦੇ ਸਾਥ ਸ਼ਾਮਲ ਹੋਨ ਤੋਂ ਬਿਨਾਂ ਕਮਿਸ਼ਨ ਪਾਸ ਬੋਰਡ ਯਾ ਬੋਰਡ ਦੀ ਅੰਤਰੰਗ ਕਮੇਟੀ ਯਾ ਕਮੇਟੀ ਦੇ ਵਿਰੁਧ ਯਾ ਬੋਰਡ, ਬੋਰਡ ਦੀ ਅੰਤਰੰਗ ਕਮੇਟੀ ਯਾ ਕਮੇਟੀ ਦੇ ਕਿਸੇ ਮੈਂਬਰ ਦੇ ਵਿਰੁਧ ਯਾ ਗੁਰਦੁਵਾਰੇ ਦੇ ਕਿਸੇ ਔਹਦੇਦਾਰ ਦੇ ਵਿਰੁਧ ਕਿਸੇ ਕਾਨੂੰਨ ਵਿਰੁਧ, ਯਾ ਨਾਜਾਇਜ਼ ਕਾਰਰਵਾਈ ਖਿਆਨਤ ਯਾ ਅਪਨੇ ਯਾ ਅਪਨੇ ਜ਼ੁੰਮੇਵਾਰੀ ਵਿਚ ਅਨਗਹਿਲੀ ਕਰਨੇ ਯਾ ਏਸ ਕਨੂੰਨ ਅਨੁਸਾਰ ਦਿਤੇ ਗਏ ਅਧਿਕਾਰਾਂ ਦਾ ਗਲਤ ਇਸਤੈਮਾਲ ਅਤੇ ਕਿਸੇ ਖਰਚ ਦਾ ਕਰਨਾ ਜਿਸਦੀ ਆਗਜ਼ਾ ਏਹ ਕਨੂੰਨ ਨਹੀਂ ਦੇਂਦਾ ਦੇ ਮੁਤਅਲਕ ਦਰਖਾਸਤ ਪੇਸ਼ ਕਰਦੇ ਅਤੇ ਜੇਕਰ ਕਮਿਸ਼ਨ ਨੂੰ ਏਸ ਗਲ ਦਾ ਸਬੂਤ ਮਿਲ ਜਾਵੇ ਕਿ ਐਸੀ ਨਾਜਾਇਜ਼ ਯਾ ਕਾਨੂੰਨ ਵਿਰੁਧ ਕਾਰਰਵਾਈ, ਖਿਆਨਤ, ਯਾ ਅਨਗਹਿਲੀ ਯਾ ਅਖਤਿਆਰ ਅਤੇ ਖਰਚਾਂ ਦਾ ਗਲਤ

ਇਸਤੇਮਾਲ ਕੀਤਾ ਗਿਆ ਹੈ ਤਾਂ ਓਸਨੂੰ ਅਧਿਕਾਰ ਹੋਵੇਗਾ ਕਿ ਏਸ ਕਨੂੰਨ ਦੇ ਹੁਕਮਾਂ ਅਨੁਸਾਰ ਅਤੇ ਕਿਸੇ ਕਾਨੂੰਨ ਯਾ ਜ਼ਾਬਤਿਆਂ ਦੇ ਅਨੁਸਾਰ ਏਹ ਹੁਕਮ ਦੇਵੇ ਕਿ ਏਸ ਦੇ ਬੰਦੋਬਸਤ ਵਾਸਤੇ ਕੋਈ ਖਾਸ ਕਾਰਰਵਾਈ ਕੀਤੀ ਜਾਵੇ ਯਾ ਨਾ ਕੀਤੀ ਜਾਵੇ ਅਤੇ ਓਹ ਐਸੇ ਕੰਮਾਂ ਦੇ ਜੁੰਮੇਵਾਰ ਪੁਰਸ਼ ਦੇ ਵਿਰੁਧ ਹਰ-ਜਾਨਾ ਯਾ ਖਰਚ ਦਿਵਾ ਸਕਦੀ ਹੈ ਅਤੇ ਸਾਥ ਹੀ ਬੋਰਡ, ਯਾ ਅੰਤਰੰਗ ਕਮੇਟੀ ਯਾ ਕਮੇਟੀ ਦੇ ਕਿਸੇ ਔਹਦੇਦਾਰ ਮੈਂਬਰ ਨੂੰ ਹਟਾ ਦੇਣ ਦਾ ਹੁਕਮ ਦੇ ਸਕਦੀ ਹੈ ਜੇਹੜੇ ਐਸੇ ਕਰਤੱਬਾਂ ਦੇ ਜੁੰਮੇਵਾਰ ਹੋਣ ॥

(੨) ਬੋਰਡ ਏਸ ਕਿਸਮ ਦੀ ਦਰਖਾਸਤ ਕਮਿਸ਼ਨ ਪਾਸ ਕਰ ਸਕਦਾ ਹੈ ਜਿਸਦਾ ਕਮਿਸ਼ਨ ਏਸੇਤਰਾਂ ਹੀ ਫੈਸਲਾ ਕਰੇਗੀ।

(੩) ਕੋਈ ਪੁਰਸ਼ ਜਿਸਨੂੰ ਕਮਿਸ਼ਨ ਦੇ ਹੁਕਮਾਂ ਨਾਲ ਜੇਹੜੇ ਅੰਕ (੧ ਯਾ ਅੰਕ (੨, ਹੇਠਾਂ ਦਿਤੇ ਗਏ ਹੋਣ ਕੋਈ ਨੁਕਸਾਨ ਪੁੱਜਾ ਹੋਵੇ ਤਾਂ ਓਹ ਐਸੇ ਹੁਕਮ ਮਿਲਨ ਤੋਂ ੯੦ ਦਿਨਾਂ ਦੇ ਅੰਦਰ ਹਾਈ ਕੋਰਟ ਪਾਸ ਅਪੀਲ ਕਰ ਸਕਦਾ ਹੈ।

ਦਫਾ ੧੪੩

ਦਰਖਾਸਤ ਦਾ ਨੋਟਸ ਦਿਤਾ ਜਾਵੇਗਾ

ਬੋਰਡ ਯਾ ਕਮੇਟੀ ਦੇ ਵਿਰੁਧ ਕੋਈ ਦਰਖਾਸਤ ੧੪੨ ਦਫਾ ਹੇਠਾਂ ਨਹੀਂ ਦਿਤੀ ਜਾਵੇਗੀ ਜਿੰਨਾਂ ਚਿਰ ਕਿ ਬੋਰਡ ਯਾ ਕਮੇਟੀ ਨੂੰ ਲਿਖਤੀ ਦਿਤੇ ਨੋਟਸ ਨੂੰ ਦੋ ਮਹੀਨੇ ਨਾ ਗੁਜਰੇ ਹੋਨ ਜੈਸੀ ਹਾਲਤ ਵੀ ਹੋਵੇ ਜਿਸ ਵਿਚ ਓਹ ਪੁਰਸ਼ ਏਸ ਦਾ ਕਾਰਨ, ਅਪਨਾ ਨਾਮ ਅਤੇ ਪਤਾ ਦੇਵੇਗਾ ਅਤੇ ਏਹ ਵਿਚ ਦੱਸੇਗਾ ਕਿ ਕੀ ਹਰਜਾਨਾ ਓਸ ਨੂੰ ਮਿਲਨਾ ਚਾਹੀਦਾ ਹੈ ਅਤੇ ਐਸੀ ਦਰਖਾਸਤ ਵਿਚ ਏਹ ਲਿਖਿਆ ਜਾਵੇਗਾ ਕਿ ਨੋਟਸ ਦਿਤਾ ਗਿਆ ਹੈ ॥

ਦਫਾ ੧੪੪

ਗਵਰਨਮੈਂਟ ਗੁਰਦੁਵਾਰਿਆਂ ਦੇ ਮੁਆਮਲੇ ਵਿਚਦਖਲ ਨਹੀਂ ਦੇਵੇਗੀ ਸਿਵਾਏ ਏਸਦੇ ਜੋ ਕੁਛ ਏਹ ਕਾਨੂੰਨ ਕਰਨ ਦੀਆਗਿਆਕਰਦਾਹੈ

ਸਿਵਾਏ ਉਸਦੇ ਜੋ ਕੁਛ ਏਹ ਕਾਨੂੰਨ ਯਾ ਕੋਈ ਹੋਰ ਕਾਨੂੰਨ ਹੁਕਮ ਦੇਂਦਾ ਹੈ, ਏਹ ਕਾਨੂੰਨ ਅਨੁਸਾਰ ਨਹੀਂ ਹੋਵੇਗੀ ਕਿ ਲੋਕਲ ਗਵਰਨਮੈਂਟ ਯਾ ਉਸਦਾ ਕੋਈ ਮੁਨਤਜ਼ਿਮ ਅਫਸਰ ਅਪਨੀ ਸਰਕਾਰੀ ਹੈਸੀਯਤ ਵਿਚ ਕਿਸੇ ਜ਼ਮੀਨ ਯਾ ਦੂਜੀਜਾਇਦਾਦ ਦੀ ਨਿਗਰਾਨੀ ਕਰੇ ਯਾ ਅਪਨੇ ਜੁੰਮੇ ਲਵੇ ਜੇਹੜੀ ਕਿਸੇ ਮੁਸ਼ਤਹਿਰ ਸਿਖ ਗੁਰਦੁਆਰੇ ਦੀ ਸਹਾਇਤਾ ਹਿਤ ਬਖਸ਼ੀਸ ਕੀਤੀ

ਗਈ ਹੋਵੇ ਯਾ ਕਿਸੇ ਹੋਰ ਕਰਕੇ ਉਸ ਨਾਲ ਸੰਬੰਧ ਹੋਵੇ ਯਾ ਉਮਦੀ ਕਾਇਮੀ ਵਾਸਤੇ ਜੇਹੜੀ ਜਾਇਦਾਦ ਵਕਫ ਕੀਤੀ ਗਈ ਹੋਵੇ ਉਸਦੇ ਪ੍ਰਬੰਧ ਯਾ ਖਰਚ ਵਿਚ ਹਿੱਸਾ ਲਵੇ ਯਾਂ ਕਿਸੇ ਗੁਰਦੁਵਾਰੇ ਦੇ ਔਹਦੇਦਾਰ ਨੂੰ ਨੀਯਤ ਕਰੇ ਯਾ ਮੁਕਰਰ ਕਰੇ ਯਾ ਕਿਸੇ ਐਸੇ ਗੁਰਦੁਵਾਰੇ ਨਾਲ ਕਿਸੇ ਕਿਸਮ ਦਾ ਵਾਸਤਾ ਰਖੇ।

ਦਫਾ ੧੪੫

ਬੋਰਡ ਯਾ ਕਮੇਟੀ ਦੀ ਕਾਰਰਵਾਈ ਕਾਨੂੰਨ ਵਿਰੁਧ ਹੋਣ ਕਰਕੇ ਨਾਜਾਇਜ਼ ਕਰਾਰ ਨਹੀਂ ਦਿਤੀ ਜਾਵੇਗੀ

ਬੋਰਡ ਯਾ ਉਸਦੀ ਅੰਤਰੰਗ ਕਮੇਟੀ ਯਾ ਕਿਸੇ ਕਮੇਟੀ ਦਾ ਕੋਈ ਕੰਮ ਅਦਾਲਤ ਦੀ ਕਾਰਰਵਾਈ ਵਿਚ ਅਯੋਗ ਕਰਾਰ ਨਹੀਂ ਦਿਤਾ ਜਾਵੇਗਾ ਕਿ ਬੋਰਡ ਯਾ ਅੰਤਰੰਗ ਕਮੇਟੀ ਯਾ ਕਮੇਟੀ ਜੈਸੀ ਵੀ ਸੂਰਤ ਹੋਵੇ ਦੀ ਬਨਾਵਟ ਵਿਚ ਕੋਈ ਨੁਕਸ ਹੈ ਯਾ ਬੋਰਡ ਯਾ ਅੰਤਰੰਗ ਕਮੇਟੀ ਯਾ ਕਮੇਟੀ (ਜੈਸੀ ਸੂਰਤ ਹੋਵੇ) ਦੇ ਕੰਮ ਕਰਨ ਦੀ ਤ੍ਰੀਕੇ ਬੇਜ਼ਾਬਤਾ ਹਨ ਉਸ ਹਾਲਤ ਤੋਂ ਸਵਾਏ ਜਿਸ ਵਿਚ ਕਿ ਐਸੀ ਬੇਜ਼ਾਬਤੀ ਕਰਕੇ ਇਨਸਾਫ ਨਾ ਹੋਇਆ ਹੋਵੇ।

ਦਫਾ ੧੪੬

ਨਿਯਮ ਬਨਾਨ ਸੰਬੰਧੀ ਲੋਕਲ ਗਵਰਨਮੈਂਟ ਦੇ ਅਖਤਿਆਰ

(੧) ਲੋਕਲ ਗਵਰਨਮੈਂਟ ਐਸੇ ਨਿਯਮ ਬਨਾ ਸਕੇਗੀ ਜੇਹੜੇ ਇਸ ਕਾਨੂੰਨ ਦੇ ਭਾਵ ਦੇ ਵਿਰੁਧ ਨਾ ਹੋਨ ਅਤੇ ਜੇਹੜੇ ਇਸ ਕਾਨੂੰਨ ਦੇ ਮਤਲਬ ਯਾ ਮਤਲਬਾਂ ਨੂੰ ਪੂਰਾ ਕਰਨ।

(੨) ਖਾਸ ਕਰ ਅਤੇ ਉਤੇ ਦੱਸੇ ਗਏ ਅਧਿਕਾਰਾਂ ਉਤੇ ਕਿਸੇ ਕਿਸਮ ਦਾ ਅਸਰ ਪੌਣ ਤੋਂ ਬਿਨਾਂ ਲੋਕਲ ਗਵਰਨਮੈਂਟ ਹੇਠ ਲਿਖੇ ਨਿਯਮ ਬਨਾ ਸਕਦੀ ਹੈ॥

(ੳ) ਵੋਟਰਾਂ ਦੇ ਨਾਮ ਰਜਿਸਟਰ ਦਰਜ ਕਰਨੇ।

(ਅ) ਉਮੈਦਵਾਰਾਂ ਦਾ ਨੀਯਤ ਕਰਨਾ, ਚੋਣ ਹੋਣ ਦੇ ਸਮੇਂ ਜੇਹੜੇ ਇਸ ਕਨੂੰਨ ਦੇ ਹੁਕਮਾਂ ਹੇਠ ਨੀਯਤ ਕੀਤੇ ਜਾਨ, ਵੋਟਾਂ ਦੇ ਦਰਜ ਕਰਨੇ ਅਤੇ ਗਿਣਤੀ ਕਰਨ ਦੇ ਤ੍ਰੀਕੇ, ਅਤੇ ਐਸੀ ਚੋਣ ਦੇ ਨਤੀਜੇ ਸੰਬੰਧੀ ਐਲਾਨ।

(ੲ) ਚੋਣ ਸੰਬੰਧੀ ਖੋਜ ਭਾਲ ਕਰਨਾ ਤੇ ਪਏ ਝਗੜਿਆਂ ਦੇ ਫੈਸਲੇ ਕਰਨਾ।

(ਸ) ਏਸ ਕਨੂੰਨ ਅਨੁਸਾਰ ਹੋਈ ਚੋਣ ਉਤੇ ਐਸੇ ਕਾਰਰਵਾਈਆਂ ਦੀ ਤਾਰੀਫ (ਵੇਰਵਾ) ਜਿਨਾਂ ਨੂੰ ਨਾਜਾਇਜ਼ ਦੱਸਿਆ ਜਾਵੇਗਾ।

(ਹ) ਐਸੀ ਚੋਣ ਉਤੇ ਹੋਈਆਂ ਨਾਜਾਇਜ਼ ਕਾਰਰਵਾਈਆਂ ਦੇ ਦੂਸ਼ਨਾਂ ਦੀ ਖੋਜ ਭਾਲ।

(ਕ) ਐਸੇ ਪੁਰਸ਼ ਦੀ ਚੋਣ ਨੂੰ ਰੱਦ ਕਰ ਦੇਣਾ ਜੇਹੜਾ ਕਿਸੇ ਨਾਜਾਇਜ਼ ਕਾਰਰਵਾਈ ਦੇ ਕਰਨ, ਯਾ ਕਿਸੇ ਨਾਜਾਇਜ਼ ਕਾਰਰਵਾਈ ਉਤੇ ਪੜਦਾ ਪੋਸ਼ੀ ਕਰਨ ਯਾ ਉਸ ਕਾਰਰਵਾਈ ਦੀ ਪੁਸ਼ਟੀ ਕਰਣ ਦਾ ਮੁਜਰਮ ਸਾਬਤਹੋਵੇ ਯਾ ਜਿਸਦਾ ਏਜੰਟ ਇਸਤਰਾਂ ਮੁਜਰਮ ਸਾਬਤ ਹੋ ਜਾਵੇ ਯਾ ਜਿਸਦੀ ਚੋਣ ਦੇ ਨਤੀਜੇ ਉਤੇ ਕਿਸੇ ਪ੍ਰਚਲਤ ਕਨੂੰਨ ਯਾ ਨਿਯਮਾਂ ਦੀ ਵਿਰੋਧਤਾ ਨਾਲ ਕਾਫੀ ਅਸਰ ਪਇਆ ਹੋਵੇ।

(ਖ) ਕਿਸੇ ਪੁਰਸ਼ ਨੂੰ ਹਮੇਸ਼ਾ ਵਾਸਤੇ ਯਾ ਕੁਛ ਸਾਲਾਂ ਵਾਸਤੇ ਔਹਦੇ ਦੇ ਅਯੋਗ ਕਰਾਰ ਦੇਨਾ ਜੇਹੜਾ ਉਤੇ ਦਸੇ ਗਏ ਤ੍ਰੀਕਿਆਂ ਨਾਲ ਕਿਸੇ ਨਾਜਾਇਜ ਕਾਰਰਵਾਈ ਕਰਨ ਯਾ ਉਸਤੇ ਪੜਦਾ ਪੋਸ਼ੀ ਕਰਨ ਯਾ ਉਸਦੀ ਪੁਸ਼ਟੀ ਕਰਨ ਦਾ ਮੁਜਰਮ ਸਾਬਤ ਹੋ ਚੁਕਾ ਹੋਵੇ।

(ਗ) ਐਸੇ ਅਖਤਿਆਰ ਦਾ ਤਜਵੀਜ਼ ਕਰਨਾ ਜਿਸ ਦੇ ਨਾਲ ਅੰਕ (ੳ, ਅ, ੲ, ਹ, ਕ ਤੇ ਖ) ਸੰਬੰਧੀ ਸਵਾਲਾਂ ਦਾ ਫੈਸਲਾ ਕੀਤਾ ਜਾਵੇਗਾ।

(ਘ) ਓਹ ਤ੍ਰੀਕਾ ਜਿਸਦੇ ਨਾਲ ਕਿਸੇ ਗੁਰਦੁਵਾਰੇ ਦੇ ਆਮਦਨੀ ਦਾ ਅੰਦਾਜ਼ਾ ਲਗਾਇਆ ਜਾਵੇਗਾ ਵਾਸਤੇ ਮੁਕਰਰ ਕਰਨੇ ਉਸ ਰਕਮ ਦੇ ਜਿਸਦਾ ਵੇਰਵਾ ਦਫਾ ੧੦੭ ਵਿਚ ਕੀਤਾ ਗਿਆ ਹੈ, ਅਤੇਃ–

(ਙ) ਓਹ ਅਫਸਰ ਜਿਸ ਕੋਲ ਅਤੇ ਉਹ ਤ੍ਰੀਕਾ ਜਿਸ ਅਨੁਸਾਰ ਏਸ ਕਨੂੰਨ ਹੇਠਾਂ ਦਰਖਾਸਤਾਂ, ਅਰਜੀਆਂ ਅਤੇ ਨਾਲਸ਼ਾਂ ਯਾ ਕਾਰ-ਰਵਾਈਆਂ ਦੇ ਕਾਗਜ਼ ਜੇਹੜੇ ਕਿਸੇ ਖਾਸ ਅਦਾਲਤ ਯਾ ਕਮਿਸ਼ਨ (ਜੈਸੀ ਵੀ ਸੂਰਤ ਹੋਵੇ) ਦੇ ਰੂਬਰੂ ਪੇਸ਼ ਦਾਇਰ ਯਾ (ਜੈਸੀ ਵੀ ਸੂਰਤ ਹੋਵੇ) ਭੇਜੇ ਜਾ ਸਕਦੇ ਹੈਨ ਯਾ ਪੇਸ਼ ਕੀਤੇ ਜਾਨ ਉਸ ਹਾਲਤ ਵਿਚ ਪੇਸ਼ ਦਾਇਰ ਯਾ ਭੇਜੇ ਜਾਨਗੇ ਜਦੋਂ ਕੋਈ ਖਾਸ ਅਦਾਲਤ ਯਾ ਕਮਿਸ਼ਨ ਬਣੀ ਹੋਈ ਨਾ ਹੋਵੇ ਯਾ ਬੈਠੀ ਹੋਈ ਨਾ ਹੋਵੇ।

ਦਫਾ ੧੪੭

ਚੋਨ ਦੇ ਵਰਤਾਰੇ ਸੰਬੰਧੀ ਖੋਜ ਭਾਲ ਕਰਨ ਵਾਸਤੇ ਅਫ-ਸਰਾਂ ਨੂੰ ਅਦਾਲਤੀ ਅਖਤਿਆਰ ਲੋਕਲ ਗਵਰਨਮੈਂਟ ਦੇ ਸਕੇਗੀ

ਲੋਕਲ ਗਵਰਨਮੈਂਟ ਕਿਸੇ ਪੁਰਸ਼ ਯਾ ਪੁਰਸ਼ਾਂ ਨੂੰ ਜੇਹੜੇ ਔਹਦੇ ਵਲੋਂ ਕਿਸੇ ਚੋਨ ਦੀ ਕਾਰਰਵਾਈ ਸੰਬੰਧੀ ਯਾ ਕਿਸੇ ਚੋਨ ਵੇਲੇ ਜੇਹੜੀ ਏਸ ਕਨੂੰਨ ਦੇ ਹੁਕਮਾਂ ਅਨੁਸਾਰ ਕੀਤੀ ਗਈ ਹੋਵੇ, ਦਸੀਆਂ ਨਾ-ਜਾਇਜ਼ ਕਾਰਰਵਾਈਆਂ ਦੇ ਦੂਸ਼ਨਾ ਸੰਬੰਧੀ ਖੋਜ ਭਾਲ ਕਰਨ ਦਾ ਅਖਤਿਆਰ ਹੋਵੇਗਾ ਐਸੇ ਅਖਤਿਆਰ ਸਾਰੇ ਯਾ ਉਹਨਾਂ ਵਿਚੋਂ ਚੰਦ ਉਹਨਾਂ ਦੇ ਸਪੁਰਦ ਕਰ ਸਕਦੀ ਹੈ, ਜੇਹੜੇ ਕਾਨੂੰਨ ਜੁਰਾਇਮ ਅਤੇ ਤਹਕੀਕਾਤ ਇੰਤਖਾਬ ਹਿੰਦ ਕਾਨੂੰਨ ਨੰਃ ੩੯ ਸੰਃ ੧੯੨੦ ਦੇ ਦੂਜੇ ਹਿੱਸੇ ਦੇ ਹੁਕਮਾਂ ਹੇਠ ਨੀਯਤ ਕੀਤੀਆਂ ਕਮਿਸ਼ਨਾਂ ਨੂੰ ਦਿਤੇ ਜਾਨ ਅਤੇ ਕੰਮ ਦੇ ਐਸੇ ਤ੍ਰੀਕੇ ਜਿਨਾਂ ਉਤੇ ਕੰਮ ਕੀਤਾ ਜਾਵੇਗਾ ਨੀਯਤ ਕਰ ਸਕਦੀ ਹੈ ਅਤੇ ਖਰਚੇ ਆਦਕ ਸੰਬੰਧੀ ਕਿਸੇ ਐਸੇ ਹੁਕਮ ਦੀ ਪਾਲਨਾ ਕਰਨ ਦਾ ਉਪਰਾਲਾ ਕਰ ਸਕਦੀ ਹੈ ਜੇਹੜੇ ਐਸੇ ਪੁਰਸ਼ ਯਾ ਪੁਰਸ਼ਾਂ ਵਲੋਂ ਖੋਜ ਭਾਲ ਵਿਚ ਦਿਤੇ ਜਾਨ ।

ਦਫਾ ੧੪੮

ਕਮੀਸ਼ਨ ਦੀ ਕਾਰ-ਰਵਾਈ ਦੀ ਭਾਸ਼ਾ

ਕਮੀਸ਼ਨ ਦੀ ਕਾਰਰਵਾਈ ਉਸ ਭਾਸ਼ਾ ਵਿਚ ਕੀਤੀ ਜਾਵੇਗੀ ਜੇਹੜੀ ਕਮਿਸ਼ਨ ਵੇਲੇ ਕੁਵੇਲੇ ਨੀਯਤ ਕਰੇ।

ਇਤੀ

ਅਗੇ ਦੇਖੋ ਵੇਰਵਾ ਫ਼ਰਦਾਂ ਦਾ

ਮੁਤੱਲਕਾ ਦਫ਼ਾ ੩ ਤੇ ੯੦

ਏਸੇ ਐਕਟ ਦੀਆਂ

ਫ਼ਰਦ ਨੰਬਰ ੧

(ਦੇਖੋ ਦਫ਼ਾ ੩ ਤੇ ੯੦ ਏਸੇ ਐਕਟ ਦੀ)

ਨੰਬਰ	ਜਿਲਾ	ਤਹਸੀਲ	ਹਲਕਾਪਟਵਾਰੀ	ਗੁਰਦਵਾਰਿਆਂ ਦੇ ਨਾਮ	ਪ੍ਰਬੰਧਕ ਕਮੇਟੀ ਦੀ ਚੋਣ ਦਾ ਹਲਕਾ ਜਿਸ ਤਰਾਂ ਦਫ਼ਾ ੮੫ ਵਿਚ ਦਰਜ ਹੈ
੧	ਲਾਹੌਰ	ਲਾਹੌਰ	ਲਾਹੌਰ ਸ਼ੈਹਰ	ਜਨਮ ਅਸਥਾਨ ਗੁਰੂ ਰਾਮ ਦਾਸ ਜੀ	
੨	—	—	,,	ਡੇਰਾ ਸਾਹਿਬ	
੩	—	—	,,	ਬਾਵਲੀ ਸਾਹਿਬ	
੪	—	—	,,	ਲਾਲ ਖੂਹ	
੫	—	—	,,	ਪਹਿਲੀ ਪਾਤਸ਼ਾਹੀ	
੬	—	—	,,	ਛੇਵੀਂ ਪਾਤਸ਼ਾਹੀ	
੭	—	—	,,	ਸ਼ਹੀਦ ਗੰਜ ਭਾਈ ਤਾਰੂ ਸਿੰਘ	
੮	—	—	,,	ਸ਼ਹੀਦ ਗੰਜ ਭਾਈ ਮਨੀ ਸਿੰਘ	
੯	—	—		ਦੀਵਾਨ ਖਾਨਾ ਸਵਾਏ ਲਾਲ ਦੇਵੀ ਦੇ ਮੰਦਰ ਦੇ	
੧੦	—	—		ਬੁਧੂ ਦਾ ਆਵਾ	
੧੧	—	—	ਮੁਜ਼ੰਗ	ਛੇਵੀਂ ਪਾਤਸ਼ਾਹੀ	
੧੨	—	—	ਹੁਡਿਆਰਾ	ਹੁਡਿਆਰਾ	ਜ਼ੈਲ ਜਾਮਣ

੧੩	—	—	ਭੜਾਣਾਂ	ਭੜਾਣਾਂ	ਹਲਕਾ ਪਟਵਾਰੀ ਢਲਵਾਂ
੧੪	—	—	ਢਲਵਾਂ	ਢਲਵਾਂ	ਢਲਵਾਂ
੧੫	—	—	ਘਵਿੰਡੀ	ਘਵਿੰਡੀ	ਘਵਿੰਡ ਹੋਰ ਘਵਿੰਡੀ
੧੬	—	—	ਕਾਮਸ	ਕਾਮਸ	ਰੰਗੀਲ ਪੁਰ ਜੋਧਧੀਰ, ਬਦੋ ਕੀ
੧੭	—	—	ਚਹਿਲ	ਚਹਿਲ	ਚੱਹਿਲ ਵ ਕਰਬਾਠ
੧੮	—	—	ਕੰਗਨ ਪੁਰ	ਕੰਗਨ ਪੁਰ	ਕੰਗਨ ਪੁਰ
੧੯	—	—	ਮੰਗਾ	ਮੰਗਾ	ਰੰਗੀਲ ਪੁਰ ਜੋਧ ਧੀਰ
੨੦	—	—	ਗੁਰੂ ਮਾਂਗਟ	ਗੁਰੂ ਮਾਂਗਟ	ਮਾਂਗਟ
੨੧	—	—	ਅਮਰ ਸਿਧੂ	ਅਮਰ ਸਿਧੂ	ਅਮਰ ਸਿਧੂ
੨੨	—	—	ਕਾਹਨਾ	ਕਾਹਨਾਂ	ਕਾਹਨਾ
੨੩	—	ਕਸੂਰ	ਰਤੋ ਕੀ	ਰਤੋ ਕੀ	ਰਤੋ ਕੀ ਗਜਲ
੨੪	—	ਚੂਨੀਆਂ	ਝੰਮਰ ਕਲਾਂ	ਝੰਮਰ ਕਲਾਂ	ਝੰਮਰ ਕਲਾਂ
੨੫	—	—	ਭਾਈ ਫੇਰੂ	ਭਾਈ ਫੇਰੂ	ਚੂਨੀਆਂ
੨੬	ਅਮ੍ਰਿਤਸਰ	—	ਅਮ੍ਰਿਤਸਰਸ਼ੈਹਰ	ਸ੍ਰੀ ਹਰਮੰਦਰਸਾਹਿਬ(ਦਰਬਾਰਸਾਹਿਬ)	
੨੭	—	—	,,	ਅਕਾਲ ਤਖਤ ਸਾਹਿਬ	
੨੮	—	—		ਬਾਬਾ ਅਟਲ ਸਾਹਿਬ	
੨੯	—	—		ਕੌਲਸਰ ਹੋਰ ਮਾਈ ਕੌਲਾਂ ਦਾ ਅਸਥਾਨ	
੩੦	—	—		ਰਾਮ ਸਰ	
੩੧	—	—		ਬਬੇਕ ਸਰ	

ਨੰਬਰ	ਜ਼ਿਲਾ	ਤਹਸੀਲ	ਹਲਕਾਪਟਵਾਰੀ	ਗੁਰਦਵਾਰਿਆਂ ਦੇ ਨਾਮ	ਪ੍ਰਬੰਧਕ ਕਮੇਟੀ ਦੀ ਚੋਣ ਦਾ ਹਲਕਾ ਜਿਸਤਰਾਂ ਦਫਾ ੮੫ ਵਿਚ ਦਰਜ ਹੈ।
੩੨	ਅਮ੍ਰਿਤਸਰ	ਅਮ੍ਰਿਤਸਰ	ਅਮ੍ਰਿਤਸਰਸ਼ੈਹਰ	ਟਾਲੀ ਸਾਹਿਬ ਸੰਤੋਖ ਸਰ	
੩੩	—	—		ਚੁਰਸਤੀ ਅਟਾਰੀ	
੩੪	—	—		ਗੁਰੂ ਕੇ ਮਹਲ	
੩੫	—	—		ਲੋਹ ਗੜ	
੩੬	—	—		ਥੜਾ ਸਾਹਿਬ	
੩੭	—	—		ਪਿਪਲੀ ਸਾਹਿਬ	
੩੮	—	—		ਛਾਵਨੀ ਨਿਹੰਗਾਂ	
੩੯	—	—		ਸ਼ਹੀਦ ਗੰਜ ਬਾਬਾ ਦੀਪ ਸਿੰਘ	
੪੦	—	—	ਚਬਾ	ਸੰਗਰਾਣਾ ਸਾਹਿਬ	ਚੱਬਾ
੪੧	—	—	ਚਬਾ	ਵੱਲਾ ਸਾਹਿਬ	ਵੇਰਕਾ ਬਾ ਮੁਸਤਸ਼ਨਾਏ ਮਿਊਨਿਸਪਲ ਰਕਬਾ ਅਮ੍ਰਿਤਸਰ
੪੨	—	—	ਬਾਬਾ ਬਕਾਲਾ	ਬਾਬਾ ਬਕਾਲਾ	ਥਾਣਾ ਪੋਲੀਸ ਬਿਆਸ
੪੩	—	—	ਚਬਾ	ਚਬਾ	ਚਬਾ
੪੪	—	—	ਵਡਾਲੀ ਗੁਰੂ	ਗੁਰੂ ਕੀ ਵਡਾਲੀ	ਚਬਾ
੪੫	—	—	,,	ਛੇਹਰਟਾ ਸਾਹਿਬ	
੪੬	—	...	ਮੀਆਂ ਰੰਧਾਵਾ	ਉਦੋ ਕੇ	ਉਦੋ ਕੇ ਹੋਰ ਮੀਆਂ ਰੰਧਾਵਾ
੪੭	—	...	ਸੁਲਤਾਨ ਵਿੰਡ	ਦਮਦਮਾ ਸਾਹਿਬ	ਸੁਲਤਾਨ ਵਿੰਡ

੪੮	—	...	ਵੇਰਕਾ	ਨਾਨਕ ਸਰ	ਵੇਰਕਾ
੪੯	—	ਤ੍ਰਨਤਾਰਨ	ਖਾਰਾ	ਦੂਖ ਨਿਵਾਰਨ	ਠਠੀ ਹੋਰ ਖਾਰਾ
੫੦	—	...	ਤਰਨ ਤਾਰਨ	ਸ੍ਰੀ ਦਰਬਾਰ ਸਾਹਿਬ	ਦਫਾ ੮੫
੫੧	—	...	ਨੌਰੰਗ ਅਬਾਦ	ਗੁਰਦਵਾਰਾ ਬਾਬਾ ਬੀਰ ਸਿੰਘ ਜੀ	ਰਸੂਲ ਪੁਰ
੫੨	—	...	ਖਡੂਰ ਸਾਹਿਬ	ਸ੍ਰੀ ਦਰਬਾਰ ਸਾਹਿਬ ਖਡੂਰ ਸਾਹਿਬ	ਖਡੂਰ ਸਾਹਿਬ
੫੩	—	...	ਗੋਂਦ ਵਾਲ	ਬਾਵਲੀ ਸਾਹਿਬ	ਗੋਂਦਵਾਲ
੫੪	—	...	ਝਬਾਲ ਕਲਾਂ	ਬੀਬੀ ਵੀਰੋ ਜੀ ਦਾ ਅਸਥਾਨ	ਝਬਾਲ ਕਲਾਂ
੫੫	—	...	ਛਬਰੀ	ਛਬਰੀ ਸਾਹਿਬ	ਖ਼ਾਨ ਛਬਰੀ ਹੋਰ ਜਾਮਾਰਾਏ
					ਹੋਰ ਫਤੇਅਬਾਦ
੫੬	—	...	ਸਿਰਹਾਲੀ ਕਲਾਂ	ਚਬਚਾ ਸਾਹਿਬ	ਸਿਰਹਾਲੀ ਕਲਾਂ
੫੭	—	...	ਚੋਲਾ	ਚੋਲਾ ਸਾਹਿਬ	ਥਾਨਾ ਪੋਲੀਸ ਸਰਹਾਲੀ
੫੮	—	...	ਬਾਸਰ ਕੇ	ਬਾਸਰ ਕ	ਕਸੇਲ
੫੯	—	...	ਗਗੋ ਬੂਹਾ	ਗਗੋ ਬੂਹਾ	ਗਗੋ ਬੂਹਾ
੬੦	—	...	ਹੁਸ਼ਯਾਰ ਨਗਰ	ਗੁਰੂ ਸਰ ਸਤਲਾਣੀ	ਚੀਚਾ ਗਮਟਾਲਾ
					ਅਟਾਰੀ ਚੱਬਾ ਹੋਰ ਕਸੇਲ
੬੧	—	...	ਠਠਾ	ਬੇਰ ਸਾਹਿਬ	ਪੰਜਵੜ
੬੨	—	...	ਲੁਹਾਰ	ਡੇਰਾ ਸਾਹਿਬ	ਲੁਹਾਰ ਹੋਰ ਜਾਮਾਰਾਈ
੬੩	—	ਅਜਨਾਲਾ	ਘੁਕ ਵਾਲੀ	ਗੁਰੂ ਕਾ ਬਾਗ	ਅਜਨਾਲਾ
੬੪	—	...	ਵੱਲਾ	ਵਲਾ--ਕਰਾਲ ਗੜ	ਚਵਿੰਡਾ

ਨੰਬਰ	ਜ਼ਿਲਾ	ਤਹਸੀਲ	ਹਲਕਾਪਟਵਾਰੀ	ਗੁਰਦਵਾਰਿਆਂ ਦੇ ਨਾਮ	ਪ੍ਰਬੰਧਕ ਕਮੇਟੀ ਦਾ ਚੋਣ ਦਾ ਹਲਕਾ ਜਿਸਤਰਾਂ ਦਫਾ ੮੫ ਵਿਚ ਦਰਜ ਹੈ
੬੫	ਅਮ੍ਰਿਤਸਰ	ਅਜਨਾਲਾ	ਮਾਧੋਕੀ, ਬਰਾੜ	ਮਾਧੋ ਕੀ ਹੋਰ ਬਰਾੜ	ਮਾਧੋ ਕੀ ਹੋਰ ਬਰਾੜ
੬੬	—	...	ਰਮਦਾਸ	ਰਮਦਾਸ	ਥਾਣਾਂ ਪੁਲੀਸ ਰਮਦਾਸ ਅਜਨਾਲਾ
੬੭	—	...	ਜੰਡਯਾਲਾ	ਮਹਾਲ ਜੰਡਯਾਲਾ	ਜੰਡਯਾਲਾ
੬੮	ਗੁਰਦਾਸ ਪੁਰ	ਬਟਾਲਾ	ਬਟਾਲਾ	ਡੇਰਾ ਸਾਹਿਬ	ਬਟਾਲਾ
੬੯	—	...	ਚਾਹਿਲ	ਗੁਰਦਵਾਰਾ ਅਚਲ ਸਾਹਿਬ ਸਵਾਏ ਸ਼ਿਵਾਲਾ ਤਲਾਬ ਕਲਾਂ	ਚਾਹਿਲ ਬਟਾਲਾ ਹੋਰ ਮਿਸਰ ਪੁਰ
੭੦	—	...	ਪਖੋਕ ਡੇਰਾ	ਸ਼ਿਵਾਲਾ ਭੰਡਾਰੀਆਂ ਦਰਬਾਰ ਸਾਹਿਬ	
			ਬਾਬਾ ਨਾਨਕ	ਡੇਰਾ ਬਾਬਾ ਨਾਨਕ	ਬਟਾਲਾ
੭੧	—	...	ਸ੍ਰੀ ਹਰਗੋਬਿੰਦ ਪੁਰ	ਦਮਦਮਾ ਸਾਹਿਬ	ਸ੍ਰੀ ਹਰ ਗੋਬਿੰਦ ਪੁਰ
੭੨	—	—	ਪਖੋ ਕੀ ਡੇਰਾ	ਚੋਲਾ ਸਾਹਿਬ ਬਸ਼ਮੂਲ ਲੰਗਰ ਹੋਰ	
			ਬਾਬਾ ਨਾਨਕ	ਮੰਦਰ ਚੋਲਾ ਸਾਹਿਬ	ਸਿੰਘ ਪੁਰਾ
੭੩	—	...	ਤਜਾ ਖੁਰਦ	ਤਜਾ	ਬਟਾਲਾ
੭੪	—	...	ਓਠੀਆਂ	ਓਠੀਆਂ	ਭੋਲੜ ਧੋਲ ਪੁਰ ਹੋਰ ਮਰਾੜ
੭੫	—	ਗੁਰਦਾਸ ਪੁਰ	ਫਤੇ ਨੰਗਲ	ਬੁਰਜ ਸਾਹਿਬ	ਫਤੇ ਨਗਲ ਰੀਨਾਂ ਵ ਧਾਰੀ ਵਾਲ (ਮਿਲਜ਼)
੭੬	—	...	ਗੁਰ ਦਾਸ ਪੁਰ	ਝੂਲਨਾਂ ਮਹਲ	ਗੁਰਦਾਸ ਪੁਰ ਸ਼ਹਜ਼ਾਦਾ ਨੰਗਲ ਹੋਰ

					ਕੋਟਲੀ ਨੰਗਲ
੭੭	...	...	ਧਾਰੀ ਵਾਲ	ਗੁਰਦੁਆਰਾ ਧਾਰੀਵਾਲ	ਜਾਪੋ ਵਾਲ, ਸੋਹਲ, ਧਾਰੀਵਾਲ
੭੮	...	...	ਤੁੰਬਲੀ	ਤੁੰਬਲੀ	ਤੁੰਬਲੀ ਅਲਾਵਲਪੁਰ ਬਾਬਰੀ ਨੰਗਲ
੭੯	...	ਸ਼ਕਰਗੜ	ਕੋਟ ਨੈਣਾ	ਦਰਬਾਰ ਕੋਟ ਨੈਣਾ	ਸਜਾਵਲ ਹੋਰ ਕੋਟ ਬਚਨਾ
੮੦	...	—	ਡੋਡ	ਕਰਤਾਰਪੁਰ ਸਾਹਿਬ	ਬਟਾਲਾ ਗੁ: ਪੁਰ ਸ਼ਕ੍ਰਗੜ ਨਾਰੋਵਾਲ
੮੧	...	ਪਠਾਣਕੋਟ	ਭਾਰਤ ਲੈਰੀ	ਦਰਬਾਰ ਸਾਹਿਬ ਭਾਰਤ	ਪਠਾਣ ਕੋਟ
੮੨	ਸਯਾਲ	ਸਿਆਲ	ਸਿਆਲ ਕੋਟ	ਬਾਬੇ ਦੀ ਬੇਰ	ਸਿਆਲਕੋਟ
	ਕੋਟ	ਕੋਟ	ਸ਼ਹਰ		
੮੩	...	...		ਸ਼ਹੀਦ ਬੁੰਗਾ	
੮੪	...	—		ਬਾਵਲੀ ਸਾਹਿਬ	ਮਿਊਨਿਸਪਲ ਰਕਬਾ ਸਿਆਲਕੋਟ
੮੫	...	—	ਸਾਲੇ ਪੁਰ	ਟਾਹਲੀ ਸਾਹਿਬ	ਸਾਲੇ ਪੁਰ
੮੬	...	ਡਸਕਾ	ਸਾਹੋ ਵਾਲਾ	ਗੁਰਦਵਾਰਾ ਨਾਨਕ ਸਰ	ਸਾਹੋ ਵਾਲਾ
੮੭	...	...	ਗਲੋਟੀਆਂਖੁਰਦ	ਦਰਬਾਰ ਸਾਹਿਬ ਗੁਰੂ ਹਰ ਰਾਏ ਜੀ	ਗਲੋਟੀਆਂ ਖੁਰਦ ਹੋਰ ਸਾਬੂ ਸਰਾਏ
੮੮	...	...	ਸੇਹੋ ਕੇ	ਗੁਰਦਵਾਰਾ ਨਨਕਾਣਾ ਸਾਹਿਬ	ਸੇਹੋ ਕੇ
੮੯	...	ਨਾਰੋ ਵਾਲ	ਨਨਾਰ	ਨਨਾਰ	ਧਨਤਲ ਹੋਰ ਬਲੋਰ ਪੁਰ
੯੦	ਗੁਜ਼ਾਂਵਾਲਾ	ਗੁਜ਼ਾਂਵਾਲਾ	ਐਮਨ ਅਬਾਦ	ਰੋੜੀ ਸਾਹਿਬ	ਗੁਜਰਾਂ ਵਾਲਾ
੯੧	...	...		ਚਕੀ ਸਾਹਿਬ	ਗੁਜਰਾਂਵਾਲਾ
੯੨	...	...	ਚਕ ਰਾਮ ਦਾਸ	ਡੇਰਾ ਬਾਬਾ ਪਰਾਨਾਂ	ਚਕ ਰਾਮ ਦਾਸ
੯੩	...	...	ਮਟੂ ਭਾਈ ਕੇ	ਮਟੂ ਭਾਈ ਕੇ	ਥਾਣਾ ਪੋਲੀਸ ਨੌਸ਼ਹਿਰਾ ਵਿਰਕਾਂ

ਨੰਬਰ	ਜ਼ਿਲਾ	ਤਹਸੀਲ	ਹਲਕਾਪਟਵਾਰੀ	ਗੁਰਦਵਾਰਿਆਂ ਦੇ ਨਾਮ	ਪ੍ਰਬੰਧਕ ਕਮੇਟੀ ਦੀ ਚੋਣ ਦਾ ਹਲਕਾ ਜਿਸਤਰਾਂ ਦਫਾ ੮੫ ਵਿਚ ਦਰਜ ਹੈ
੯੪	ਗੁਜ੍ਰਾਂਵਾਲਾ	ਵਜੀਰ ਅਬਾਦ	ਵਜ਼ੀਰ ਅਬਾਦ	ਗੁਰੂ ਕੋਠਾ	ਥਾ: ਪੋਲੀਸ ਸਦਰ ਵਜ਼ੀਰ ਅਬਾਦ ਸ਼ੈਹਰ
੯੫	...	...	ਵਜ਼ੀਰਾ ਬਾਦ	ਧਰਮਸਾਲਾ ਭਾਈ ਅਬਨਾਸ਼ਾ ਸਿੰਘ	ਵਜ਼ੀਰ ਅਬਾਦ
੯੬	...	ਹਾਫਜ਼ਆ-ਬਾਦ	ਬਚੇ ਨੂੰ	ਬਚੇ ਨੂੰ	ਹਾਫਜ਼ਾਬਾਦ
੯੭	...	...	ਹਾਫਜ਼ਾ ਅਬਾਦ	ਗੁਰਦਵਾਰਾ ਛੇਵੀਂ ਪਾਤਸ਼ਾਹੀ	ਹਾਫਜ਼ਾ ਅਬਾਦ
੯੮	ਸ਼ੇਖੂ ਪੁਰਾ	ਸ਼ੇਖੂਪੁਰਾ	ਚੂੜ ਕਾਣਾਂ	ਸਚਾ ਸੌਦਾ	ਸ਼ੇਖੂ ਪੁਰਾ ਹੋਰ ਨਨਕਾਣਾ ਸਾਹਿਬ
੯੯	...	ਸ਼ਾਹਦਰਾ	ਨੰਗਲ ਸਾਧਾਂ	ਨੰਗਲ ਸਾਧਾਂ	ਕੋਟ ਪਿੰਡੀ ਦਾਸ ਮੁਰੀਦ ਕੇ ਹੋਰ ਨਟ ਦਫਾ ੮੫
੧੦੦	...	ਨਨਕਾਣਾ ਸਾਹਿਬ	ਨਨਕਾਨਾਸਾਹਬ	ਜਨਮ ਅਸਥਾਨ	”
੧੦੧	...	...		ਬਾਲ ਲੀਲਾ	”
੧੦੨	...	...		ਕਿਆਰਾ ਸਾਹਿਬ	”
੧੦੩	...	...		ਮਾਲ ਜੀ	”
੧੦੪	...	...		ਛੇਵੀਂ ਪਾਤਸ਼ਾਹੀ	”
੧੦੫	...	...		ਤੰਬੂ ਸਾਹਿਬ	”
੧੦੬	...	...	ਹਫਤ ਮਦਾਰ	ਗੁਰਦਵਾਰਾ ਹਫਤ ਮਦਾਰ	ਕਿਲਾ ਧਰਮ ਸਿੰਘ
੧੦੭	ਗੁਜਰਾਤ	ਗੁਜਰਾਤ	ਗੁਜਰਾਤ	ਛੇਂਵੀ ਪਾਤਸ਼ਾਹੀ	ਗੁਜਰਾਤ

੧੦੮	...	ਫਾਲੀਆ	ਮਾਂਗਟ	ਭਾਈ ਬੰਨੋ ਜੀ	ਫਾਲੀਆਂ
੧੦੯	...	...	ਕੇਹਰ ਬਾਵਾ	ਕੇਹਰ ਬਾਵਾ ਵਾਲੀ	,,
੧੧੦	ਅਟਕ	ਅਟਕ	ਹਸਨਅਬਦਾਲ	ਪੰਜਾਸਾਹਿਬ	ਦਫਾ ੮੫
੧੧੧	ਜੇਹਲਮ	ਜੇਹਲਮ	ਰਖ ਰਤਾਸ	ਚੋਬਾ	ਜੇਹਲਮ
੧੧੨	ਸ਼ਾਹਪੁਰ	ਸਰਗੋਧਾ	ਚਕ ਨੰ: ੧੨੭ ਐਸ ਬੀ	ਗੁਰੂ ਸਰ	ਮਾਲ ਚਕ ਨੰ: ੧੨੭, ਚਕ ਨੰ: ੧੨੮ ਚਕਨੰ:੧੩੧ ਚਕ ਨੰ:੧੨੯ ਐਸ. ਬੀ
੧੧੩	ਮਿੰਟਗੁਮ੍ਰੀ	ਮਿੰਟਗੁਮ੍ਰੀ	ਚਕ ੧੦੩, ਆਰ	ਨਾਨਕ ਸਰ ਡੇਰਾ ਬਾਬਾ ਨਾਨਕ	ਥਾਨਾਂ ਪੋਲੀਸ ਹੜਪਾ
੧੧੪	...	...	ਕਮਾਲੀਆ	ਪਰੇਮ ਸਤੀ	ਕਮਾਲੀਆ
੧੧੫	...	ਪਾਕਪਟਨ	ਨਾਨਕ ਸਰ	ਨਨਕਾਨਾ ਸਾਹਿਬ	ਪਟਨ ਕਮਾਰੀ ਵਾਲਾ ਮਾਲੋ ਕਟਾਰੂ
੧੧੬	...	ਦਪਾਲਪੁਰ	ਦੀਪਾਲ ਪੁਰ	ਪਹਿਲੀ ਪਾਤਸ਼ਾਹੀ	ਦੀਪਾਲ ਪੁਰ ਹੋਰ ਮਨਚੇਰੀਆਂ
੧੧੭	...	ਓਕਾੜਾ	ਨੂਕਾਣਾ ਜਗੀਰ	ਨਨਕਾਣਾ ਸਾਹਿਬ	ਕਾਮਸ ਹੋਰ ਸਤ ਗਰੀਹ
੧੧੮	ਹੁਸ਼ਯਾਰ ਪੁਰ	ਊਨਾਂ	ਅਨੰਦ ਪੁਰ	ਸ੍ਰੀ ਤਖਤ ਕੇਸ ਗੜ ਸਾਹਿਬ	ਦਫਾ ੮੫
੧੧੯	...	...	ਤਾਰਾ ਪੁਰ	ਤਾਰਾ ਗੜ	ਨੰ: ੧੨੦
੧੨੦	...	...	ਅਨੰਦ ਪੁਰ	ਨਾਂਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ	ਦਫਾ ੮੫
੧੨੧	...			ਬੂਰਾ ਸਾਹਿਬ	
੧੨੨	...		,,	ਦਮਦਮਾ ਸਾਹਿਬ	,,
੧੨੩	...			ਕਿਲਾ ਅਨੰਦ ਗੜ ਸਾਹਿਬ	
੧੨੪	...	...		ਚਰਨ ਕੌਲ	
੧੨੫	...	...	ਲੋਦੀ ਪੁਰ	ਲੋਹ ਗੜ	ਨੰ: ੧੨੦
੧੨੬	...	...	ਬਸਾਲੀ	ਬਸਾਲੀ	

ਨੰਬਰ	ਜ਼ਿਲਾ	ਤਹਸੀਲ	ਹਲਕਾਪਟਵਾਰੀ	ਗੁਰਦਵਾਰਿਆਂ ਦੇ ਨਾਮ	ਪ੍ਰਬੰਧਕ ਕਮੇਟੀ ਦੀ ਚੋਣ ਦਾ ਹਲਕਾ ਜਿਸਤਰਾਂ ਦਫ਼ਾ ੮੫ ਵਿਚ ਦਰਜ ਹੈ
੧੨੭	ਹੁਸ਼ਯਾਰ ਪੁਰ	ਊਨਾ	ਚਕ	ਹੋਲ ਗੜ੍ਹ	ਨੰਬਰ ੧੨੦
੧੨੮	...	...	ਅਗਮ ਪੁਰ	ਮਾਤਾ ਜੀਤੋਂ ਜੀ	
੧੨੯	...	...	ਕਰਤਾਰ ਪੁਰ	ਬਾਬਾ ਗੁਰਦਿਤਾ ਜੀ	
੧੩੦	...	...		ਸ਼ੀਸ਼ ਮਹਲ	
੧੩੧	...	...		ਤਖਤ ਸਾਹਿਬ	
੧੩੨	...	...		ਮੰਜੀ ਸਾਹਿਬ	
੧੩੩	...	...	"	ਹਰੀ ਮੰਦਰ ਸਾਹਿਬ	"
੧੩੪	...	...		ਪਤਾਲ ਪੁਰੀ	
੧੩੫	...	...		ਬਬਾਨ ਗੜ੍ਹ	
੧੩੬	...	...	ਭਾਬੂਰ	ਭਾਬੂਰ	
੧੩੭	...	...	ਬਾਬੂ	ਗੁਰ ਪਲਾਹ	
੧੩੮	...	...	ਕਲਮੋਤ	ਕਲਮੋਤ	
੧੩੯	...	...	ਚਾਂਦ ਪੁਰ	ਚਾਂਦ ਪੁਰ	
੧੪੦	...	...	ਚੰਦ ਬਰੀ	ਚੰਦ ਬਰੀ	
੧੪੧	...	ਦਸੂਹਾ	ਬੋਤਲ	ਗਰਨਾਂ ਸਾਹਿਬ	ਬਾਨਾਂ ਦਸੂਹਾ ਹੋਰ ਟਾਂਡਾ
੧੪੨	...	ਹੁਸ਼ਯਾਰ ਪੁਰ	ਵਡੀ ਲਹਲੀ	ਜੰਡ ਸਾਹਿਬ	ਲਹਲੀ
੧੪੩	...	...	ਬਜਰੋਰ	ਹਰੀਆਂ ਵੇਲਾਂ	ਪੰਡੋਰੀ ਬੀਬੀ
੧੪੪	...	...	ਭੁਗਰਨੀ	ਭੁਗਰਨੀ	ਭੁਗਰਨੀ

੧੪੫	...	...	ਪੂਰ ਹੀਰਾਂ	ਜ਼ੈਹਰਾ ਜ਼ਹੂਰ	ਮਾਲ ਪੂਰ ਹੀਰਾਂ ਖਾਸ ਪੂਰ ਪਿਪਲਾਂ ਵਾਲਾ, ਢਕੋ ਵਾਲ, ਹੁਸ਼ਯਾਰ ਪੂਰ ਅਤੇ ਬਲਾਸ ਪੂਰ
੧੪੬	...	ਗੜ੍ਹ ਸ਼ੰਕਰ	ਗੋਂਦ ਪੁਰ	ਟਾਲੀ ਸਾਹਿਬ	ਗੋਂਦ ਮਾਲਪੁਰ ਗੋਂਦਪੁਰ ਸਰਹਾਲਾ ਖੁਰਦਨੰਗਲਕਲਾਂ ਹੋਰ ਦਾਦੂਵਾਲਖੇੜਾ
੧੪੭	ਜਲੰਧਰ	ਫਲੌਰ	ਮਾਨ	ਮਾਨ	ਮੀਂਵਾਂ ਵਾਲ ਅਤੇ ਫਲੌਰ
੧੪੮	...	ਨਵਾਂਸ਼ੈਹਰ	ਫਰਾਲਾ	ਗੁਰੂ ਹਰ ਰਾਏ ਸਾਹਿਬ ਜੀ	ਫਰਾਲਾ
੧੪੯	...	...	ਚਕ ਗੁਰੂ	ਗੁਰੂ ਪਲਾਹ	ਚਕ ਗੁਰੂ
੧੫੦	...	...	ਹਾਕਮ ਪੁਰ	ਨਾਨਕ ਸਰ	ਹਾਕਮ ਪੁਰ
੧੫੧	...	...	ਜੰਡੂ ਵਾਲ	ਚਰਨ ਕੌਲ	ਮਾਲ ਬੁੰਗਾ ਜੰਡੂ ਵਾਲ ਅਤੇ ਸੂਤਰਾਂ
੧੫੨	...	...	ਸੂਤਰਾਂ	ਸੂਤਰਾਂ	”
੧੫੩	...	...	ਦੁਰਗਾ ਪੁਰ	ਦੁਰਗਾ ਪੁਰ	ਦੁਰਗਾ ਪੁਰ
੧੫੪	ਲੁਧਯਾਨਾ	ਲੁਧਯਾਨਾ	ਗੁਜਰਵਾਲ	ਮੰਜੀ ਸਾਹਿਬ	ਥਾਣਾਂ ਪੋਲੀਸ ਵਿਲੋਂ
੧੫੫	—	...	”	ਗੁਰੂ ਗਰੰਥ ਸਾਹਿਬ	”
੧੫੬	—	—	ਆਲਮ ਗੀਰ	ਆਲਮ ਗੀਰ	ਢੰਡਾਰੀ
੧੫੭	—	—	ਕਨੇਚ	ਕਨੇਚ	ਸਾਨੇ ਵਾਲ
੧੫੮	—	ਸਮਰਾਲਾ	ਮਾਛੀਵਾੜਾ	ਕਨੌਲ ਸਾਹਿਬ	ਮਾਛੀ ਵਾੜਾ ਹੋਰ ਲਦੇਰਾਂ
੧੫੯	—	ਜਗਰਾਓਂ	ਮੋਹੀ	ਮੋਹੀ	ਮੋਹੀ
੧੬੦	—	—	ਸਲੋਵਾਨੀ	ਗੁਰੂ ਗੋਬਿੰਦਸਿੰਘ ਸਾਹਿਬ ਜੀ	ਰਾਏ ਕੋਟ
੧੬੧	—	—	ਰਾਏ ਕੋਟ	ਤਹਲਯਾਨਾ ਸਾਹਿਬ	ਰਾਏ ਕੋਟ ਅਤੇ ਬਸੀਆਂ

ਨੰਬਰ	ਜ਼ਿਲਾ	ਤਹਸੀਲ	ਹਲਕਾਪਟਵਾਰੀ	ਗੁਰਦਵਾਰਿਆਂ ਦੇ ਨਾਮ	ਪ੍ਰਬੰਧਕ ਕਮੇਟੀ ਦੀ ਚੋਣ ਦਾ ਹਲਕਾ ਜਿਸਤਰਾਂ ਦਫਾ ੮੫ ਵਿਚ ਦਰਜ ਹੈ
੧੬੨	ਲੁਦੇਹਾਨਾ	ਸਮਰਾਲਾ	ਬੂਹੜ ਪੁਰ	ਝਾੜ ਸਾਹਿਬ	ਥਾਨਾ ਮਾਛੀ ਵਾੜਾ
੧੬੩	—	ਜਗਰਾਓਂ	ਸਿਧਵਾਂ ਕਲਾਂ	ਸ੍ਰੀ ਗੁਰੂ ਗੋਬਿੰਦ ਸਿੰਘ ਜੀ	ਸਿਧਵਾਂ ਬੇਟ ਸਿਧਵਾਂ ਕਲਾਂ ਅਤੇ ਜੰਡੀ
੧੬੪	—	—	ਸਧਰ	ਸ੍ਰੀ ਗੁਰੂ ਗੋਬਿੰਦਸਿੰਘ ਹੋਰ ਛੇਵੀਂ ਪਾ:	ਅਕਾਲ ਗੜ੍ਹ
੧੬੫	—	—	ਲੰਮਾ ਜਾਟ ਪੁਰਾ	ਲੰਮਾਜਾਟ ਪੁਰਾ	ਜਗਰਾਓਂ
੧੬੬	—	—	ਚਕਰ	ਗੂਰੂ ਸਰ	ਮਲਾਹ
੧੬੭	—	—	ਕੌਨਕੇ ਕਲਾਂ	ਗੂਰੂ ਸਰ	ਕੌਨਕੇ
੧੬੮	—	—	ਹੇਰਾਂ	ਹੇਰਾਂ	ਲੁਧਿਆਨਾ
੧੬੯	ਫੀਰੋਜ਼ਪੁਰ	ਫੀਰੋਜ਼ਪੁਰ	ਬਜ਼ੀਦ ਪੁਰ	ਗੁਰੂ ਸਰ ਬਜ਼ੀਦਪੁਰ	ਮੋਓਨਿਸਪਲ ਰਕਬਾ ਫੀਰੋਜ਼ਪੁਰਮਾਲ ਬਜ਼ੀਦ ਪੁਰ ਬਦਨੀ ਗੁਲਾਬ ਸਿੰਘ ਹੋਰਬੰਗਰੂ ਸ਼ਕੋਰ ਵਰਤੀਖੇੜਾ, ਧੰਦਸਾਂ
੧੭੦	—	—	ਚਕ ਫਤੇ ਸਿੰਘ	ਗੁਰੂ ਗੋਬਿੰਦ ਸਿੰਘ ਜੀ	ਮਹਾਲ ਚਕ ਫਤੇਸਿੰਘ ਹੋਰ ਚਕ ਰਾਮ ਸਿੰਘ ਅਤੇ ਚਕ ਬਖਤੂ
੧੭੧	—	—	ਨਥਾਨਾਂ	ਗੁਰੂ ਸਰ	ਨਥਾਨਾਂ
੧੭੨	—	—	ਮੈਹਰਾਜ	ਗੁਰੂ ਸਰ	ਥਾਨਾਂ ਪੋਲੀਸ ਨਥਾਨਾਂ
੧੭੩	—	ਮੋਗਾ	ਡਰੋਲੀ ਭਾਈ	ਡੇਰਾ ਡਰੋਲੀ ਭਾਈ	ਡਰੋਲੀ ਭਾਈ
੧੭੪	—	—	ਲੋਪਨ	ਗੁਰੂ ਸਰ	ਲੋਪਨ
੧੭੫	—	—	ਮਾਧੋ ਕੇ	ਮਾਧੋ ਕੇ	ਮਾਧੋ ਕੇ
੧੭੬	—	—	ਵਡਾ ਘਰ	ਛੇਵੀਂ ਪਾਤਸ਼ਾਹੀ	ਵਡਾ ਘਰ ਅਤੇ ਛੋਟਾ ਘਰ

੧੭੭	–	–	ਤਖਤ ਪੁਰਾ	ਤ: ਪੁ: ਨਾਨਕਸਰ ਦਸਵੀਂ ਪਾਤਸ਼ਾਹੀ	ਥਾਨਾਂ ਪੋਲੀਸ ਨਿਹਾਲ ਸਿੰਘ ਵਾਲਾ
੧੭੮	–	–	ਮਾਧੋ ਕੀ	ਪਕਾ ਸਾਹਿਬ	ਮਾਧੋ ਕੀ
੧੭੯	–	–	ਦੀਨਾਂ	ਲੋਹ ਗੜ੍ਹ	ਮੋਗਾ
੧੮੦	–	–	ਪਟੂ ਹੀਰਾਸਿੰਘ	ਗੁਰੂ ਸਰ	ਪਟੂ ਹੀਰਾ ਸਿੰਘ
੧੮੧	–	–	ਸਲੈਨਾ	ਗੁਰੂ ਸਰ	ਸਲਨਾਂ
੧੮੨	–	–	ਡਗਰੂ	ਤੰਬੂ ਮਲ	ਡਗਰੂ
੧੮੩	–	–	ਮੇਹਰੂੰ	ਮੇਹਰੂੰ	ਮੇਹਰੂੰ
੧੮੪	–	–	ਬਨਬੀਆ ਭਾ:	ਨਾਨਕ ਸਰ	ਬਨਬੀਆ ਭਾਈ
੧੮੫	–	–	ਵੰਡਾਰ	ਗੁਰੂ ਗੋਬਿੰਦਸਿੰਘ ਜੀ	ਵੰਡਾਰ
੧੮੬	–	–	ਸਮਾਧ ਭਾਈ	ਗੁਰੂਗ੍ਰੰਥ ਸਾਹਿਬ ਮੁਹਤਮਿਮ ਪ੍ਰੇਮਦਾਸ	ਬਾਘਾ ਪੁਰਾਨਾਂ
੧੮੭	–	–	ਮਾੜੀ ਮੁਸਤਫਾ	ਮਾੜੀ ਮੁਸਤਫਾ	ਮਾੜੀ ਮੁਸਤਫਾ
੧੮੮	–	ਮੁਕਤਸਰ	ਮੁਕਤਸਰ	ਦਰਬਾਰ ਸਾਹਿਬ	ਦਫਾ ੮੫
੧੮੯	–	–		ਤੰਬੂ ਸਾਹਿਬ	
੧੯੦	–	–		ਸ਼ਹੀਦ ਗੰਜ	,,
੧੯੧	–	–		ਟਿਬੀ ਸਾਹਿਬ	
੧੯੨	–	–	ਸਰਾਏ ਨਾਗਾ	ਪਹਿਲੀ ਪਾਤਸ਼ਾਹੀ ਅਤੇ ੨ ਪਾਤਸ਼ਾਹੀ	ਵੜੰਗ
੧੯੩	–	–	ਰੂਪਾਨਾਂ	ਗੁਰੂ ਸਰ	ਰੂਪਾਨਾਂ
੧੯੪	–	–	ਗੁਰੂ ਸਰ	ਗੁਰੂ ਸਰ	ਗੁਰੂ ਸਰ
੧੯੫	–	–	ਠੇਹਰੀ	ਗੁਰੂ ਗੋਬਿੰਦ ਸਿੰਘ ਜੀ	ਠੇਹਰੀ
੧੯੬	–	–	ਛਟਯਾਨਾਂ	ਗੁਪਤ ਸਰੂ ਸਾਹਿਬ ਚੰਦ	ਛਟਯਾਨਾਂ ਸਾਹਿਬ ਚੰਦ

ਨੰਬਰ	ਜ਼ਿਲਾ	ਤਹਸੀਲ	ਹਲਕਾਪਟਵਾਰੀ	ਗੁਰਦਵਾਰਿਆਂ ਦੇ ਨਾਮ	ਪ੍ਰਬੰਧਕ ਕਮੇਟੀ ਦੀ ਚੋਣ ਦਾ ਹਲਕਾ ਜਿਸਤਰਾਂ ਦਫਾ ੮੫ ਵਿਚ ਦਰਜ ਹੈ।
੧੯੭	ਫ਼ੀਰੋਜ਼ਪੁਰ	ਜ਼ੀਰਾ	ਖੋਸਾ ਕੋਟਲਾ	ਗੁਰੂ ਸਰ	ਖੋਸਾ ਕੋਟਲਾ
੧੯੮	–	–	ਸੇਨਰੀ	ਗੁਰੂ ਸਰ	ਸੇਨਰੀ
੧੯੯	–	–	ਥਥ	ਛੇਵੀਂ ਪਾਤਸ਼ਾਹੀ	ਥਥ
੨੦੦	ਰਾਵਲਪਿੰਡੀ	ਗੁਜਰਖਾਨ	ਨੜਾਲੀ	ਛੇਵੀਂ ਪਾਤਸ਼ਾਹੀ	ਨੜਾਲੀ
੨੦੧	ਹਿਸਾਰ	ਸਰਸਾ	ਸਰਸਾ	ਗੁਰੂ ਗੋਬਿੰਦਸਿੰਘ ਜੀ	ਸਰਸਾ
੨੦੨	–	–	ਡਬਵਾਲੀ	ਗੁਰੂ ਅਸਥਾਨ ਡਬਵਾਲੀ	ਡਬਵਾਲੀ
੨੦੩	ਹਿਸਾਰ	ਸਰਸਾ	ਕੇਵਲ	ਕੇਵਲ	ਹਲਕਾ ਪਟਵਾਰ ਕੇਵਲ
੨੦੪	–	ਫਤੇਹ ਬਾਦ	ਰੇਤਾ	ਰੇਤਾ	ਹਲਕਾ ਥਾਨਾ ਪੁਲੀਸ ਰੇਤਾ
੨੦੫	ਰੁਹਤਕ	ਰੁਹਤਕ	ਰੁਹਤਕ	ਬੰਗਲਾ ਸਾਹਿਬ ਬਿਨਾ ਮੰਦਰ ਸੀਤਲਾ ਦੇਵੀ ਅਤੇ ਮੰਜੀ ਸਾਹਿਬ	ਤਹਸੀਲ ਰੁਹਤਕ
੨੦੬	–	ਗੋਹਾਨਾ	ਲਖਨ ਮਾਜਰਾ	ਮੰਜੀ ਸਾਹਿਬ	ਤਹਸੀਲ ਰੁਹਤਕ ਅਤੇ ਗੋਹਾਨਾਂ
੨੦੭	ਕਰਨਾਲ	ਕਰਨਾਲ	ਕਰਨਾਲ	ਮੰਜੀ ਸਾਹਿਬ	ਜ਼ਿਲਾ ਕਰਨਾਲ
੨੦੮	–	ਥਾਨੇਸਰ	ਥਾਨੇਸਰ	ਸਿਧ ਬਟੀ	,,
੨੦੯	–	–	,,	ਛੇਵੀਂ ਪਾਤਸ਼ਾਹੀ	
੨੧੦	–	–		ਨਾਵੀਂ ਪਾਤਸ਼ਾਹੀ	
੨੧੧	–	–		ਸਤਵੀਂ ਪਾਤਸ਼ਾਹੀ	
੨੧੨	–	–		ਦਸਵੀਂ ਪਾਤਸ਼ਾਹੀ	
੨੧੩	–	–		ਕੁਰਛੇਤਰ	

੨੧੪	–	–	ਬਾਨੀਬਦਰਪੁਰ	ਗੁਰੂ ਤੇਗ ਬਹਾਦਰ ਜੀ	ਤਹਸੀਲ ਥਾਨੇਸਰ
੨੧੫	ਅੰਬਾਲਾ	ਅੰਬਾਲਾ	ਅੰਬਾਲਾ ਸ਼ੈਹਰ	ਸੀਸ ਗੰਜ	ਹਦੂਦ ਕਮੇਟੀ ਅੰਬਾਲਾ
੨੧੬	–	–	,,	ਦਸਵੀਂ ਪਾਤਸ਼ਾਹੀ ਲਖੂ ਵਾਲਾ	,,
੨੧੭	–	–		ਦਸਵੀਂ ਪਾਤਸ਼ਾਹੀ	
੨੧੮	–	–		ਮੰਜੀ ਸਾਹਿਬ	
੨੧੯	–	–		ਮਹੱਲਾ ਮੇਹਰ ਧੁਮਲ	
੨੨੦	–	–	ਪੰਜੋਖੜਾ	ਸ੍ਰੀ ਗੁਰੂ ਹਰ ਕ੍ਰਿਸ਼ਨ ਸਾਹਿਬ	ਹਲਕਾ ਪਟਵਾਰ ਪੰਜੋਖੜਾ (ਬਰਨਾਲਾ ਅਤੇ ਗਰਨਾਲਾ ਜਨੇਤਪੁਰ, ਅਤੇ ਕਲਰ ਹੇਰੀ
੨੨੧	–	–	ਮਰਦੋਨ	ਮਰਦੋਨ	ਹਲਕਾ ਪਟਵਾਰ ਥਾਰਵਾਹ ਬਾਜਰੀ ਅਤੇ ਮਰਦੋਨ
੨੨੨	–	–	ਭਾਨੋ ਖੇੜੀ	ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ	ਹਲਕਾ, ਪਟਵਾਰ ਭਾਨੋ ਖੇੜੀ
੨੨੩	–	–	ਸੂਲਰ	ਸੂਲਰ	ਸੂਲਰ ਅਤੇ ਬਾਲਾਨਾ
੨੨੪	–	–	ਛੰਨੀ	ਗੁਰਦਵਾਰਾ ਛੰਨੀ	ਲੰਗਰ ਛੰਨੀ ਅਤੇ ਕੇਸਰੀ
੨੨੫	–	ਨਰੈਨਗੜ੍ਹ	ਰਾਏ ਪੁਰ	ਰਾਨੀ ਕੇ ਰਾਏਪੁਰ ਅਤੇ ਮਾਨਕ ਤਬਰਾ	ਰਾਏਪੁਰ ਅਤੇ ਮਾਨਕ ਤਬਰਾ
੨੨੬	–	ਜਗਾਦਰੀ	ਬਿਲਾਸ ਪੁਰ	ਗੋਪਾਲ ਮੋਚਨ ਮੇਂ ਗੁਰਦਵਾਰਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ	ਮਚਰੋਲ ਅਤੇ ਬਲਾਸ ਪੁਰ ਧਰਮ ਕੋਟ ਦਰਬਾਪੁਰ, ਚੋਲੀ, ਬਸੰਤੀਆਂ ਵਾਲਾ, ਅੰਬਵਾਲਾ, ਚਗਨੋਲੀ
੨੨੭	ਅੰਬਾਲਾ	ਜਗਾਦਰ	ਬਿਲਾਸ ਪੁਰ	ਬਿਲਾਸਪੁਰ ਗੁਰਦਵਾਰਾ	ਜ਼ੈਲ ਬਿਲਾਸਪੁਰ
੨੨੮	ਅੰਬਾਲਾ	–	ਜਗਾਦਰੀ	ਗੁਰਦਵਾਰਾ ਜਗਾਧਰੀ	ਜ਼ੈਲ ਜਗਾਧਰੀ

ਨੰਬਰ	ਜ਼ਿਲਾ	ਤਹਸੀਲ	ਹਲਕਾਪਟਵਾਰੀ	ਗੁਰਦਵਾਰਿਆਂ ਦੇ ਨਾਮ	ਪ੍ਰਬੰਧਕ ਕਮੇਟੀ ਦੀ ਚੋਣ ਦਾ ਹਲਕਾ ਜਿਸ ਤਰਾਂ ਦਫ਼ਾ ੮੫ ਵਿਚ ਦਰਜ ਹੈ
੨੨੯	ਅੰਬਾਲਾ	ਜਗਾਧਰੀ	ਬਾਲਾ ਚੌਰ	ਅਗਮਪੁਰ	ਹਲਕਾ ਪਟਵਾਰ ਬਾਲਾ ਚੌਰ
੨੩੦	...	...	ਸਿਧਲ	ਸਿਧਲ	ਸਿਧਲ
੨੩੧	...	ਰੋਪੜ	ਚਮਕੌਰ	ਗੁਰਦਵਾਰਾ ਦਮਦਮਾਂ ਸਾਹਿਬ ਕਤਲ ਗੜ੍ਹ, ਅਤੇ ਤਿਲਕ ਅਸਥਾਨ	ਹਲਕਾ ਪੁਲਸ ਥਾਨਾ ਮੁਰੰਡਾ
੨੩੨	...	...	ਕੋਟਲਾਨਿਹੰਗ	ਭੱਠਾ ਸਾਹਿਬ	ਜ਼ੈਲ ਕੋਟ ਨਿਹੰਗਾਂ
੨੩੩	...	...	ਰੋਪੜ	ਰੋਪੜ	ਜ਼ੈਲ ਰੋਪੜ
੨੩੪	...	...	ਮੁਰੰਡਾ	ਮੁਰੰਡਾ	ਹਲਕਾ ਪਟਵਾਰ ਮੁਰੰਡਾ ਮਰੋਲੀ ਕਲਾਂ ਢੰਗਰਾਲੀ ਅਤੇ ਰੰਗੀਆਂ
੨੩੫	...	...	ਬਰ ਮਾਜਰਾ	ਬਰਮਾਜਰਾ	ਹਲਕਾ ਪਟਵਾਰ ਬਰਮਾਜਰਾ
੨੩੬	...	...	ਬੇਰ ਗੁਰੂ	ਜੰਡ ਸਾਹਿਬ (ਜ਼ੈਲ ਬੇਲਾ)	ਧਨੋਰੀ, ਕਹਨੂਰ ਅਤੇ ਸਹਾਰ ਮਾਜਰਾ
੨੩੭	...	...	ਸਹੇਰੀ	ਸਹੇਰੀ	ਹਲਕਾ ਪਟਵਾਰ ਸਹੇਰੀ ਰੰਗੀਲਪੁਰ ਢੰਗਰਾਲੀ ਕੰਵਰ
੨੩੮	...	ਖਰੜ	ਮਨੀ ਮਾਜਰਾ	ਮੰਜੀ ਸਾਹਿਬ	ਜ਼ੈਲ ਚਾਂਦੀ ਗੜ੍ਹ
੨੩੯	...	...	ਖਦਰ ਅਬਾਦ	ਖਦਰ ਆਬਾਦ ਗੁਰਦਵਾਰਾ ਬਾਬਾ ਜ਼ੋਰਾਵਰ ਸਿੰਘ	ਜ਼ੈਲ ਕਨਾਲੀ ਅਤੇ ਖਦਰਆਬਾਦ
੨੪੦	ਝੰਗ	ਝੰਗ	ਨਾਨਕ ਸਰ	ਗੁਰਦਵਾਰਾ ਨਾਨਕਸਰ	ਤਹਸੀਲ ਝੰਗ
੨੪੧	ਮੁਲਤਾਨ	ਮੁਲਤਾਨ	ਸ਼ੈਹਰਮੁਲਤਾਨ	ਧਰਮਸਾਲਾ ਭਾਈ ਦਿਆਲ ਜੀ	ਹਦੂਦ ਕਮੇਟੀ ਮੁਲਤਾਨ ਅਤੇ ਤਹਸੀਲ ਕਬੀਰ ਵਾਲਾ

ਦੂਸਰੀ ਫਰਦ

(ਵੇਖੋ ਦਫਾ ੧੦੭ ਏਸੇ ਐਕਟ ਦੀ)

ਨੰਬਰ	ਜ਼ਿਲਾ	ਹਲਕਾ ਪਟਵਾਰ	ਨਾਮ ਅਸਥਾਨ
੧	ਲਾਹੌਰ	ਲਾਹੌਰ ਸ਼ੈਹਰ	ਡੇਰਾ ਬਾਬਾ ਬੇਲਾ ਸਿੰਘ
੨	,,	ਲੰਮੇ ਜਗੀਰ	ਡੇਰਾ ਪੰਡਤ ਗੁਰਮੁਖ ਸਿੰਘ
੩	,,	ਲੁਧਰ	ਡੇਰਾ ਭਾਈ ਪਰਸ਼ੋਤਮ ਸਿੰਘ
੪	ਅਮ੍ਰਿਤਸਰ	ਅਮ੍ਰਿਤਸਰ	ਅਖਾੜਾ ਸੰਤੋਖ ਦਾਸ ਮਹੰਤ ਬ੍ਰਹਮ ਬੂਟਾ
੫	,,	,,	ਅਖਾੜਾ ਬਾਲਾ ਨੰਦ
੬	,,	,,	ਅਖਾੜਾ ਪ੍ਰੀਤਮ ਦਾਸ ਯਾ ਨਿਰਬਾਣ ਕਟਰਾ
੭	,,	,,	ਅਖਾੜਾ ਕਾਂਸੀ ਵਾਲਾ ਸੁਲਤਾਨ ਵਿੰਡ ਦਰਵਾਜ਼ੇ ਦੇ ਅੰਦਰ
੮	,,	,,	ਅਖਾੜਾ ਬੇਰੀ ਵਾਲਾ
੯	,,	,,	ਅਖਾੜਾ ਛਟੇ ਵਾਲਾ
੧੦	,,	,,	ਅਖਾੜਾ ਚਿਟਾ
੧੧	,,	,,	ਅਖਾੜਾ ਨਿਰਬਾਣ ਬਾਵਾ ਟੈਹਲਦਾਸ
੧੨	,,	,,	ਅਖਾੜਾ ਕੇਨਹੀ ਵਾਲਾ ਘਿਉ ਮੰਡੀ
੧੩	,,	,,	ਅਖਾੜਾ ਬਬੇਕਸਰ
੧੪	,,	,,	ਅਖਾੜਾ ਸੰਗਲਵਾਲਾ
੧੫	,,	,,	ਡੇਰਾ ਮਹੰਤ ਮਿਸਰਾ ਸਿੰਘ
੧੬	,,	,,	ਡੇਰਾ ਠਾਕਰਾਂ
੧੭	,,	,,	ਡੇਰਾ ਅੰਤਰਯਾਮੀਆਂ
੧੮	,,	,,	ਡੇਰਾ ਭਾਈ ਪਰਦੁਮਨ ਸਿੰਘ

ਨੰਬਰ	ਜ਼ਿਲਾ	ਹਲਕਾ ਪਟਵਾਰ	ਨਾਮ ਅਸਥਾਨ
੧੯	ਅੰਮ੍ਰਿਤਸਰ	ਅੰਮ੍ਰਿਤਸਰ	ਨਿਰਮਲ ਛੇਤਰ
੨੦	,,	,,	ਡੇਰਾ ਮਹੰਤ ਗੁਰਮੁਖ ਸਿੰਘ
੨੧	,,	,,	ਡੇਰਾ ਪੁਨਸ਼ੀਆਂ
੨੨	,,	,,	ਡੇਰਾ ਮਹੰਤ ਬਹਾਵਲ ਸਿੰਘ
੨੩	,,	,,	ਡੇਰਾ ਗਿਆਨੀ ਬਖਸ਼ੀਸ਼ ਸਿੰਘ
੨੪	,,	,,	ਡੇਰਾ ਮਹੰਤ ਬਸੰਤ ਸਿੰਘ
੨੫	,,	,,	ਡੇਰਾ ਬਾਬਾ ਬੁਧ ਸਿੰਘ
੨੬	,,	,,	ਡੇਰਾ ਸਾਂਈ ਲੋਕਰਾਮ ਸਿੰਘ
੨੭	,,	,,	ਡੇਰਾ ਵੜੀਆਂ ਵਾਲਾ
੨੮	,,	,,	ਡੇਰਾ ਭਾਈ ਜੋਗਾ ਸਿੰਘ
੨੯	,,	,,	ਡੇਰਾ ਭਾਈ ਸੇਵਾ ਸਿੰਘ
੩੦	,,	,,	ਧਰਮ ਸਾਲਾ ਮਾਈ ਸੁਰਸਤੀ
੩੧	,,	,,	ਡੇਰਾ ਚਾਟੀ ਵਾਲਾ
੩੨	,,	ਅਮ੍ਰਿਤਸਰਸ਼ੈਹਰ	ਧਰਮ ਸਾਲਾ ਬ੍ਰਹਮ ਹਜ਼ੂਰਾ ਸਾਮ੍ਹਣੇ ਅਖਾੜਾ ਬਾਲਾ ਨੰਦ
੩੩	,,	,,	ਧਰਮ ਸਾਲਾ ਬਾਵਾ ਰਤਨ ਹਰੀ
੩੪	,,	,,	ਧਰਮਸਾਲਾ ਬਾਬਾ ਮੇਲਾ ਰਾਮ
੩੫	,,	,,	ਧਰਮਸਾਲਾ ਬਾਬਾ ਹਰਿ ਦਾਸ
੩੬	,,	,,	ਡੇਰਾ ਗਿਆਨੀ ਬਬੇਕਾ ਸਿੰਘ
੩੭	,,	ਤਰਨਤਾਰਨ	ਡੇਰਾ ਭਾਈ ਤਾਰਾ ਸਿੰਘ
੩੮	ਗੁਰਦਾਸ ਪੁਰ	ਸ਼ੰਕਰ ਪੁਰ	ਡੇਰਾ ਸੰਤ ਮੋਹਣ ਸਿੰਘ
੩੯	,,	ਕਾਦੀਆਂ	ਡੇਰਾ ਸੰਤ ਨਿਹਾਲ ਸਿੰਘ
੪੦	,,	ਵਟਾਲਾ ਹਲਕਾ ਪਟਵਾਰ੨੧੧	ਡੇਰਾ ਬਾਗ ਬਾਵਾ ਸਰਨ ਦਾਸ
੪੧	ਸਿਆਲ ਕੋਟ	ਬਹਾਦਰ ਪੁਰਾ	ਸਾਧ ਅਖਰ ਸੁਖਰਾਮ ਦਾਸ,
੪੨	ਸ਼ੇਖੂ ਪੂਰਾ	ਵਰਨ	ਡੇਰਾ ਗੰਗਾ ਰਾਮ
੪੩	,,	ਮੀਰੋ ਵਾਲ	ਧਰਮਸਾਲ ਨਰਾਇਨ ਦਾਸ
੪੪	,,	ਸ਼ਾਹਦਰਾ	ਡੇਰਾ ਭਾਈ ਮਤਾਬ ਸਿੰਘ

ਨੰਬਰ	ਜ਼ਿਲਾ	ਹਲਕਾ ਪਟਵਾਰ	ਨਾਮ ਅਸਥਾਨ
੪੫	ਗੁਜਰਾਤ	ਮਾਂਗਟ	ਡੇਰਾ ਰੂਚਾ ਸਿੰਘ
੪੬	,,	,,	ਡੇਰਾ ਪਰਤਾਪ ਸਿੰਘ
੪੭	,,	ਸੁਹਾਵਾ ਬੁਲਾਨੀ	ਡੇਰਾ ਚਰਨ ਦਾਸ
੪੮	,,	ਫਲਵਟੀ ਟੰਨਣ ਨਾਊਥ ਡਿੰਗਾ	ਡੇਰਾ ਮਹੰਤ ਬਸ਼ੰਭਰ ਪ੍ਰਸਾਦਿ
੪੯	,,	ਸਰਾਏ ਆਲਮ ਗੀਰ	ਡੇਰਾ ਸਾਹਿਬਾਂ
੫੦	,,	ਡਿੰਗਾ	ਮੰਦਰ ਉਦਾਸੀਆਂ
੫੧	,,	ਮਰਾਲਾ	ਡੇਰਾ ਮਹੰਤ ਪਰੇਮ ਸਿੰਘ
੫੨	,,	ਸ਼ਾਦੀਵਾਲ	ਸਮਾਧੀ ਭਗਤ ਲੋੜੀਂਦਾ ਮਲ
੫੩	,,	ਨਵਾਂ ਨਜ਼ੂਲ	ਸਮਾਧੀ ਬਾਵਾ ਮਨਸਾ ਰਾਮ
੫੪	,,	,,	ਸਮਾਧੀ ਬਾਵਾ ਪਟਾ
੫੫	,,	ਭਖੜਵਾਲੀ	ਸਮਾਧੀ ਬਾਵਾ ਸੁੰਦਰ ਦਾਸ
੫੬	,,	ਜਲਾਲਪੁਰਜੱਟਾਂ	ਸਮਾਧੀ ਬਾਵਾ ਗੋਬਿੰਦ ਬਖਸ਼
੫੭	ਰਾਵਲਪਿੰਡੀ	,,	ਡੇਰਾ ਬਾਵਾ ਮੋਹਣ ਦਾਸ
੫੮	,,	ਰਾਵਲਪਿੰਡੀ ਸ਼ੈ:	ਦਰਬਾਰ ਨਿਰੰਕਾਰੀਆਂ
੫੯	,,	ਥੋਵਾ ਖਾਲਸਾ	ਦੁਖਭੰਜਨੀ ਯਾ ਡੇਰਾ ਭਾ: ਨਿਹਾਲਸਿੰਘ
੬੦	,,	,,	ਡੇਰਾ ਬਾਬਾ ਮਸਤਰਾਮ ਯਾ ਮਕਾਨ ਬਾਰਾਂਦਰੀ
੬੧	,,	ਗੰਜਮੰਡੀ ਰਾਵਲ ਪਿੰਡੀ ਸ਼ੈਹਰ	ਡੇਰਾ ਮਹੰਤ ਨੰਦ ਸਿੰਘ
੬੨	,,	ਸੁਖੋ	ਡੇਰਾ ਮਹੰਤ ਜਵਾਹਰ ਸਿੰਘ
੬੩	ਅਟਕ	ਸ਼ਕਰਦਰਾ	ਗੁਰਦਵਾਰਾ ਸ਼ਕਰਦਰਾ
੬੪	ਜੇਹਲਮ	ਮੰਗੂਵਾਲ	ਡੇਰਾ ਮਹੰਤ ਅਮਰ ਸਿੰਘ
੬੫	,,	ਮਹਲਚਾਹੀ	ਡੇਰਾ ਠਾਕਰਾਂ
੬੬	ਝੰਗ	ਮਘਿਆਨਾ	ਗੁਰਦਵਾਰਾ ਬਾਵਾ ਗੋਬਿੰਦ ਦਾਸ
੬੭	,,	,,	ਗੁਰਦਵਾਰਾ ਭਾਈ ਨੰਦ ਸਿੰਘ
੬੮	ਮਿੰਟਗੁਮਰੀ	ਭਜਨਗੜ੍ਹ	ਡੇਰਾ ਸੰਤ ਸਿੰਘ ਜੀ

ਨੰਬਰ	ਜ਼ਿਲਾ	ਹਲਕਾ ਪਟਵਾਰ	ਨਾਮ ਅਸਥਾਨ
੬੯	ਮੁਲਤਾਨ	ਸ਼ੈਹਰ ਮੁਲਤਾਨ ਤੂਫ ਜੁਮਾਖਾਲਸਾ	ਅਸਥਾਨ ਦਿਉਪੁਰਾ
੭੦	ਹੁਸ਼ਿਆਰਪੁਰ	ਬਹਾਦਰਪੁਰ	ਡੇਰਾ ਬਾਬਾ ਚਰਨਸ਼ਾਹ
੭੧	,,	ਡੱਫਰ	ਢੱਕੀ
੭੨	,,	ਖੱਦਾ	ਢੇਰਾ
੭੩	,,	ਟਾਂਡਾ	ਮਸਤਗੜ੍ਹ
੭੪	,,	ਟੂਟੋਮਜ਼ਾਰਾ	ਧਰਮਸਾਲਾ
੭੫	,,	ਮੇਲੀ	ਚੀਨੀ ਘਾਟੀ
੭੬	ਜਲੰਧਰ	ਅਲਾਵਲਪੁਰ	ਡੇਰਾ ਮਾਰੂਦਾਸ
੭੭	ਲੁਧਿਆਨਾ	ਭੈਣੀ	ਭੈਣੀ ਸਾਹਿਬ
੭੮	,,	ਬੜਾਂਚ	ਡੇਰਾ ਗੁਰਪ੍ਰਸਾਦਿ
੭੯	,,	ਗੋਰਾਹ	ਡੇਰਾ ਪੂਰਨਦਾਸ
੮੦	ਫੀਰੋਜ਼ਪੁਰ	ਸਮਾਧ ਭਾਈ	ਡੇਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਮੁਖ ਦਾਸ ਮੋਹਤਮਿਮ
੮੧	,,	ਘੋਲੀਆ ਖੁਰਦ	ਡੇਰਾ ਭਾਈ ਗੁਲਾਬ ਸਿੰਘ
੮੨	,,	ਨਥੂਵਾਲ	ਡੇਰਾ ਭਾਈ ਭਜਨ ਸਿੰਘ
੮੩	,,	ਦਾਉਧਰ	ਡੇਰਾ ਭਾਈ ਮੰਗਲ ਸਿੰਘ
੮੪	,,	ਰਾਨੀਯਾ	ਡੇਰਾ ਭਾਈ ਖਾਲਕ ਸਿੰਘ
੮੫	,,	ਮੁਕਤਸਰ	ਡੇਰਾ ਭਾਈ ਮਸਤਾਨ ਸਿੰਘ
੮੬	,,	ਹਰੀਕੇ ਵੱਡਾ	ਡੇਰਾ ਭਾਈ ਰਣ ਸਿੰਘ
੮੭	,,	ਸੇਖੂਵਾਂ	ਡੇਰਾ ਸੇਖੂਵਾਂ
੮੮	ਹਸਾਰ	ਰੋਹੜੀ	ਡੇਰਾ ਮਹੰਤ ਬਸ਼ੇਧਾਨੰਦ
੮੯	,,	ਕੇਵਲ	ਡੇਰਾ ਕੇਵਲ
੯੦	,,	ਕਲਾਂ ਵਾਲੀ	ਡੇਰਾ ਕਲਾਂ ਵਾਲੀ
੯੧	,,	ਤਖਤ ਮੱਲ	ਡੇਰਾ ਮਹੰਤ ਛੀਤਾਨੰਦ
੯੨	ਕਰਨਾਲ	ਸ਼ਾਹਆਬਾਦ	ਡੇਰਾ ਸਾਧ ਚਰਨਦਾਸ ਦੇਵੀਤਾਲ
੯੩	,,	ਥਾਨੇਸਰ	ਬੜਾ ਅਖਾੜਾ ਕੁਰੂਛੇਤ੍ਰ (ਕੁਲਖੇਤ੍ਰ)
੯੪	,,	,,	ਛੋਟਾ ਅਖਾੜਾ ਕੁਰੂਛੇਤ੍ਰ

ਨੰਬਰ	ਜ਼ਿਲਾ	ਹਲਕਾ ਪਟਵਾਰ	ਨਾਮ ਅਸਥਾਨ
੯੫	ਕਰਨਾਲ	ਥਾਨੇਸਰ	ਡੇਰਾ ਕੋਵੇਰ ਵਾਲਾ, ਮਸ਼ਹੂਰ ਡੇਰਾ ਮਹੰਤ ਸੰਪੂਰਨ ਸਿੰਘ
੯੬	,,	ਸਰਸਾਲਾ	ਡੇਰਾ ਸਾਧ ਚਰਨਦਾਸ
੯੭	,,	ਫਤੇਗੜ੍ਹ ਝੜੋਲੀ	ਡੇਰਾ ਫਤਹ ਗੜ੍ਹ ਝੜੋਲੀ
੯੮	,,	ਨਕਮਾਰੀ	ਡੇਰਾ ਬਿਸ਼ਨ ਦਾਸ ਸਾਧ
੯੯	,,	ਸਾਗਰੀ	ਡੇਰਾ ਅਸਥਾਨ ਰਾਮਕਿਸ਼ਨ ਸਾਧ
੧੦੦	,,	ਲਾਡਵਾ	ਡੇਰਾ ਬਾਵਾ ਪਰੇਮ ਦਾਸ
੧੦੧	,,	ਕਨੇਪਲਾ	ਡੇਰਾ ਸਾਧ ਜਮਨਾ ਦਾਸ
੧੦੨	,,	ਖੁਰਦਬਾਨ	ਡੇਰਾ ਉਦਾਸੀਆਂ
੧੦੩	,,	ਓਮਰੀ	ਡੇਰਾ ਉਦਾਸੀਆਂ
੧੦੪	,,	ਬਪਦੀ	ਡੇਰਾ ਹਰਨਾਮ ਦਾਸ ਸਾਧ
੧੦੫	,,	ਜੋਗੀ ਮਿਰਜ਼ਾ	ਡੇਰਾ ਸਾਧਨੀ
੧੦੬	,,	ਖੇੜਾ ਸੋਧ ਪੁਰ	ਡੇਰਾ ਸਾਧ ਲਛਮਨ ਦਾਸ
੧੦੭	,,	ਬਿਉਲੀ	ਡੇਰਾ ਸਾਧ ਮੋਹਨ ਦਾਸ
੧੦੮	,,	ਮੈਹਰਾ	ਡੇਰਾ ਸਾਧਨੀ
੧੦੯	,,	ਨਲਵੀ ਮੈਹਮਨ ਸਿੰਘ	ਡੇਰਾ ਨਿਰਮਲਾ ਸਿੰਘ
੧੧੦	,,	ਪਹੂਦਾਹ	ਡੇਰਾ ਮਹੰਤ ਚਰਨ ਦਾਸ ਮਸ਼ਹੂਰ (ਛੋਟਾ ਅਖਾੜਾ)
੧੧੧	,,	,,	ਡੇਰਾ ਮਹੰਤ ਦੇਵਾਦਾਸ, ਮਸ਼ਹੂਰ ਵਡਾ ਅਖਾੜਾ
੧੧੨	,,	,,	ਡੇਰਾ ਮਹੰਤ ਬੰਮਣ ਦਾਸ ਮਸ਼ਹੂਰ ਡੇਰਾ ਨਿਰਮਲਾ
੧੧੩	,,	ਅਰਨੋਲੀ	ਡੇਰਾ ਉਦਾਸੀਆਂ
੧੧੪	,,	,,	ਡੇਰਾ ਨਿਰਮਲਾ ਸਿਖਾਂ ਭਾਗਲ
੧੧੫	,,	ਸ਼ਾਮ ਗੜ੍ਹ	ਡੇਰਾ ਉਦਾਸੀਆਂ
੧੧੬	,,	ਫੜ੍ਹੇ ਗੜ੍ਹ	ਡੇਰਾ ਪਰੇਮ ਦਾਸ

ਤੀਸਰੀ ਫਰਦ

(ਵੇਖੋ ਦਫਾ ੩੫ ਏਸੇ ਐਕਟ ਦੀ)

ਦਫਾ	ਵੇਰਵਾ ਦਸਤਾਵੇਜ਼	ਮੁਨਾਸਬ ਫੀਸ
੩	ਉਸ ਜਾਇਦਾਦ ਦੀ ਫਰਿਸਤ ਜੋ ਫਰਦ ਵਿਚ ਦਰਜ ਹੋਏ ਹੋਏ ਗੁਰਦੁਵਾਰੇ ਦੀ ਮਲਕੀਯਤ ਦਸੀ ਜਾਵੇ	ਦਸ ਰੁਪਏ
੫	ਦਰਖਾਸਤ, ਦਾਵਾ ਵਾਸਤੇ ਜਾਇਦਾਦ ਦੇ ਜੇਹੜੀ ਕੇ ਇਕ ਪੂਰੀ ਫਰਿਸਤ ਵਿਚ ਦਰਜ ਹੋਵੇ	ਪੰਜ ਰੁਪਏ
੬	ਕਿਸੇ ਗੁਰਦੁਵਾਰੇ ਦੇ ਜੱਦੀ (ਮੌਰੂਸੀ) ਉਹਦੇਦਾਰ ਯਾ ਉਸ ਦੇ ਚੇਲੇ ਵਲੋਂ ਗੁਜ਼ਾਰੇ (ਮੁਆਵਜ਼ੇ) ਸੰਬੰਧੀ ਦਾਵਾ	ਪੰਜ ਰੁਪਏ
੭	ਕਿਸੇ ਗੁਰਦੁਵਾਰੇ ਨੂੰ ਸਿਖਾਂ ਦਾ ਗੁਰਦੁਵਾਰਾ ਮੰਨੇ ਜਾਨ ਸੰਬੰਧੀ ਦਰਖਾਸਤ	ਦਸ ਰੁਪਏ
੮	ਕਿਸੇ ਗੁਰਦੁਵਾਰੇ ਨੂੰ ਸਿਖਾਂ ਦਾ ਗੁਰਦੁਵਾਰਾ ਨਾ ਮੰਨੇ ਜਾਨ ਸੰਬੰਧੀ ਦਰਖਾਸਤ	ਦਸ ਰੁਪਏ
੧੦	ਦਰਖਾਸਤ ਦਾਵਾ ਵਾਸਤੇ ਜਾਇਦਾਦ ਜੇਹੜੀ ਇਕ ਐਸੀ ਫਰਿਸਤ ਵਿਚ ਹੋਵੇ ਜੇਹੜੀ ਦਫਾ ੭ ਅਨੁਸਾਰ ਛਾਪੀ ਗਈ ਹੋਵੇ	ਪੰਜ ਰੁਪਏ
੧੧	ਦਫਾ ੭ ਹੇਠ ਮੁਸ਼ਤਹਿਰ ਗੁਰਦੁਵਾਰੇ ਦੇ ਮਹੰਤ ਵਲੋਂ ਯਾ ਉਸਦੇ ਚੇਲੇ ਵਲੋਂ ਮੁਆਵਜ਼ੇ (ਗੁਜ਼ਾਰੇ) ਸੰਬੰਧੀ ਦਰਖਾਸਤ	ਪੰਜ ਰੁਪਏ
੧੯	ਦਰਖਾਸਤ ਏਸ ਗਲ ਦੀ ਕਿ ਕਿਸੇ ਸਮਝੌਤੇ ਉਤੇ ਖਾਸ ਅਦਾਲਤ ਸੋਚੇ	ਪੰਜ ਰੁਪਏ
੨੦	ਉਸ ਮਹੰਤ ਵਲੋਂ ਜਿਨ ਅਸਤੀਫਾ ਦੇ ਦਿਤਾ ਹੋਵੇ ਯਾ ਜਿਸਨੂੰ ਮੌਕੂਫ ਕਰ ਦਿਤਾ ਹੋਵੇ ਯਾ ਉਸਦੇ ਚੇਲੇ ਵਲੋਂ ਗੁਜ਼ਾਰੇ (ਮੁਆਵਜ਼ੇ) ਦਾ ਦਾਵਾ	ਪੰਜ ਰੁਪਏ
੨੧	ਉਸ ਪੁਰਸ਼ ਵੱਲੋਂ ਗੁਜ਼ਾਰੇ (ਮੁਆਵਜ਼ੇ) ਦਾ ਦਾਵਾ ਜੇਹੜਾ ਏਹ ਆਖੇ ਕਿ ਉਸਨੂੰ ਉਹਦੇਦਾਰ ਨੀਯਤ ਕਰਨ ਦਾ ਅਧਿਕਾਰ ਹੈ	ਪੰਜ ਰੁਪਏ
੨੬	ਦਰਖਾਸਤ ਏਸ ਕਿਸਮ ਦੀ ਮਾਲ ਦੇ ਕਾਗਜ਼ਾਂ ਵਿਚ ਅੰਦਰਾਜ਼ ਕੀਤਾ ਜਾਵੇ	ਅਠ ਆਨੇ

ਦਫਾ	ਵੇਰਵਾ ਦਸਤਾਵੇਜ਼	ਮੁਨਾਸਬ ਫੀਸ
੨੭	ਏਸ ਗੱਲ ਦਾ ਫੈਸਲਾ ਕਰਾਨ ਦੀ ਦਰਖਾਸਤ ਕਿ ਅਰਪਨ ਕੀਤੀ ਹੋਈ ਜਾਇਦਾਦ ਆਦਿਕ ਦਾ ਕੌਨ ਪੁਰਸ਼ ਪ੍ਰਬੰਧ ਕਰੇਗਾ	ਪੰਜ ਰੁਪਏ
੩੪	ਖਾਸ ਅਦਾਲਤ ਦੇ ਹੁਕਮ ਦੇ ਵਿਰੁਧ ਹਾਈ ਕੋਰਟ ਵਿਚ ਅਪੀਲ	ਦਸ ਰੁਪਏ
੩੮	ਏਸ ਕਿਸਮ ਦੀ ਨਾਲਸ਼ ਕਰਵਾਨ ਵਾਸਤੇ ਕਿ ਤੀਸਰੇ ਭਾਗ ਦੇ ਹੁਕਮ ਕਿਸੇ ਗੁਰਦੁਵਾਰੇ ਉਤੇ ਲਾਏ ਜਾਨ	ਦਸ ਰੁਪਏ
੮੪	ਕਮੀਸ਼ਨ ਪਾਸ ਦਰਖਾਸਤ ਏਸ ਗੱਲ ਦਾ ਫੈਸਲਾ ਕਰਾਨ ਵਾਸਤੇ ਕਿ ਕੋਈ ਪੁਰਸ਼ ਪਤਿਤ ਹੈ	ਪੰਜ ਰੁਪਏ
੧੦੬(੩)	ਏਹ ਫੈਸਲਾ ਲੈਨ ਵਾਸਤੇ ਕਿ ਕਿਸੇ ਸਿਖ ਗੁਰਦਵਾਰੇ ਦੀ ਫਾਲਤੂ ਆਮਦਨੀ ਨੂੰ ਕਿਸਤਰਾਂ ਖਰਚਿਆ ਜਾਵੇ ਬੋਰਡ ਵਲੋਂ ਕਮੀਸ਼ਨ ਪਾਸ ਦਰਖਾਸਤ	ਪੰਜ ਰੁਪਏ
੧੦੬(੫)	ਬੋਰਡ ਯਾ ਕਮੇਟੀ ਵਲੋਂ ਹਾਈ ਕੋਰਟ ਵਿਚ ਅਪੀਲ	ਦਸ ਰੁਪਏ
੧੨੩(੩)	ਕਮੇਟੀ ਦੇ ਬਜਟ ਵਿਚ ਤਬਦੀਲੀ ਕਰਾਨ ਵਾਸਤੇ ਬੋਰਡ ਵਲੋਂ ਕਮੀਸ਼ਨ ਪਾਸ ਦਰਖਾਸਤ	ਪੰਜ ਰੁਪਏ
੧੨੪	ਸਾਲਾਨਾ ਰਕਮ ਦੀ ਵਸੂਲੀ ਵਾਸਤੇ ਕਮੇਟੀ ਦੇ ਵਿਰੁਧ ਹੁਕਮ ਲੈਨ ਵਾਸਤੇ ਕਮੀਸ਼ਨ ਪਾਸ ਦਰਖਾਸਤ	ਇਕ ਰੁਪਯਾ
੧੩੧ (੨,੪)	ਪ੍ਰਬੰਧਕ ਸਕੀਮ ਸੰਬੰਧੀ ਕਮੀਸ਼ਨ ਪਾਸ ਦਰਖਾਸਤ	ਪੰਜ ਰੁਪਏ
੧੩੫(੩)	ਮੁਅਤਲੀ ਯਾ ਮੌਕੂਫੀ ਦੇ ਹੁਕਮ ਦੇ ਵਿਰੁਧ ਮੌਰੂਸੀ ਔਹਦੇਦਾਰ ਵਲੋਂ ਕਮੀਸ਼ਨ ਵਿਚ ਅਪੀਲ	ਪੰਜ ਰੁਪਏ
੧੩੫(੩)	ਹਾਈ ਕੋਰਟ ਵਿਚ ਅਪੀਲ	ਦਸ ਰੁਪਏ
੧੩੫(੬)	ਮੌਰੂਸੀ ਔਹਦੇਦਾਰ ਦੀ ਮੌਕੂਫੀ ਦਾ ਹੁਕਮ ਹਾਸਲ ਕਰਨ ਵਾਸਤੇ ਬੋਰਡ ਵਲੋਂ ਕਮਿਸ਼ਨ ਪਾਸ ਦਰਖਾਸਤ	ਪੰਜ ਰੁਪਏ
੧੩੫(੮)	ਹਾਈ ਕੋਰਟ ਵਿਚ ਅਪੀਲ	ਦਸ ਰੁਪਏ
੧੪੨ (੧, ੨)	ਨਾਮੁਨਾਸਬ ਕਾਰਰਵਾਈ ਆਦਕ ਦੇ ਵਿਰੁਧ ਦਾਦਰਸੀ ਵਾਸਤੇ ਕਮੀਸ਼ਨ ਪਾਸ ਦਰਖਾਸਤ	ਦਸ ਰੁਪਏ
੧੪੨(੩)	ਹਾਈ ਕੋਰਟ ਵਿਚ ਅਪੀਲ	ਪੰਜੀ ਰੁਪਏ
	ਹੋਰ ਹਰ ਪਰਕਾਰ ਦੀਆਂ ਦਰਖਾਸਤਾਂ ਏਸ ਕਨੂਨ ਹੇਠ	ਇਕ ਰੁਪਯਾ

ਚੌਥੀ ਫਰਦ

(ਦੇਖੋ ਦਫਾ ੪੪ ਏਸੇ ਐਕਟ ਦੀ)

ਜ਼ਿਲਾ ਚੋਣ ਦੇ ਹਲਕੇ	ਮੈਂਬਰਾ ਦੀ ਗਿਣਤੀ
ਹਿਸਾਰ	੩
ਕਰਨਾਲ, ਰੁਹਤਕ ਅਤੇ ਗੁੜਗਾਓਂ ਦੇ ਜ਼ਿਲੇ	੧
ਅੰਬਾਲਾ ਅਤੇ ਸ਼ਿਮਲਾ	੫
ਹੁਸ਼ਿਆਰ ਪੁਰ ਅਤੇ ਕਾਂਗੜੇ ਦੇ ਜ਼ਿਲੇ	੭
ਜਲੰਧਰ	੧੧
ਲੁਧਿਆਨਾ	੧੨
ਫੀਰੋਜ਼ ਪੁਰ	੧੫
ਲਾਹੌਰ	੯
ਅੰਮ੍ਰਤਸਰ	੧੫
ਗੁਰਦਾਸ ਪੁਰ	੭
ਸਿਆਲ ਕੋਟ	੪
ਗੁਜਰਾਂ ਵਾਲਾ	੩
ਸ਼ੇਖੂ ਪੁਰਾ	੪
ਗੁਜਰਾਤ	੨
ਸ਼ਾਹਪੁਰ	੨
ਜੇਹਲਮ	੧
ਰਾਵਲ ਪਿੰਡੀ	੨
ਮੀਆਂਵਾਲੀ ਅਤੇ ਅਟਕ ਦੇ ਜ਼ਿਲੇ	੧
ਮਿੰਟਗੁਮਰੀ	੫
ਲਾਇਲਪੁਰ	੮
ਝੰਗ	੧
ਮੁਲਤਾਨ	੧
ਮੁਜ਼ਫਰਗੜ੍ਹ ਅਤੇ ਡੇਰਾ ਗਾਜ਼ੀ ਖਾਂ	੧

ਦਸਖਤ—ਜੇ, ਕੋਲਡ੍ਰ ਸਟ੍ਰੀਮ ਸੈਕ੍ਰੇਟਰੀ (ਪੰਜਾਬ)